Digitized by Arya Samaj Foundation Chennai and eGangotri

ਸਭਿਆਚਾਰਕ ਮਾਨਵ ਵਿਗਿਆਨ

ਡਾ. ਜਗਦੀਸ਼ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATIC...

8129
गुरुकुल कांगड़ी विश्वविद्यालय

Forwarded free of Cost, and with the
Compliments of Deptt of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰਕ ਮਾਨਵ ਵਿਗਿਆਨ

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਕੁਝ ਹੋਰ ਪੁਸਤਕਾਂ.

ਸੁਜਾਨ ਸਿੰਘ ਬਾਰੇ
ਪੰਜਾਬੀ ਗੱਦ ਸ਼ਿਰੋਮਣੀ
ਮਾਨਵਤਾ ਦਾ ਪ੍ਰਤੀਕ : ਬਾਬਾ ਫ਼ਰੀਦ (ਸੰਪਾਦਿਤ)
ਸਾਹਿਤ, ਸਭਿਆਚਾਰ ਅਤੇ ਪੰਜਾਬ
ਰਾਣਾ ਸੂਰਤ ਸਿੰਘ ਦਾ ਰਚਨਾਤਮਕ ਵਿਵੇਕ
ਆਧੁਨਿਕ ਪੰਜਾਬੀ ਕਾਵਿ ਅਤੇ ਭਾਈ ਵੀਰ ਸਿੰਘ
ਦਲੀਪ ਕੌਰ ਟਿਵਾਣਾ ਦੀ ਗਲਪ ਚੇਤਨਾ
ਭਾਈ ਵੀਰ ਸਿੰਘ ਦਾ ਕਾਵਿ ਲੋਕ
ਤੇਜਾ ਸਿੰਘ ਸਾਬਰ : ਜੀਵਨ ਤੇ ਰਚਨਾ
ਗੋਲਡੋਨੀ ਦੇ ਪ੍ਰਤੀਨਿਧ ਨਾਟਕ (ਅਨੁਵਾਦ)
ਪੱਛਮੀ ਆਲੋਚਨਾ : ਸਿਧਾਂਤ ਤੇ ਸੰਦਰਭ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰਕ ਮਾਨਵ ਵਿਗਿਆਨ

Forwarded free of Cost, and with the Compliments of Deptt of Education, Govt. of India, New Delhi.

8129

ਬ੍ਰਹਮਜਗਦੀਸ਼ ਸਿੰਘ

ਵਾਰਿਸ ਸ਼ਾਹ ਫ਼ਾਉਂਡੇਸ਼ਨ
ਅਮ੍ਰਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

SABHIACHARAK MANV VIGYAN
(Cultural Anthropology)
by
Prof. Brahm Jagdish Singh

1993

ਮੁੱਲ : 75 ਰੁਪਏ

ਪ੍ਰਕਾਸ਼ਕ
ਵਾਰਿਸ਼ ਸਾਹ ਫਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾਕ. ਖਾਲਸਾ ਕਾਲਜ
ਅੰਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਵਿੰਦਰ ਰਵੀ, ਰਣਧੀਰ ਸਿੰਘ ਚੰਦ
ਅਤੇ
ਕੁਲਬੀਰ ਸਿੰਘ ਕਾਂਗ ਦੇ ਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੰਨਵਾਦ

o ਉਨ੍ਹਾਂ ਸਭ ਲੇਖਕਾਂ ਦਾ ਜਿਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਮੈਨੂੰ ਸਭਿਆਚਾਰਕ ਮਾਨਵ ਵਿਗਿਆਨ ਬਾਰੇ ਬੋਧ ਪ੍ਰਾਪਤ ਹੋਇਆ ਅਤੇ ਜਿਨ੍ਹਾਂ ਦੀਆਂ ਟੂਕਾਂ ਨੂੰ ਮੈਂ ਹਵਾਲੇ ਵਜੋਂ ਵਰਤਿਆ;

o ਬ੍ਰਿਜਿੰਦਰ ਕਾਲਜ ਫ਼ਰੀਦਕੋਟ ਵਿਖੇ ਪੜ੍ਹਾ ਰਹੇ ਆਪਣੇ ਸਹਿਯੋਗੀ ਸਾਥੀਆਂ ਅਤੇ ਪ੍ਰਿੰਸੀਪਲ ਸਰਦਾਰ ਮੁਖਤਿਆਰ ਸਿੰਘ ਦਾ;

o ਡਾ. ਬਿਕਰਮ ਸਿੰਘ ਘੁੰਮਣ, ਡਾ. ਦਲਜੀਤ ਸਿੰਘ, ਡਾ. ਸ.ਪ ਸਿੰਘ, ਡਾ. ਰਣਜੀਤ ਸਿੰਘ ਬਾਜਵਾ, ਡਾ. ਮਿਸਿਜ਼ ਇਕਬਾਲ ਕੌਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਨਾਲ ਜੁੜੇ ਹੋਰ ਅਧਿਆਪਕਾਂ ਦਾ ਜਿਨ੍ਹਾਂ ਦੇ ਸੱਦੇ ਤੇ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਆਪਣੇ ਪਰਚੇ ਪੇਸ਼ ਕੀਤੇ;

o ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲਾਲੀ ਸਿੱਧੂ, ਪਰਮ ਬਖਸ਼ੀਸ਼ ਸਿੰਘ ਅਤੇ ਸਤੀਸ਼ ਵਰਮਾ ਦਾ;

o ਸਭ ਤੋਂ ਵੱਧ ਆਪਣੀ ਪਤਨੀ ਪ੍ਰੋ. ਰਾਜਬੀਰ ਕੌਰ ਅਤੇ ਬੇਟੀ ਸ਼ੈਰੀ ਸਿੰਘ ਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the
Compliments of Deptt. of Education
Govt. of India, New Delhi

ਤਤਕਰਾ

ਧੰਨਵਾਦ 6

ਇਕਬਾਲੀਆ ਬਿਆਨ 8

1. ਸਭਿਆਚਾਰਕ ਮਾਨਵ ਵਿਗਿਆਨ : ਮੂਲ ਅਤੇ ਮਹੱਤਵ 9
2. ਸਭਿਆਚਾਰ ਦੇ ਧਰਾਤਲ 16
3. ਸਭਿਆਚਾਰ ਦੇ ਮੁੱਖ ਅੰਗ 29
4. ਸਭਿਆਚਾਰ ਅਤੇ ਪਰਿਵਰਤਨ 39
5. ਸਭਿਆਚਾਰ ਅਤੇ ਲੋਕਯਾਨ 53
6. ਸੁਹਜ ਸ਼ਾਸਤ੍ਰ ਤੇ ਸਮਾਜ-ਸਭਿਆਚਾਰਕ ਇਤਿਹਾਸ 62
7. ਪੰਜਾਬੀ ਸਭਿਆਚਾਰ : ਇਕ ਇਤਿਹਾਸਕ-ਸਾਹਿਤਕ ਵਿਸ਼ਲੇਸ਼ਣ 72
8. ਪੰਜਾਬੀ ਦੇ ਰਸਮ ਰਿਵਾਜ : ਵਿਹਾਰਕ ਪਾਠ 82
9. ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਰੂੜ੍ਹੀਆਂ : ਕਿੱਸਾ ਕਾਵਿ ਵਿਚ ਇਸ਼ਕ ਤੇ ਮੌਤ ਦਾ ਸੰਕਲਪ 90
10. ਕਾਦਰਯਾਰ ਕ੍ਰਿਤ ਕਿੱਸਾ ਪੂਰਨ ਭਗਤ ਦਾ ਸਭਿਆਚਾਰਕ ਵਿਸ਼ਲੇਸ਼ਣ 100
11. ਪੰਜਾਬੀ ਸਭਿਆਚਾਰ ਦੇ ਨਿਰਮਾਣ ਵਿਚ ਗੁਰੂ ਗੋਬਿੰਦ ਸਿੰਘ ਦਾ ਯੋਗਦਾਨ 112

ਸਹਾਇਕ ਪੁਸਤਕਾਵਲੀ 121

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕਬਾਲੀਆ ਬਿਆਨ

ਹੱਥਲੀ ਪੁਸਤਕ, ਸਭਿਆਚਾਰਕ ਮਾਨਵ ਵਿਗਿਆਨ ਵਰਗੇ ਨਵੇਂ ਅਨੁਸ਼ਾਸਨ ਦਾ ਪਰਿਚਯ ਦੇਣ ਵਾਲੀ ਇਕ ਮੁੱਢਲੀ ਪੁਸਤਕ ਹੈ। ਇਹ ਇਕ ਸ਼ੁਰੂਆਤ ਹੈ, ਸਮਾਪਤੀ ਨਹੀਂ। ਪ੍ਰਯਤਨ ਹੈ, ਪ੍ਰਾਪਤੀ ਨਹੀਂ।

ਪੰਜਾਬੀ ਵਿਚ ਉਚੇਰੇ ਗਿਆਨ-ਵਿਗਿਆਨ ਦੇ ਪ੍ਰਗਟਾਵੇ ਲਈ ਪਰਿਭਾਸ਼ਿਕ ਸ਼ਬਦਾਵਲੀ ਦਾ ਅਜੇ ਕੋਈ ਠੁੱਕ ਨਹੀਂ ਬੱਝਾ। ਇਸ ਲਈ ਕਈ ਵਾਰ ਇਕ ਹੀ ਸੰਕਲਪ ਦੇ ਪ੍ਰਗਟਾਵੇ ਲਈ ਇਕ ਦੋ ਵੱਧ ਸ਼ਬਦ ਵੀ ਵਰਤ ਲਏ ਗਏ ਹਨ। ਇਸ ਵਿਸ਼ਵਾਸ ਨਾਲ ਕਿ ਜਿਹੜਾ ਵੀ ਸ਼ਬਦ ਵਧੇਰੇ ਸਮਰੱਥਾਵਾਨ ਹੋਵੇਗਾ। ਉਹ ਆਪਣੇ ਆਪ ਦੂਜੇ ਨੂੰ ਪਰੇ ਹਟਾ ਦੇਵੇਗਾ।

ਸਭਿਆਚਾਰ ਨਾਲ ਸੰਬੰਧਿਤ ਕਿਸੇ ਵੀ ਸੰਕਲਪ ਦੀ ਵਿਆਖਿਆ ਕਰਨ ਸਮੇਂ ਅਕਸਰ ਵੇਖਿਆ ਗਿਆ ਹੈ ਕਿ ਇਕ ਸੰਕਲਪ ਦੇ ਨਾਲ ਹੀ ਦੂਜੇ ਸੰਕਲਪਾਂ ਬਾਰੇ ਵੀ ਗੱਲ ਕਰਨੀ ਜ਼ਰੂਰੀ ਹੋ ਜਾਂਦੀ ਹੈ, ਇਸ ਲਈ ਇਸ ਪੁਸਤਕ ਵਿਚ ਕੁਝ ਦੁਹਰਾਉ ਵੀ ਆ ਗਿਆ ਹੈ ਜਿਸ ਤੋਂ ਸ਼ਾਇਦ ਬਚਿਆ ਨਹੀਂ ਸੀ ਜਾ ਸਕਦਾ। ਖਿਮਾਂ !

ਸੁਤੰਤਰਤਾ ਦਿਵਸ, 1990 ਬ੍ਰਹਮਜਗਦੀਸ਼ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰਕ ਮਾਨਵ ਵਿਗਿਆਨ : ਮੂਲ ਅਤੇ ਮਹੱਤਵ

ਜਦ ਤੋਂ ਵਿਅਕਤੀ ਇਸ ਧਰਤੀ ਤੇ ਆਇਆ ਹੈ ਉਹ ਸੋਚਦਾ ਆਇਆ ਹੈ ਕਿ ਉਹ ਕੌਣ ਹੈ, ਕਿਥੋਂ ਆਇਆ ਹੈ ਅਤੇ ਕਿਉਂ ਆਇਆ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਬਹੁਤ ਸਾਰਾ ਮਨੁੱਖੀ ਇਤਿਹਾਸ ਇਨ੍ਹਾਂ ਸਵਾਲਾਂ ਦੇ ਜਵਾਬ ਢੂੰਢਣ ਦਾ ਹੀ ਪਰਿਣਾਮ ਹੈ। ਆਪਣੇ ਗਿਆਨ ਅਤੇ ਤਕਨਾਲੋਜੀ ਦੀਆਂ ਸੀਮਾਵਾਂ ਵਿਚ ਘਿਰਿਆ ਮਨੁੱਖ ਆਪਣੇ ਵਿਵਹਾਰ ਅਤੇ ਆਲੇ ਦੁਆਲੇ ਬਾਰੇ ਸਮੁੱਚੀ ਅਤੇ ਵਿਸ਼ਵਾਸਯੋਗ ਸਾਮਗਰੀ ਨਾ ਜੁਟਾ ਸਕਿਆ। ਇਸੇ ਲਈ ਉਸ ਨੂੰ ਮਿਥਿਹਾਸ ਅਤੇ ਲੋਕਯਾਨ ਦਾ ਸਹਾਰਾ ਲੈਣਾ ਪਿਆ। ਮਾਨਵ ਵਿਗਿਆਨ (Anthropology), ਪਿਛਲੇ ਦੋ ਕੁ ਸੌ ਵਰ੍ਹਿਆਂ ਤੋਂ ਮਨੁੱਖ ਦੇ ਇਨ੍ਹਾਂ ਮੂਲ ਸਵਾਲਾਂ ਦੇ ਜਵਾਬ, ਵਿਗਿਆਨ ਵਿਧੀ ਦੁਆਰਾ ਢੂੰਡਣ ਦਾ ਪ੍ਰਯਤਨ ਕਰ ਰਿਹਾ ਹੈ।

ਸਾਧਾਰਣ ਸ਼ਬਦਾਂ ਵਿਚ ਮਾਨਵ ਵਿਗਿਆਨ, ਮਾਨਵ ਅਤੇ ਉਸ ਦੇ ਸਭਿਆਚਾਰ ਦਾ ਅਧਿਐਨ ਹੈ। ਮਾਨਵ ਵਿਗਿਆਨੀ, ਕਿਸੇ ਜੀਵ ਵਿਗਿਆਨੀ (Zoologit) ਜਾਂ ਬਨਸਪਤੀ ਵਿਗਿਆਨੀ (Botanist) ਦੇ ਵਿਪਰੀਤ ਕੇਵਲ ਇਕ ਹੀ ਜਾਤੀ ਦੇ ਅਧਿਐਨ ਨਾਲ ਆਪਣਾ ਸਰੋਕਾਰ ਰੱਖਦਾ ਹੈ ਅਤੇ ਉਹ ਜਾਤੀ ਹੈ—ਹੋਮੋ ਸੈਪੀਅਨ ਅਰਥਾਤ ਮਾਨਵ ਅਤੇ ਉਸਦੇ ਪੂਰਵਜ। ਕਿਉਂਕਿ ਇਕ ਮਾਨਵ ਵਿਗਿਆਨੀ ਆਪ ਉਸੇ ਜਾਤੀ ਦਾ ਇਕ ਮੈਂਬਰ ਹੈ ਜਿਸ ਦਾ ਕਿ ਉਹ ਅਧਿਐਨ ਕਰ ਰਿਹਾ ਹੈ, ਇਸ ਲਈ ਕਈ ਵਾਰ ਉਸ ਲਈ ਉਤਨੀ ਵਸਤੂਮੁਖਤਾ ਨੂੰ ਬਰਕਰਾਰ ਰੱਖਣਾ ਕਠਿਨ ਹੋ ਜਾਂਦਾ ਹੈ ਜਿਤਨੀ ਇਕ ਬਨਸਪਤੀ ਵਿਗਿਆਨੀ ਰੱਖ ਸਕਦਾ ਹੈ ਤਾਂ ਵੀ ਮਾਨਵ ਵਿਗਿਆਨੀ ਪੂਰਾ ਪ੍ਰਯਤਨ ਕਰਦਾ ਹੈ ਕਿ ਵਸਤੂਮੁਖਤਾ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਬਣਾਈ ਰੱਖਿਆ ਜਾਵੇ। ਉਸਦਾ ਪ੍ਰਯੋਜਨ ਇਹੀ ਰਹਿੰਦਾ ਹੈ ਕਿ ਮਨੁੱਖੀ ਅਨੇਕਤਾ ਦੀ ਯਥਾਰਥਕ ਅਤੇ ਬਿਨਾਂ ਕਿਸੇ ਪੂਰਵਾਗ੍ਰਹਿ ਦੀ ਸਹੀ ਸਹੀ ਸੋਝੀ ਪ੍ਰਾਪਤ ਕੀਤੀ ਜਾਵੇ।

ਆਪਣੀ ਆਧੁਨਿਕ ਸ਼ਕਲ ਸੂਰਤ ਵਿਚ ਮਾਨਵ ਵਿਗਿਆਨ ਦਾ ਅਨੁਸ਼ਾਸਨ ਅਜੇ ਨਵਾਂ ਹੀ ਹੈ। ਜੇ ਮਨੁੱਖ ਮੁੱਢ ਤੋਂ ਹੀ ਆਪਣੇ ਅਤੇ ਆਪਣੇ ਅਸਲੇ ਬਾਰੇ ਸੋਚਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਇਆ ਹੈ ਤਾਂ ਮਾਨਵ ਵਿਗਿਆਨ ਵਰਗਾ ਵਿਗਿਆਨਕ ਅਨੁਸ਼ਾਸਨ ਇਤਨੀ ਦੇਰ ਨਾਲ ਕਿਉਂ ਸ਼ੁਰੂ ਹੋਇਆ ? ਇਸ ਸਵਾਲ ਦਾ ਜਵਾਬ ਮਨੁੱਖੀ ਇਤਿਹਾਸ ਜਿਤਨਾ ਹੀ ਗੁੰਝਲਦਾਰ ਹੈ। ਕਿਸੇ ਹੱਦ ਤੱਕ ਮਾਨਵ ਵਿਗਿਆਨ ਦੇ ਧੀਮੇ ਵਿਕਾਸ ਦਾ ਕਾਰਨ ਮਨੁੱਖ ਦੀਆਂ ਤਕਨਾਲੋਜੀ ਸੀਮਾਵਾਂ ਰਹੀਆਂ ਹਨ। ਆਪਣੇ ਇਤਿਹਾਸ ਦੀ ਇਕ ਲੰਬੀ ਅਵਧੀ ਤੱਕ ਮਨੁੱਖ ਆਪਣੀਆਂ ਭੂਗੋਲਿਕ ਗਤੀਵਿਧੀਆਂ ਵਿਚ ਕਾਫ਼ੀ ਸੀਮਿਤ ਰਿਹਾ ਹੈ। ਦੁਨੀਆਂ ਦੇ ਦੂਰ-ਦੁਰਾਡੇ ਹਿੱਸਿਆਂ ਤੱਕ ਆਵਾਜਾਈ ਦੇ ਕਿਸੇ ਯੋਗ ਸਾਧਨ ਦੀ ਅਣਹੋਂਦ ਕਾਰਨ ਮਨੁੱਖ ਵਾਸਤੇ ਦੂਜੇ ਸਭਿਆਚਾਰਾਂ ਦਾ ਨਿਰੀਖਣ ਅਤੇ ਅਧਿਐਨ ਕਰਨਾ ਲਗਪਗ ਅਸੰਭਵ ਹੀ ਸੀ। ਦੂਜੇ ਸਭਿਆਚਾਰਾਂ ਦਾ ਅਧਿਐਨ ਉਤਨੀ ਦੇਰ ਤੱਕ ਪ੍ਰਫੁਲਿਤ ਨਹੀਂ ਸੀ ਹੋ ਸਕਦਾ ਜਿਤਨੀ ਦੇਰ ਤੱਕ ਆਵਾਜਾਈ ਅਤੇ ਸੰਚਾਰ ਦੇ ਵਸੀਲੇ ਵਿਕਸਿਤ ਨਹੀਂ ਸਨ ਹੋ ਜਾਂਦੇ।

ਮਾਨਵ ਵਿਗਿਆਨ ਦੇ ਧੀਮੇ ਵਿਕਾਸ ਦਾ ਇਕ ਹੋਰ ਪ੍ਰਮੁੱਖ ਕਾਰਨ ਯੂਰਪੀ ਵਿਅਕਤੀ ਦਾ ਇਸ ਤੱਥ ਨੂੰ ਨਾ ਸਮਝ ਸਕਣਾ ਸੀ ਕਿ ਮਨੁੱਖਤਾ ਸਰਬ-ਸਾਂਝੀ ਹੈ ਅਤੇ ਉਸਦਾ ਯੂਰਪੀ ਸਭਿਆਚਾਰ ਦੂਜਿਆਂ ਨਾਲੋਂ ਉਚੇਰਾ ਜਾਂ ਚੰਗੇਰਾ ਨਹੀਂ ਹੈ। ਪਰੰਤੂ ਯੂਰਪੀ ਵਿਅਕਤੀ ਦਾ ਵਿਚਾਰ ਬੜੀ ਦੇਰ ਤੱਕ ਇਹੀ ਬਣਿਆ ਰਿਹਾ ਹੈ ਕਿ ਉਹ ਸਮਾਜ ਜਿਨ੍ਹਾਂ ਦੇ ਸਭਿਆਚਾਰਕ ਮੁੱਲ ਕੁਝ ਵੱਖਰੇ ਹਨ, ਉਹ 'ਜੰਗਲੀ' ਜਾਂ 'ਅਸੱਭਯ' ਹਨ। ਉਨ੍ਹੀਵੀਂ ਸਦੀ ਤਕ ਪਹੁੰਚ ਕੇ ਹੀ ਯੂਰਪਵਾਸੀਆਂ ਨੂੰ ਇਸ ਗੱਲ ਦਾ ਬੋਧ ਪ੍ਰਾਪਤ ਹੋਇਆ ਕਿ ਵਿਦੇਸ਼ੀ ਲੋਕਾਂ ਦਾ ਅਜੀਬ ਵਿਵਹਾਰ ਵੀ ਉਨ੍ਹਾਂ ਦੀ ਸ੍ਵੈਪਹਿਚਾਣ ਵਾਸਤੇ ਪੂਰੀ ਤਰ੍ਹਾਂ ਪ੍ਰਾਸੰਗਿਕ ਹੈ। ਇਸੇ ਸਮੇਂ ਇਹ ਵੀ ਸਿੱਧ ਹੋ ਗਿਆ ਕਿ ਕਥਿਤ 'ਜੰਗਲੀ' ਲੋਕਾਂ ਦਾ ਅਧਿਐਨ ਸਮੁੱਚੀ ਮਨੁੱਖਤਾ ਦਾ ਅਧਿਐਨ ਹੈ।

ਮਾਨਵ ਵਿਗਿਆਨ ਦੇ ਅਨੁਸ਼ਾਸਨ ਨੂੰ ਦੋ ਮੁੱਢਲੇ ਖੇਤਰਾਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ। ਭੌਤਿਕ ਮਾਨਵ ਵਿਗਿਆਨ (Physical Anthropology), ਮਾਨਵ ਵਿਗਿਆਨ ਦਾ ਉਹ ਅੰਗ ਹੈ ਜੋ ਮਨੁੱਖ ਦੀ ਭੌਤਿਕ ਸੰਰਚਨਾ ਨੂੰ ਸਮਝਣ ਦਾ ਪ੍ਰਯਤਨ ਕਰਦਾ ਹੈ। ਭੌਤਿਕ ਮਾਨਵ ਵਿਗਿਆਨੀ ਆਪਣੇ ਜੈਨੇਟਿਕਸ ਅਤੇ ਬਾਇਉ-ਕੈਮਿਸਟਰੀ ਦੇ ਗਿਆਨ ਦੁਆਰਾ ਮਨੁੱਖ ਦੀਆਂ ਭਿੰਨਤਾਵਾਂ ਅਤੇ ਵਿਕਾਸ-ਕਾਲਾਂ ਨੂੰ ਸਮਝਣ ਦੀ ਚੇਸ਼ਟਾ ਕਰਦਾ ਹੈ। ਉਸ ਦਾ ਕਾਰਜ ਮਨੁੱਖ ਨੂੰ ਇਕ ਸਭਿਆਚਾਰਕ ਪਸ਼ੂ' ਦੇ ਰੂਪ ਵਿਚ ਸਮਝਣ ਲਈ ਆਧਾਰਸ਼ਿਲਾ ਦਾ ਨਿਰਮਾਣ ਕਰਦਾ ਹੈ। ਇਸ ਦੂਜੀ ਤਰ੍ਹਾਂ ਦੇ ਅਧਿਐਨ ਨੂੰ ਸਭਿਆਚਾਰਕ ਮਾਨਵ ਵਿਗਿਆਨ (Cultural Anthropology) ਦਾ ਨਾਮ ਦਿੱਤਾ ਗਿਆ ਹੈ।

ਸਭਿਆਚਾਰਕ ਮਾਨਵ ਵਿਗਿਆਨ ਦੇ ਆਪਣੇ ਕੁਝ ਵਿਸ਼ੇਸ਼ ਵਿਭਾਗ ਵੀ ਹਨ ਜਿਵੇਂ : ਪੁਰਾਤਤਵ ਵਿਗਿਆਨ, ਭਾਸ਼ਾ ਵਿਗਿਆਨ ਅਤੇ ਨਸਲ ਵਿਗਿਆਨ (Ethnology) ਚਾਹੇ ਇਨ੍ਹਾਂ ਵਿਚੋਂ ਹਰ ਖੇਤਰ ਦੀਆਂ ਆਪਣੀਆਂ ਆਪਣੀਆਂ ਵੱਖਰੀਆਂ ਤਰਜੀਹਾਂ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਰ ਤਾਂ ਵੀ ਇਹ ਸਾਰੇ ਖੇਤਰ ਸਭਿਆਚਾਰਕ ਸਾਮਗਰੀ ਦੇ ਵਿਸ਼ਲੇਸ਼ਣ ਨਾਲ ਸੰਬੰਧ ਰੱਖਦੇ ਹਨ। ਪੁਰਾਤਤਵ ਵਿਗਿਆਨੀ, ਭਾਸ਼ਾ ਵਿਗਿਆਨੀ ਅਤੇ ਨਸਲ ਵਿਗਿਆਨੀ ਦੀਆਂ ਵੱਖਰੀਆਂ ਪਹੁੰਚ-ਵਿਧੀਆਂ ਹੋ ਸਕਦੀਆਂ ਹਨ ਪਰ ਇਹ ਸਾਰੇ ਅਜਿਹੀ ਸਾਮਗਰੀ ਦੀ ਤਲਾਸ਼ ਵਿਚ ਪ੍ਰਯਤਨਸ਼ੀਲ ਰਹਿੰਦੇ ਹਨ ਜਿਸ ਦੁਆਰਾ ਮਨੁੱਖ ਦੇ ਵਿਭਿੰਨ ਸਭਿਆ-ਚਾਰਾਂ ਦੀ ਵਿਆਖਿਆ ਕੀਤੀ ਜਾ ਸਕੇ।

ਬੀਤੇ ਯੁਗਾਂ ਵਿਚ ਵਿਚਾਰਾਂ ਦੇ ਪ੍ਰਕਾਸ਼ਨ/ਇਕੱਤਰੀਕਰਣ ਦੀ ਵਿਵਸਥਾ ਨਾ ਹੋਣ ਕਾਰਣ ਮਨੁੱਖ ਦਾ ਅਤੀਤ ਕੇਵਲ ਉਨ੍ਹਾਂ ਵਸਤਾਂ ਦੁਆਰਾ ਪਹਿਚਾਣਿਆ ਜਾ ਸਕਦਾ ਹੈ ਜੋ ਉਸ ਨੇ ਕਦੇ ਬਣਾਈਆਂ ਸਨ। ਮਾਨਵ ਵਿਗਿਆਨ ਦਾ ਉਹ ਵਿਭਾਗ, ਜਿਹੜਾ ਮੁਢਲੇ ਸਭਿਆਚਾਰਾਂ ਦੇ ਅਵਸ਼ੇਸ਼ਾਂ ਦੇ ਅਧਿਐਨ ਨਾਲ ਸੰਬੰਧਿਤ ਹੈ, ਨੂੰ ਪੁਰਾਤਤਵ ਵਿਗਿਆਨ ਕਿਹਾ ਜਾਂਦਾ ਹੈ। ਇਕ ਪੁਰਾਤਤਵ ਵਿਗਿਆਨੀ ਬਹੁਤ ਸਮਾਂ ਪਹਿਲੇ ਹੋਏ-ਬੀਤੇ ਸਭਿਆ-ਚਾਰਾਂ ਦੇ ਹਥਿਆਰਾਂ, ਔਜ਼ਾਰਾਂ, ਬਰਤਨਾਂ ਅਤੇ ਹੋਰ ਸਾਜ਼-ਸਾਮਗਰੀ ਦੇ ਅਧਿਐਨ ਦੁਆਰਾ ਮਨੁੱਖ ਦੇ ਅਤੀਤ ਦਾ ਪੁਨਰ-ਨਿਰਮਾਣ ਕਰਦਾ ਹੈ। ਉਸ ਦਾ ਕੰਮ ਇਕ ਇਤਿਹਾਸਕਾਰ ਦੇ ਕੰਮ ਨਾਲੋਂ ਵਧੇਰੇ ਵਿਆਪਕ ਅਤੇ ਕਠਿਨ ਹੈ ਕਿਉਂਕਿ ਜਿਥੇ ਇਕ ਇਤਿਹਾਸਕਾਰ ਮਨੁੱਖ ਦੇ ਪਿਛਲੇ ਪੰਜ ਕੁ ਹਜ਼ਾਰ ਸਾਲ ਦੇ ਸਮੇਂ ਦੀ, ਲਿਖਤ ਰੀਕਾਰਡ ਦੀ ਮਦਦ ਨਾਲ ਵਿਆਖਿਆ ਕਰਦਾ ਹੈ ਉਥੇ ਇਕ ਪੁਰਾਤਤਵ ਵਿਗਿਆਨੀ ਲੱਖਾਂ ਵਰ੍ਹੇ ਪਹਿਲਾਂ ਹੋ ਚੁੱਕੇ ਇਨਸਾਨ ਦੀ, ਬਿਨਾਂ ਕਿਸੇ ਲਿਖਤ ਰੀਕਾਰਡ ਦੀ ਗਵਾਹੀ ਦੇ, ਵਿਆਖਿਆ ਪੇਸ਼ ਕਰਦਾ ਹੈ। ਅਜਿਹੇ ਅਧਿਐਨ ਦੁਆਰਾ ਪੁਰਾਤਤਵ ਵਿਗਿਆਨੀ ਸਭਿਆਚਾਰਾਂ ਦੇ ਵਿਕਾਸ, ਪਰਿਵਰਤਨਾਂ ਅਤੇ ਅੰਤਰ-ਕ੍ਰਿਆਵਾਂ ਦੀ ਸਾਮਗਰੀ ਜੁਟਾਉਂਦਾ ਹੈ।

ਭਾਸ਼ਾ ਵਿਗਿਆਨ, ਸਭਿਆਚਾਰਕ ਮਾਨਵ ਵਿਗਿਆਨ ਦਾ ਇਕ ਹੋਰ ਮਹੱਤਵ ਪੂਰਨ ਅੰਗ ਹੈ। ਸ਼ਾਇਦ ਮਨੁੱਖ ਦਾ ਸਭ ਤੋਂ ਵੱਧ ਨਿੱਖੜਵਾਂ ਲੱਛਣ ਉਸ ਦੀ ਬੋਲਣ-ਯੋਗਤਾ ਹੀ ਹੈ। ਭਾਵੇਂ ਪ੍ਰਤੀਕਾਤਮਕ ਸੰਚਾਰ ਦੀ ਵਰਤੋਂ ਕਰ ਸਕਣ ਵਿਚ ਮਨੁੱਖ ਦੀ ਕੋਈ ਇਕੱਲੀ ਜਾਤੀ ਤਾਂ ਨਹੀਂ ਹੈ, ਕੁਝ ਹੋਰ ਪਸ਼ੂ ਜਿਵੇਂ ਕਿ ਲੰਗੂਰ ਆਦਿਕ ਵੀ ਧੁਨੀ ਦਾ ਪ੍ਰਯੋਗ ਕਰ ਸਕਦੇ ਹਨ ਪਰ ਤਾਂ ਵੀ ਹੋਰ ਕੋਈ ਹੋਰ ਪਸ਼ੂ ਜਾਤੀ, ਮਨੁੱਖ ਜਿਤਨਾ ਜਟਿਲ ਪ੍ਰਤੀਕਾਤਮਕ ਸੰਚਾਰ ਸਿਸਟਮ ਵਿਕਸਿਤ ਨਹੀਂ ਕਰ ਸਕੀ ਹੈ। ਅਸਲ ਵਿਚ ਮਨੁੱਖ ਦਾ ਭਾਸ਼ਾਈ ਸਿਸਟਮ ਹੀ ਪੀੜ੍ਹੀ-ਦਰ-ਪੀੜ੍ਹੀ ਸਭਿਆਚਾਰ ਦੀ ਸੰਭਾਲ ਅਤੇ ਸੰਚਾਰ ਕਰਨ ਦੀ ਯੋਗਤਾ ਰੱਖਦਾ ਹੈ।

ਭਾਸ਼ਾ ਵਿਗਿਆਨ ਦੀ ਮੱਦਦ ਨਾਲ ਮਨੁੱਖ ਦੀਆਂ ਭਾਸ਼ਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਭਾਸ਼ਾ ਵਿਗਿਆਨ ਦਾ ਸੰਬੰਧ ਚਾਹੇ ਕਿਸੇ ਭਾਸ਼ਾ ਦੇ ਵਿਵਰਣ (ਜਿਸ ਤਰ੍ਹਾਂ ਕਿਸੇ ਭਾਸ਼ਾ ਵਿਚ ਵਾਕ ਬਣਦੇ ਹਨ) ਨਾਲ ਹੋਵੇ ਅਤੇ ਚਾਹੇ ਭਾਸ਼ਾਵਾਂ ਦੇ ਇਤਿਹਾਸ (ਜਿਸ ਤਰ੍ਹਾਂ ਭਾਸ਼ਾਵਾਂ ਵਿਕਾਸ ਕਰਦੀਆਂ ਹਨ ਅਤੇ ਇਕ ਦੂਜੇ ਉਤੇ ਪ੍ਰਭਾਵ ਪਾਉਂਦੀਆਂ ਹਨ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ, ਇਹ ਦੋਵੇਂ ਪਹੁੰਚ ਵਿਧੀਆਂ ਮਨੁੱਖ ਦੇ ਇਕ ਦੂਜੇ ਨਾਲ ਸੰਚਾਰ ਕਰਨ ਦੀਆਂ ਵਿਧੀਆਂ ਤੋਂ ਬਿਨਾਂ ਮਨੁੱਖ ਦੇ ਬਾਹਰਗਤ ਜਗਤ ਨੂੰ ਸਮਝਣ ਦੀਆਂ ਵਿਧੀਆਂ ਤੇ ਵੀ ਮਹੱਤਵਪੂਰਨ ਪ੍ਰਕਾਸ਼ ਪਾਉਂਦੀਆਂ ਹਨ। ਭਾਸ਼ਾ ਵਿਗਿਆਨ ਦੇ ਪ੍ਰਯੋਗ ਦੁਆਰਾ ਇਕ ਮਾਨਵ ਵਿਗਿਆਨੀ ਇਸ ਗੱਲ ਨੂੰ ਸਮਝਣ ਦੇ ਵਧੇਰੇ ਯੋਗ ਹੋ ਜਾਂਦਾ ਹੈ ਕਿ ਲੋਕ ਆਪਣੇ ਆਪ ਨੂੰ ਅਤੇ ਆਪਣੇ ਚੌਗਿਰਦੇ ਦੀ ਦੁਨੀਆਂ ਨੂੰ ਕਿਵੇਂ ਗ੍ਰਹਿਣ ਕਰਦੇ ਸਨ। ਭਾਸ਼ਾਂ ਦੇ ਵਿਸ਼ਲੇਸ਼ਣ ਦੁਆਰਾ ਇਕ ਮਾਨਵ ਵਿਗਿਆਨਕ ਭਾਸ਼ਾ ਵਿਗਿਆਨੀ ਮਨੁੱਖ ਅਤੇ ਉਸਦੇ ਪੂਰਵ ਇਤਿਹਾਸ ਨੂੰ ਸਮਝਣ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਹੈ।

ਮਾਨਵ ਵਿਗਿਆਨਕ ਭਾਸ਼ਾ ਵਿਗਿਆਨ ਦੇ ਅਧਿਐਨ ਦੁਆਰਾ ਇਸ ਤੱਥ ਦਾ ਵੀ ਬੋਧ ਹੁੰਦਾ ਹੈ ਕਿ ਭਾਸ਼ਾ ਅਧਿਐਨ ਜਗਤ ਨੂੰ ਦਿੱਤੀ ਗਈ ਤਰਤੀਬ ਬਾਰੇ ਵੀ ਜਾਣਕਾਰੀ ਦੇ ਸਕਦਾ ਹੈ। ਇਸ ਗੱਲ ਦਾ ਇਹ ਅਰਥ ਨਹੀਂ ਕਿ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕ ਚੀਜ਼ਾਂ ਨੂੰ ਵੱਖਰੇ ਢੰਗ ਨਾਲ ਵੇਖਦੇ/ਗ੍ਰਹਿਣ ਕਰਦੇ ਹਨ। ਸਗੋਂ ਇਹ ਹੈ ਕਿ ਉਹ ਗ੍ਰਹਿਣ ਕੀਤੀਆਂ ਚੀਜ਼ਾਂ ਨੂੰ ਆਪਣੇ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਦੇ ਹਿਸਾਬ ਨਾਲ ਇਕ ਵੱਖਰੀ ਤਰਤੀਬ ਪ੍ਰਦਾਨ ਕਰਦੇ ਹਨ। ਇਹ ਇਕ ਅਜਿਹਾ ਤੱਥ ਹੈ ਜੋ ਇਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਨੂੰ ਨਿਖੇੜਦਾ ਹੈ। ਉਦਾਹਰਣ ਲਈ, ਅਸੀਂ ਜਾਣਦੇ ਹਾਂ ਕਿ ਪ੍ਰਕ੍ਰਿਤੀ ਵਿਚ ਰੰਗਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਤੇ ਸ੍ਰੇਣੀਆਂ ਹਨ। ਕਿਸੇ ਪੇਂਟ-ਸਟੋਰ ਤੋਂ ਮਿਲਣ ਵਾਲੇ ਰੰਗਾਂ ਦੇ ਚਾਰਟ ਤੋਂ ਬੜੀ ਆਸਾਨੀ ਨਾਲ ਇਹ ਪਤਾ ਚੱਲ ਜਾਂਦਾ ਹੈ ਕਿ ਕਈ ਵਾਰ ਕਿਸੇ ਇਕ ਹੀ ਰੰਗ ਦੇ ਦਸ-ਬਾਰਾਂ ਸੇਡਜ਼ ਹੁੰਦੇ ਹਨ। ਭਾਵੇਂ ਦੇਖਣ ਨਾਲ ਉਨ੍ਹਾਂ ਵਿਚਲੇ ਫ਼ਰਕ ਦਾ ਪਤਾ ਤਾਂ ਚੱਲ ਹੀ ਜਾਂਦਾ ਹੈ ਪਰ ਅਸੀਂ ਉਨ੍ਹਾਂ ਸਾਰਿਆਂ ਨੂੰ ਇਕ ਹੀ ਨਾਮ (ਜਿਵੇਂ ਹਰਾ) ਨਾਲ ਯਾਦ ਰੱਖਦੇ ਹਾਂ। ਇਸੇ ਤਰ੍ਹਾਂ ਜੇ ਰੰਗਾਂ ਦੇ ਕਿਸੇ ਅਜਿਹੇ ਚਾਰਟ ਉਤੇ ਅਸੀਂ ਨੀਲੇ ਤੇ ਹਰੇ ਰੰਗ ਦੇ ਦਰਮਿਆਨ ਰੰਗਾਂ ਦੀਆਂ ਪੱਟੀਆਂ ਦੇਖੀਏ ਤਾਂ ਇਹੋ ਜਹੀਆਂ ਪੰਦਰਾਂ-ਵੀਹ ਪੱਟੀਆਂ ਬਣੀਆਂ ਹੁੰਦੀਆਂ ਹਨ। ਅਸੀਂ ਨੀਲੇ ਤੇ ਹਰੇ ਰੰਗ ਨੂੰ ਤਾਂ ਸਹਿਜੇ ਪਹਿਚਾਣ ਲੈਂਦੇ ਹਾਂ ਪਰ ਮੁਸ਼ਕਿਲ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਵਿਚਕਾਰਲੀਆਂ ਪੱਟੀਆਂ ਦੇ ਰੰਗ ਦਾ ਨਾਮ ਲੈਣਾ ਪਵੇ। ਵੱਧ ਤੋਂ ਵੱਧ ਅਸੀਂ ਅਜਿਹੇ ਰੰਗ ਨੂੰ ਨੀਲਾ-ਹਰਾ ਕਹਿ ਦੇਵਾਂਗੇ। ਅੰਗਰੇਜ਼ੀ ਭਾਸ਼ਾ ਵਿਚ ਨੀਲਾ-ਹਰਾ ਰੰਗ ਕੋਈ ਵੱਖਰੀ ਸ੍ਰੇਣੀ ਨਹੀਂ ਬਲਕਿ ਇਹ ਬੋਲਣ ਵਾਲਿਆਂ ਨੇ ਆਪਣੀ ਅਸਾਨੀ ਲਈ ਇਕ ਬਣਾਉਟੀ ਜਹੀ ਸ੍ਰੇਣੀ ਬਣਾ ਰੱਖੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਲੋਕਾਂ ਲਈ 'ਹਰਾ' ਅਤੇ 'ਨੀਲਾ' ਰੰਗ ਤਾਂ ਮਹੱਤਵਪੂਰਨ ਹਨ ਪਰ ਇਨ੍ਹਾਂ ਦੇ ਦਰਮਿਆਨ ਵਾਲੇ ਰੰਗ ਬਹੁਤੇ ਮਹੱਤਵਪੂਰਨ ਨਹੀਂ। ਪਰ ਹੋਰ ਭਾਸ਼ਾਵਾਂ ਵਿਚ ਅਜਿਹੇ ਰੰਗ ਲਈ ਵੀ ਵੱਖਰੇ ਨਾਮ ਹੋ ਸਕਦੇ/ਹੁੰਦੇ ਹਨ। ਹੋਣੇ ਵੀ ਚਾਹੀਦੇ ਹਨ ਕਿਉਂਕਿ ਜੇ ਅਸੀਂ 'ਨੀਲੇ' ਅਤੇ 'ਪੀਲੇ' ਰੰਗ ਦੇ ਦਰਮਿਆਨ ਵਾਲੇ ਰੰਗ ਨੂੰ 'ਹਰਾ' ਨਾਮ ਦੇ ਸਕਦੇ ਹਾਂ ਤਾਂ 'ਨੀਲੇ' ਅਤੇ 'ਹਰੇ' ਰੰਗ ਦੇ ਦਰਮਿਆਨ ਵਾਲੇ ਰੰਗ ਨੂੰ ਕੋਈ ਵੱਖਰਾ ਨਾਮ ਕਿਉਂ ਨਹੀਂ ਦੇ ਸਕਦੇ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੋਂ ਹੀ ਪਤਾ ਚੱਲਦਾ ਹੈ ਕਿ ਕੋਈ ਭਾਸ਼ਾ, ਜਗਤ ਨੂੰ ਦਿੱਤੀ ਜਾਣ ਵਾਲੀ ਤਰਤੀਬ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਸਾਡਾ ਸਭਿਆਚਾਰ ਭਾਸ਼ਾ ਦੇ ਮਾਧਿਅਮ ਦੁਆਰਾ ਹੀ ਸਾਡੇ ਪ੍ਰਤੱਖਣ ਨੂੰ ਨਿਯਮਿਤ ਕਰਦਾ ਹੈ। ਜੇ ਕੋਈ ਸਭਿਆਚਾਰ ਰੰਗਾਂ ਲਈ ਸਾਥੋਂ ਵਧੇਰੇ ਸ਼੍ਰੇਣੀਆਂ ਨਿਸ਼ਚਿਤ ਕਰਦਾ ਹੈ ਤਾਂ ਕੋਈ ਹੋਰ ਸਭਿਆਚਾਰ ਸਾਡੇ ਤੋਂ ਘੱਟ ਸ਼੍ਰੇਣੀਆਂ ਨਿਸ਼ਚਿਤ ਕਰਨ ਵਾਲਾ ਵੀ ਹੋਵੇਗਾ। ਕਈ ਸਭਿਆਚਾਰਾਂ ਵਿਚ ਰੰਗਾਂ ਦੀਆਂ ਕੇਵਲ ਦੋ-ਤਿੰਨ ਸ਼੍ਰੇਣੀਆਂ ਹੀ ਹੁੰਦੀਆਂ ਹਨ, ਜਿਵੇਂ : ਭੂਰਾ, ਨੀਲਾ ਤੇ ਲਾਲ। ਇਸਦਾ ਇਹ ਅਰਥ ਨਹੀਂ ਕਿ ਅਜਿਹੇ ਸਭਿਆਚਾਰਾਂ ਵਿਚ ਰਹਿਣ ਵਾਲੇ ਲੋਕ ਅੰਧ-ਰੰਗ ਹੁੰਦੇ ਹਨ। ਗੱਲ ਸਿਰਫ ਏਨੀ ਹੈ ਕਿ ਇਨ੍ਹਾਂ ਲਈ ਨੀਲੇ ਅਤੇ ਹਰੇ ਰੰਗ ਵਿਚਲਾ ਫ਼ਰਕ ਮਹੱਤਵਪੂਰਨ ਨਹੀਂ ਹੁੰਦਾ।

ਇਕ ਹੋਰ ਉਦਾਹਰਣ ਨਾਲ ਇਹ ਗੱਲ ਵਧੇਰੇ ਸਪਸ਼ਟ ਹੋ ਜਾਵੇਗੀ ਅੰਗ੍ਰੇਜ਼ੀ ਵਿਚ ਰੁੱਖਾਂ ਦੇ ਝੁੰਡ ਲਈ ਬਹੁਤ ਸਾਰੇ ਸ਼ਬਦ ਹਨ ਜਿਵੇਂ : ਵੁਡਜ਼, ਫਾਰੈਸਟ ਆਦਿਕ। ਜਰਮਨ ਭਾਸ਼ਾ ਵਿਚ ਵੀ ਤਿੰਨ ਸ਼ਬਦ ਮਿਲਦੇ ਹਨ। ਡੈਨਿਸ਼ ਵਿਚ ਕੇਵਲ ਦੋ ਸ਼ਬਦ ਹਨ। ਪਰ ਵੱਖ-ਵੱਖ ਭਾਸ਼ਾ ਵਿਚ ਮਿਲਦੀਆਂ ਇਹ ਸਾਰੀਆਂ ਸ਼੍ਰੇਣੀਆਂ ਇਕ ਦੂਜੀ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀਆਂ। ਇਨ੍ਹਾਂ ਦੇ ਵਰਗੀਕਰਣ ਦੀਆਂ ਵਿਧੀਆਂ ਵੀ ਵੱਖਰੀਆਂ-ਵੱਖਰੀਆਂ ਹਨ।

German	English	Danish
baume	trees	trae
holz	woods	....
wald	forest	Skov

ਇਹ ਵਿਚਾਰ ਕਿ ਕਿਸੇ ਵਿਅਕਤੀ ਦੀ ਭਾਸ਼ਕ-ਸੰਰਚਨਾ ਉਸਦੀ ਚਿੰਤਨ-ਪ੍ਰਕ੍ਰਿਆ ਨੂੰ ਪ੍ਰਭਾਵਿਤ ਕਰਦੀ ਹੈ, ਇਕ ਅਸਚਰਜਨਕ ਸੰਕਲਪ ਹੈ। ਜਦੋਂ ਅਸੀਂ ਕਿਸੇ ਵਿਦੇਸ਼ੀ ਭਾਸ਼ਾ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਬਹੁਤ ਸਾਰੇ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਸਾਡੀ ਆਪਣੀ ਭਾਸ਼ਾ ਪਾਸ ਕੋਈ ਬਦਲ ਨਹੀਂ ਹੁੰਦਾ। ਇਹ ਤੱਥ ਦਰਸਾਉਂਦਾ ਹੈ ਕਿ ਭਾਸ਼ਾ ਵਸਤੂਗਤ ਜਗਤ ਨੂੰ ਤਰਤੀਬ ਦੇਣ ਵਿਚ ਕਾਫ਼ੀ ਮਹੱਤਵ-ਪੂਰਨ ਭੂਮਿਕਾ ਨਿਭਾਉਂਦੀ ਹੈ। ਹਰ ਭਾਸ਼ਾ ਪਾਸ ਬਹੁਤ ਸਾਰੇ ਅਜਿਹੇ ਸ਼ਬਦ ਹੁੰਦੇ ਹਨ ਜਿਹੜੇ ਇਕ ਵਿਸ਼ੇਸ਼ ਸਭਿਆਚਾਰ ਵਿਚ ਰਹਿਣ ਵਾਲੇ ਲੋਕਾਂ ਦੇ ਭਾਵਾਂ ਤੇ ਤਜ਼ਰਬਿਆਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਭਿਵਿਅਕਤ ਕਰਦੇ ਹਨ। ਅਜਿਹੇ ਸ਼ਬਦਾਂ ਨੂੰ ਕਿਸੇ ਦੂਸਰੀ ਭਾਸ਼ਾ ਵਿਚ ਅਨੁਵਾਦਿਤ ਕਰਨਾ ਅਸੰਭਵ ਹੁੰਦਾ ਹੈ ਕਿਉਂਕਿ ਦੂਜੀ ਭਾਸ਼ਾ ਦੇ ਸਭਿਆਚਾਰ ਵਿਚ ਉਹੋ ਜਹੇ ਤਜ਼ਰਬੇ ਅਤੇ ਭਾਵ ਪ੍ਰਾਪਤ ਹੀ ਨਹੀਂ ਹੁੰਦੇ। ਇਸੇ ਲਈ ਅਸੀਂ ਅਜਿਹੇ ਸ਼ਬਦਾਂ ਦੇ ਬੜੇ ਕੁਢੱਬੇ ਜਹੇ ਅਨੁਵਾਦ ਕਰ ਛੱਡਦੇ ਹਾਂ। ਅਜਿਹੇ ਅਨੁਵਾਦ ਦੁਆਰਾ ਉਸ ਸੰਕਲਪ ਦੀ ਮਾੜੀ-ਮੋਟੀ ਸਮਝ ਤਾਂ ਆ ਜਾਂਦੀ ਹੈ ਪਰ ਇਸ ਨੂੰ ਸੰਤੋਸ਼ਜਨਕ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਕੋਈ ਵਿਦੇਸ਼ੀ ਭਾਸ਼ਾ ਸਿੱਖਣਾ ਕੇਵਲ ਸਿਮ੍ਰਤੀ ਦਾ ਹੀ ਕੰਮ ਨਹੀਂ ਬਲਕਿ ਇਸ ਦੁਆਰਾ ਸਾਨੂੰ ਸਭਿਆਚਾਰਕ ਮਾਨਵ ਵਿਗਿਆਨ ਬਾਰੇ ਵੀ ਜਾਣਕਾਰੀ ਮਿਲਦੀ ਹੈ। ਕਿਉਂਕਿ ਕਿਸੇ ਵਿਦੇਸ਼ੀ ਭਾਸ਼ਾ ਨੂੰ ਸਿੱਖਣ ਦੇ ਨਾਲ-ਨਾਲ ਅਸੀਂ ਇਹ ਵੀ ਸਿੱਖਦੇ ਹਾਂ ਕਿ ਦੂਸਰੇ ਲੋਕ ਕਿਵੇਂ ਸੋਚਦੇ ਹਨ, ਉਹ ਕਿਵੇਂ ਸਾਥੋਂ ਵੱਖਰੇ ਹਨ। ਭਾਸ਼ਾ ਸਾਨੂੰ ਕਿਸੇ ਸਭਿਆਚਾਰ ਵਿਚ ਝਾਕਣ ਲਈ ਅੰਤਰ-ਦ੍ਰਿਸ਼ਟੀ ਪ੍ਰਦਾਨ ਕਰਦੀ ਹੈ।

ਨਸਲ ਵਿਗਿਆਨ (Ethnology) ਸਭਿਆਚਾਰਕ ਮਾਨਵ ਵਿਗਿਆਨ ਦਾ ਇਕ ਹੋਰ ਪ੍ਰਮੁੱਖ ਅੰਗ ਹੈ। ਜਿਥੇ ਇਕ ਪੁਰਾਤਤਵ ਵਿਗਿਆਨੀ ਅਤੀਤ ਦੇ ਸਭਿਆਚਾਰਾਂ ਦਾ ਅਧਿਐਨ ਕਰਦਾ ਹੈ ਉਥੇ ਨਸਲ ਵਿਗਿਆਨੀ (Ethnologist) ਵਰਤਮਾਨ ਦੇ ਸਭਿਆ-ਚਾਰਾਂ ਨੂੰ ਆਪਣੇ ਅਧਿਐਨ ਦਾ ਵਿਸ਼ੇ ਬਣਾਉਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਨਸਲ ਵਿਗਿਆਨੀ ਇਕ ਅਜਿਹਾ ਪੁਰਾਤਤਵ ਵਿਗਿਆਨੀ ਹੈ ਜੋ ਆਪਣੇ ਪੁਰਾਤਤਵ ਵਿਗਿਆਨ ਨੂੰ ਜੀਵਤ ਫੜ ਲੈਣ ਦੀ ਸਮਰੱਥਾ ਰੱਖਦਾ ਹੈ। (''The ethnographer is an archeologist who catches his archeology alive'' Clyde Kluckhohn, Mirror to Mirror)

ਇਕ ਨਸਲ ਵਿਗਿਆਨੀ ਦੇ ਕੰਮ ਦਾ ਮੁੱਖ ਧੁਰਾ ਉਸਦਾ ਫੀਲਡਵਰਕ ਹੈ। ਜਦੋਂ ਵੀ ਸੰਭਵ ਹੋਵੇ ਉਹ ਅਜਿਹੇ ਲੋਕਾਂ ਵਿਚ ਜਾ ਕੇ ਰਹਿੰਦਾ ਹੈ ਜਿਨ੍ਹਾਂ ਨੂੰ ਉਸ ਨੇ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੋਵੇ। ਉਨ੍ਹਾਂ ਵਰਗੀ ਖੁਰਾਕ ਖਾ ਕੇ ਉਨ੍ਹਾਂ ਦੀ ਬੋਲੀ ਬੋਲ ਕੇ ਅਤੇ ਉਨ੍ਹਾਂ ਦੀਆਂ ਆਦਤਾਂ ਤੇ ਰੀਤੀ ਰਿਵਾਜ਼ਾਂ ਨੂੰ ਖੁਦ ਨੋਟ ਕਰਕੇ ਇਕ ਨਸਲ ਵਿਗਿਆਨੀ ਕਿਸੇ ਸਮਾਜ ਅਤੇ ਸਭਿਆਚਾਰ ਬਾਰੇ ਸਿੱਧੀ ਜਾਣਕਾਰੀ ਪ੍ਰਾਪਤ ਕਰਦਾ ਹੈ। ਉਸ ਦੀ ਇਹ ਜਾਣਕਾਰੀ ਕਿਸੇ ਤਰ੍ਹਾਂ ਦੀ ਖੋਜ (ਰੀਸਰਚ) ਦਾ ਪਰਿਣਾਮ ਨਹੀਂ ਹੁੰਦੀ ਬਲਕਿ ਉਹ ਇਕ ਗਤੀਸ਼ੀਲ ਪੜਤਾਲੀਏ ਵਾਂਗ ਤੱਥਾਂ ਦਾ ਸਿੱਧਾ ਪਤਾ ਲਗਾਉਂਦਾ ਹੈ। ਉਹ ਜਿਸ ਸਭਿਆਚਾਰ ਦਾ ਵੀ ਅਧਿਐਨ ਕਰ ਰਿਹਾ ਹੁੰਦਾ ਹੈ, ਉਸ ਦਾ ਨਿਰੀਖਿਅਕ ਅਤੇ ਭਾਈਵਾਲ ਦੋਵੇਂ ਬਣ ਕੇ ਉਹ ਆਪਣੇ ਕਾਰਜ ਨੂੰ ਅੱਗੇ ਵਧਾਉਂਦਾ ਹੈ। ਭਾਵੇਂ ਇਸ ਦਾ ਇਹ ਮਤਲਬ ਨਹੀਂ ਕਿ ਜੇ ਉਹ ਮਾਨਵ-ਭਕਸ਼ੀਆਂ ਦਾ ਅਧਿਐਨ ਕਰ ਰਿਹਾ ਹੋਵੇ ਤਾਂ ਉਹ ਵੀ ਆਦਮੀ ਦਾ ਗੋਸ਼ਤ ਖਾਣਾ ਸ਼ੁਰੂ ਕਰ ਦੇਵੇਗਾ। ਪਰ ਮਾਨਵ-ਭਕਸ਼ੀਅ ਵਿਚ ਰਹਿ ਕੇ ਉਹ ਉਨ੍ਹਾਂ ਦੇ ਸਭਿਆਚਾਰਕ ਸਿਸਟਮ ਵਿਚ ਆਦਮੀ ਦਾ ਗੋਸ਼ਤ ਖਾਣਾਂ ਦੀ ਰੁਚੀ ਬਾਰੇ ਕਿਸੇ ਵਧੇਰੇ ਸਹੀ ਨਿਰਣੇ ਤੇ ਪਹੁੰਚ ਸਕੇਗਾ। ਉਸ ਵਾਸਤੇ ਪੈਨੀ ਦ੍ਰਿਸ਼ਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਮਾਲਕ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਉਹ ਕਿਸੇ ਸਭਿਆਚਾਰ ਦਾ ਵਿਆਪਕ ਜਾਇਜ਼ਾ ਲੈ ਸਕੇ। ਕਿਸੇ ਸਭਿਆਚਾਰ ਦੀਆਂ ਸਾਰੀਆਂ ਸੰਸਥਾਵਾਂ —ਰਾਜਨੈਤਿਕ, ਆਰਥਕ ਧਾਰਮਿਕ ਆਦਿ —ਨੂੰ ਜਾਣੇ —ਸਮਝੇ ਬਗੈਰ ਉਹ ਉਸ ਸਭਿਆਚਾਰ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੇਗਾ। ਹਰ ਸਮਾਜ ਕੁਝ ਅੰਤਰ-ਸੰਬੰਧਿਤ ਤੱਤਾਂ ਦਾ ਇਕ ਜਟਿਲ ਸਿਸਟਮ ਹੈ। ਹੋ ਸਕਦਾ ਹੈ ਕਿ ਕੋਈ ਨਸਲ ਵਿਗਿਆਨੀ ਕਿਸੇ ਸਭਿਆਚਾਰ ਦੇ ਇਕ ਪੱਖ ਵਿਚ, ਦੂਜੇ ਪੱਖਾਂ ਨਾਲੋਂ ਵਧੇਰੇ ਰੁਚੀ ਰੱਖਦਾ ਹੋਵੇ। ਪਰ ਇਕ ਸੁਰੱਖਿਅਤ ਮਾਨਵ ਵਿਗਿਆਨੀ ਦੇ ਰੂਪ ਵਿਚ ਉਹ ਛੇਤੀ ਹੀ ਜਾਣ ਲੈਂਦਾ ਹੈ ਕਿ ਕਿਸੇ ਸਭਿਆਚਾਰ ਦਾ ਹਰ ਪੱਖ ਦੂਜੇ ਪੱਖਾਂ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਅਰਥਾਤ, ਉਸ ਨੂੰ ਪਤਾ ਚੱਲ ਜਾਂਦਾ ਹੈ ਕਿ ਕਿਸੇ ਸਭਿਆਚਾਰ ਦੇ ਧਾਰਮਿਕ ਵਿਸ਼ਵਾਸ਼ ਉਸ ਵਿਚ ਰਹਿਣ ਵਾਲੇ ਲੋਕਾਂ ਦੇ ਧਾਰਮਿਕ ਸੰਸਕਾਰਾਂ ਵਿਚ ਹੀ ਪ੍ਰਤੀਬਿੰਬਤ ਨਹੀਂ ਹੁੰਦੇ ਬਲਕਿ ਉਨ੍ਹਾਂ ਦੀ ਖੁਰਾਕ ਵਿਚ, ਉਨ੍ਹਾਂ ਦੀਆਂ ਖੇਡਾਂ ਵਿਚ, ਉਨ੍ਹਾਂ ਦੀਆਂ ਪਰਿਵਾਰਕ-ਸੰਰਚਨਾਵਾਂ ਵਿਚ ਅਤੇ ਨਿਤਾਪ੍ਰਤੀ ਦੇ ਹੋਰ ਕੰਮ-ਕਾਰਾਂ ਵਿਚ ਵੀ ਪੂਰੀ ਤਰ੍ਹਾਂ ਪ੍ਰਤੀਬਿੰਬਤ ਹੁੰਦੇ ਹਨ।

ਸਭਿਆਚਾਰਕ ਮਾਨਵ ਵਿਗਿਆਨ ਦੀ ਕੁਝ ਹੋਰ ਸਮਾਜ ਵਿਗਿਆਨਾਂ ਨਾਲ ਡੂੰਘੀ ਸਾਂਝ ਹੈ। ਭੂਗੋਲ, ਇਤਿਹਾਸ, ਮਨੋਵਿਗਿਆਨ ਅਤੇ ਸਮਾਜ-ਸ਼ਾਸਤਰ ਆਦਿ ਨਾਲ ਸਭਿਆਚਾਰਕ ਮਾਨਵ ਵਿਗਿਆਨ ਬਹੁਤ ਸਾਰੀਆਂ ਸਮਾਨਤਾਵਾਂ ਰੱਖਦਾ ਹੈ। ਪਰੰਤੂ ਸਭਿਆਚਾਰਕ ਮਾਨਵ ਵਿਗਿਆਨ ਦਾ ਇਕ ਵਿਸ਼ਿਸ਼ਟ ਲੱਛਣ ਇਸ ਦੀ ਸਮੁੱਚੀ ਜਾਂ ਸੰਪੂਰਨ ਪਹੁੰਚ ਵਿਧੀ ਹੈ। ਇਹ ਆਪਣੇ ਅਧਿਐਨ ਵਿਚ ਬਹੁਤ ਸਾਰੇ ਅੰਤਰ-ਸੰਬੰਧਿਤ ਅਨੁਸ਼ਾਸ਼ਨਾਂ ਨੂੰ ਸ਼ਾਮਿਲ ਕਰ ਲੈਂਦਾ ਹੈ। ਸਭਿਆਚਾਰਕ ਮਾਨਵ ਵਿਗਿਆਨ ਦੀ ਸਦਾ ਇਹ ਕੋਸ਼ਿਸ਼ ਰਹਿੰਦੀ ਹੈ ਕਿ ਮਨੁੱਖੀ ਵਿਵਹਾਰ ਨੂੰ ਉਸ ਦੇ ਸਮੁੱਚੇ ਸੰਦਰਭਾਂ ਵਿਚ ਅਤੇ ਹਰ ਦੇਸ਼-ਕਾਲ ਵਿਚ ਸਮਝਿਆ ਜਾ ਸਕੇ। ਇਸ ਮੰਤਵ ਲਈ ਇਸ ਨੂੰ ਬਹੁਤ ਸਾਰੇ ਅਨੁਸ਼ਾਸ਼ਨਾਂ ਤੋਂ ਸਹਿਯੋਗ ਦੀ ਜ਼ਰੂਰਤ ਰਹਿੰਦੀ ਹੈ। ਮਾਨਵ ਵਿਗਿਆਨੀ ਇਕ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਦੇ ਖੋਜ ਕਾਰਨ ਦੀ ਪ੍ਰਿਸ਼ਟ-ਭੂਮੀ ਵਿਚ ਭਾਸ਼ਾ ਵਿਗਿਆਨ, ਜੀਵ ਵਿਗਿਆਨ, ਮਨੋਵਿਗਿਆਨ, ਭੂ-ਵਿਗਿਆਨ, ਭੂਗੋਲ, ਇਤਿਹਾਸ ਅਤੇ ਭਵਨ ਨਿਰਮਾਣ ਕਲਾ ਵਰਗੇ ਅਨੁਸ਼ਾਸ਼ਨ ਸਦਾ ਕਰਮਸ਼ੀਲ ਰਹਿੰਦੇ ਹਨ।

ਸਭਿਆਚਾਰਕ ਮਾਨਵ ਵਿਗਿਆਨ, ਆਪਣੀ ਸਮੁੱਚਵਾਦੀ (holistic) ਪਹੁੰਚ-ਵਿਧੀ ਸਦਕਾ ਮਨੁੱਖੀ ਵਿਵਹਾਰ ਦੀ ਇਕ ਮੁਕੰਮਲ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਸਮੁੱਚਵਾਦੀ ਪਹੁੰਚ-ਵਿਧੀ ਇਸ ਨੂੰ ਦੂਜੇ ਸਮਾਜ ਵਿਗਿਆਨਾਂ ਤੋਂ ਨਖੇੜਦੀ ਹੈ। ਅਤੇ ਇਸੇ ਪਹੁੰਚ-ਵਿਧੀ ਕਾਰਨ ਇਹ ਅਧਿਐਨ ਪ੍ਰਣਾਲੀ ਬੜੀ ਕਠਿਨ ਪ੍ਰਤੀਤ ਹੁੰਦੀ ਹੈ ਪਰੰਤੂ ਜਦੋਂ ਇਹ ਪਕੜ ਵਿਚ ਆ ਜਾਵੇ ਤਾਂ ਇਸ ਦੇ ਨਤੀਜੇ ਅਤਿਅੰਤ ਮਹੱਤਵਪੂਰਨ ਅਤੇ ਮੌਲਿਕ ਵੀ ਸਿੱਧ ਹੁੰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਦੇ ਧਰਾਤਲ

ਗਿਆਨ ਦੀ ਇਕ ਸੁਤੰਤਰ ਸ਼ਾਖ਼ਾ ਵਜੋਂ 'ਸਭਿਆਚਾਰ' ਦਾ ਪ੍ਰਯੋਗ ਵੀਹਵੀਂ ਸਦੀ ਵਿਚ ਹੀ ਹੋਣ ਲੱਗਾ ਹੈ। ਉਨ੍ਹੀਵੀਂ ਸਦੀ ਵਿਚ ਡਾਰਵਿਨ ਦੇ ਵਿਕਾਸਵਾਦੀ ਸਿਧਾਂਤਾਂ ਨੇ ਮਨੁੱਖ ਨੂੰ ਸਮਝਣ ਲਈ ਨਵੀਨ ਅੰਤਰ-ਦ੍ਰਿਸ਼ਟੀਆਂ ਦੀ ਜ਼ਰੂਰਤ ਵੱਲ ਬੜਾ ਤਿੱਖਾ ਧਿਆਨ ਦਿਵਾਇਆ। ਫ਼ਲਸਰੂਪ ਕਾਰਲ ਮਾਰਕਸ ਨੇ ਮਨੁੱਖ ਨੂੰ ਸਮਝਣ ਲਈ ਦਵੰਦਾਤਮਕ ਭੌਤਿਕਵਾਦੀ ਮਾਡਲ ਦਾ ਪ੍ਰਯੋਗ ਕੀਤਾ ਅਤੇ ਉਸ ਨੂੰ ਸਮਾਜਕ-ਆਰਥਿਕ ਸਥਿਤੀਆਂ ਦੇ ਸੰਦਰਭ ਵਿਚ ਸਥਿਤ ਕਰਕੇ ਆਪਣੇ ਅਧਿਐਨ ਦਾ ਵਿਸ਼ੇ ਬਣਾਇਆ। ਕਾਰਲ ਮਾਰਕਸ ਦੇ ਵਿਪਰੀਤ ਡਾ. ਸਿਗਮੰਡ ਫ੍ਰਾਇਡ ਨੇ ਮਨੁੱਖ ਦੇ ਮਾਨਸਿਕ ਕ੍ਰਿਆ-ਵਿਹਾਰ ਨੂੰ ਆਪਣੇ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ੇ ਬਣਾ ਕੇ ਉਸ ਦੀ ਵਿਸ਼ਿਸ਼ਟਤਾ ਨੂੰ ਰੇਖਾਂਕਿਤ ਕਰਨ ਦਾ ਪ੍ਰਯਤਨ ਕੀਤਾ। ਇਨ੍ਹਾਂ ਦਿਨਾਂ ਵਿਚ ਹੀ ਐਡਵਰਡ ਟਾਈਲਰ ਨਾਮ ਦਾ ਇਕ ਸਮਾਜ-ਸ਼ਾਸਤਰੀ ਇਨ੍ਹਾਂ ਦੋਹਾਂ ਅਨੁਸ਼ਾਸਨਾਂ ਵਿਚ ਇਕ ਸੰਤੁਲਨ ਕਾਇਮ ਕਰਕੇ ਉਸ ਨੂੰ ਅੰਦਰੋਂ ਅਤੇ ਬਾਹਰੋਂ, ਪੂਰੀ ਸਮੁੱਚਤਾ ਵਿਚ ਵੇਖਣ ਦਾ ਪ੍ਰਯਤਨ ਕਰ ਰਿਹਾ ਸੀ। ਸਮਾਜ-ਸ਼ਾਸਤਰ ਦੇ ਵੱਖ-ਵੱਖ ਅੰਗਾਂ-ਉਪਅੰਗਾਂ ਦੇ ਅਧਿਐਨ ਵਿਚ ਕ੍ਰੋਇਬਰ (kroeber) ਐਮਿਲੇ ਦੁਰਖੀਮ (Emile Durkhim) ਮਾਰਸਲ ਮਾਸ (Marcel Mauss) ਅਤੇ ਲੈਵੀ ਸਤ੍ਰਾਸ (Claude Levi-Strauss) ਵਰਗੇ ਸਮਾਜ-ਸ਼ਾਸਤਰੀਆਂ ਨੇ ਬੜਾ ਮਹੱਤਵਪੂਰਣ ਯੋਗਦਾਨ ਦਿੱਤਾ। ਇਨ੍ਹਾਂ ਸਭ ਚਿੰਤਕਾਂ ਨੇ ਮਿਲ ਕੇ ਸਭਿਆਚਾਰਕ-ਅਧਿਐਨ ਨੂੰ ਮਨੁੱਖ ਦੀ ਸਖ਼ਸੀਅਤ ਅਤੇ ਵਿਹਾਰ ਨਾਲ ਸੰਬੰਧਿਤ ਹੋਰ ਅਨੁਸ਼ਾਸਨਾਂ ਦੇ ਪ੍ਰਸੰਗ ਵਿਚ ਇਕ ਸਨਮਾਨਯੋਗ ਸਥਾਨ ਦਿਵਾ ਦਿੱਤਾ।

ਪਰਿਭਾਸ਼ਾ

ਸਭਿਆਚਾਰ ਦੀ ਸਭ ਤੋਂ ਪਹਿਲੀ ਅਤੇ ਮਹੱਤਵਪੂਰਣ ਪਰਿਭਾਸ਼ਾ ਬਰਤਾਨੀਆ ਦੇ ਇਕ ਮਾਨਵ-ਵਿਗਿਆਨੀ ਐਡਵਰਡ ਟਾਈਲਰ ਨੇ ਦਿੱਤੀ। ਸੰਨ 1871 ਵਿਚ ਉਸ ਨੇ ਇਸ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਕਿ ਸਭਿਆਚਾਰ ਇਕ ਉਹ ਜਟਿਲ ਸਮੁੱਚ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਕਾਨੂੰਨ, ਨੈਤਿਕਤਾ, ਰੀਤੀ ਰਿਵਾਜ ਅਤੇ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਰਾ ਵਿਵਹਾਰ ਅਤੇ ਆਦਤਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਮਨੁੱਖ, ਸਮਾਜ ਦਾ ਅੰਗ ਹੋਣ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ। ਟਾਈਲਰ ਦੀ ਇਹ ਪਰਿਭਾਸ਼ਾ ਸਭਿਆਚਾਰ ਨੂੰ ਇਕ ਜਟਿਲ ਸਮੁੱਚ ਦੇ ਰੂਪ ਵਿਚ ਤਾਂ ਵਿਚਾਰਦੀ ਹੈ ਪਰੰਤੂ ਜਿਵੇਂ-ਜਿਵੇਂ ਇਸ ਸੰਕਲਪ ਬਾਰੇ ਸਾਡੇ ਗਿਆਨ ਵਿਚ ਵਾਧਾ ਹੁੰਦਾ ਗਿਆ, ਇਹ ਪਰਿਭਾਸ਼ਾ ਸੀਮਿਤ ਅਤੇ ਅਧੂਰੀ ਪ੍ਰਤੀਤ ਹੋਣ ਲੱਗੀ।

ਵੀਹਵੀਂ ਸਦੀ ਦੇ ਅੱਧ ਤੱਕ ਪਹੁੰਚਦਿਆਂ, ਸਭਿਆਚਾਰ ਬਾਰੇ ਮਨੁੱਖ ਦੀ ਵਾਕਫ਼ੀਅਤ ਬਹੁਤ ਜ਼ਿਆਦਾ ਵੱਧ ਗਈ। ਇਸ ਤਰ੍ਹਾਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ। ਪੰਜਾਹਵਿਆਂ ਵਿਚ ਕ੍ਰੋਇਬਰ (Kroeber) ਨੇ ਮਾਨਵ-ਵਿਗਿਆਨੀਆਂ ਅਤੇ ਸਮਾਜ ਵਿਗਿਆਨੀਆਂ ਵੱਲੋਂ ਦਿੱਤੀਆਂ ਗਈਆਂ ਲਗ ਪਗ ਦੋ ਸੌ ਪਰਿਭਾਸ਼ਾਵਾਂ ਇਕੱਤਰ ਕੀਤੀਆਂ ਤਾਂਕਿ ਇਨ੍ਹਾਂ ਦੇ ਅਧਿਐਨ-ਵਿਸ਼ਲੇਸ਼ਣ ਅਤੇ ਵਰਗੀਕਰਣ ਦੁਆਰਾ ਸਭਿਆਚਾਰ ਦੀ ਕੋਈ ਸਰਵਮਾਨੀਯ ਪਰਿਭਾਸ਼ਾ ਤਿਆਰ ਕੀਤੀ ਜਾ ਸਕੇ। ਉਸ ਨੇ ਇਹ ਨਿਰਣਾ ਕੱਢਿਆ ਕਿ ਸਭਿਆਚਾਰ, ਪ੍ਰਤੀਕਾਂ ਅਤੇ ਮਨੁੱਖੀ ਕਾਰੀਗਰੀ ਦੁਆਰਾ ਪ੍ਰਾਪਤ ਅਤੇ ਸੰਚਰਿਤ ਵਿਵਹਾਰ ਦੇ ਕੁਝ ਨਮੂਨਿਆਂ ਦਾ ਸਮੂਹ ਹੈ—ਉਦਾਹਰਣ ਲਈ ਭਾਸ਼ਾ ਅਤੇ ਕਲਾ ਦੁਆਰਾ ਪ੍ਰਾਪਤ ਅਤੇ ਸੰਚਰਿਤ ਵਿਵਹਾਰ ਦੇ ਕੁਝ ਨਮੂਨੇ। ਵਿਵਹਾਰ ਦੇ ਅਜਿਹੇ ਨਮੂਨੇ ਪਰੰਪਰਾਗਤ ਵਿਚਾਰਾਂ ਅਤੇ ਮੁੱਲਾਂ ਉੱਪਰ ਆਧਾਰਿਤ ਹੁੰਦੇ ਹਨ ਅਤੇ ਇਹ ਕਿਸੇ ਵਿਸ਼ੇਸ਼ ਮਾਨਵੀ ਗਰੁੱਪ ਦੀ ਵਿਸ਼ਿਸ਼ਟਤਾ ਦਰਸਾਉਂਦੇ ਹਨ। ਸਭਿਆਚਾਰ ਦੀਆਂ ਕੁਝ ਅਜੋਕੀਆਂ ਪਰਿਭਾਸ਼ਾਵਾਂ ਵਿਚ, ਉਨ੍ਹਾਂ ਅਮੂਰਤ ਲੱਛਣਾਂ ਉਪਰ ਬਲ ਦਿੱਤਾ ਗਿਆ ਹੈ ਜਿਹੜੇ ਮਨੁੱਖ ਦੇ ਉਪਰੋਂ ਨਜ਼ਰ ਆਉਂਦੇ ਵਿਵਹਾਰ ਦੇ ਪਿੱਛੇ ਛੁਪੇ ਰਹਿੰਦੇ ਹਨ। ਇਸ ਤਰ੍ਹਾਂ ਸਭਿਆਚਾਰ ਲੋਕਾਂ ਦੇ ਕਿਸੇ ਗਰੁੱਪ ਦੇ ਵਾਸਤਵਿਕ (Actual) ਅਤੇ ਨਜ਼ਰ ਆਉਂਦੇ ਵਿਵਹਾਰ ਦਾ ਨਾਮ ਨਹੀਂ ਸਗੋਂ ਇਸ ਦੇ ਅਮੂਰਤੀਕਰਣ (Abstraction) ਦਾ ਨਾਮ ਹੈ। ਸਭਿਆਚਾਰ, ਨਿਯਮਾਂ ਅਤੇ ਪੈਮਾਨਿਆਂ ਦਾ ਇਕ ਅਜਿਹਾ ਸੈੱਟ ਹੈ, ਜਿਸ ਦੁਆਰਾ ਕ੍ਰਿਆਸ਼ੀਲ ਹੋ ਕੇ ਕਿਸੇ ਸਮਾਜ ਦੇ ਮੈਂਬਰ ਵਿਵਹਾਰ ਦਾ ਇਕ ਅਜਿਹਾ ਪੈਟਰਨ ਪੇਸ਼ ਕਰਦੇ ਹਨ ਜਿਸ ਵਿਚ ਸਿਰਫ ਇਤਨੀ ਕੁ ਵਿਵਿਧਤਾ ਅਤੇ ਵੱਖਰਾਪਣ ਹੈ ਜਿਸਨੂੰ ਸਮਾਜ ਦੇ ਇਨ੍ਹਾਂ ਮੈਂਬਰਾਂ ਨੇ ਪਰਵਾਨ ਕੀਤਾ ਹੋਇਆ ਹੈ।

ਸਭਿਆਚਾਰ ਨੂੰ ਦੋ ਬੜੇ ਨੇੜਲੇ ਸੰਬੰਧਿਤ ਦ੍ਰਿਸ਼ਟੀਕੋਣਾਂ ਦੁਆਰਾ ਸਮਝਿਆ ਜਾ ਸਕਦਾ ਹੈ। ਇਕ ਪਾਸੇ ਇਸ ਨੂੰ ਮਾਨਵ ਵਿਗਿਆਨੀਆਂ ਵਾਂਗ ਡੈਟਾ ਨਿਰੀਖਣ ਦੀ ਵਿਧੀ ਦੁਆਰਾ ਸਮਝਿਆ ਜਾ ਸਕਦਾ ਹੈ (Phenomenal order) ਫ਼ਰਜ਼ ਕਰੋ ਇਕ ਮਾਨਵ-ਵਿਗਿਆਨੀ 'ਤ੍ਰਿੰਞਣ' ਨੂੰ ਆਪਣੇ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ੈ ਬਣਾਉਂਦਾ ਹੈ ਉਹ ਚਰਖੇ, ਪੂਣੀਆਂ ਅਤੇ ਗਲੋਟੇ ਵਰਗੇ ਉਪਕਰਣਾਂ ਦਾ ਅਧਿਐਨ ਕਰੇਗਾ, ਕੁੜੀਆਂ ਇਕੱਠੀਆਂ ਹੋ ਕੇ ਕੰਮ ਦੀ ਕਿਵੇਂ ਵਰਗ-ਵੰਡ ਕਰਦੀਆਂ ਹਨ, ਉਸ ਨੂੰ ਸਮਝੇਗਾ। ਪਰ 'ਤ੍ਰਿੰਞਣ' ਦਾ ਅਧਿਐਨ ਇਕ ਹੋਰ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ। ਉਹ ਇਹ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤ੍ਰਿੰਞਣ ਨਾਲ ਸੰਬੰਧਿਤ ਪੰਜਾਬੀਆਂ ਦੇ ਵਿਸ਼ਵਾਸਾਂ, ਸੰਸਕਾਰਾਂ ਅਤੇ 'ਮੁੱਲਾਂ' ਨੂੰ ਸਮਝਿਆ ਜਾਵੇ। ਹੋ ਸਕਦਾ ਹੈ ਕਿ ਇਸ ਤਰ੍ਹਾਂ ਕਿਸੇ ਮਾਨਵ-ਵਿਗਿਆਨੀ ਨੂੰ ਇਹ ਪ੍ਰਤੀਤ ਹੋਵੇ ਕਿ ਤ੍ਰਿੰਞਣ ਦਾ ਮੰਤਵ ਕੇਵਲ 'ਉਪਯੋਗਿਤਾ' (Utilitrain) ਤਕ ਹੀ ਸੀਮਿਤ ਨਹੀਂ। ਇਹ ਇਕ ਤਰ੍ਹਾਂ ਦਾ ਧਾਰਮਿਕ ਸੰਸਕਾਰ ਵੀ ਹੈ। ਅਜਿਹੀ ਵਿਧੀ ਨੂੰ ਵਿਚਾਰਧਾਰਕ ਵਿਧੀ (Ideational order) ਕਹਾਂਗੇ। ਇਹ ਵਿਧੀ ਸਭਿਆਚਾਰ ਦੇ ਅਧਿਐਨ-ਵਿਸ਼ਲੇਸ਼ਣ ਲਈ ਵਧੇਰੇ ਲਾਹੇਵੰਦੀ ਹੈ ਕਿਉਂਕਿ ਇਸ ਦੁਆਰਾ ਅਸੀਂ ਅਮੂਰਤ-ਮੁੱਲਾਂ ਨੂੰ ਪ੍ਰਿਸ਼ਠਭੂਮੀ ਵਿਚ ਰੱਖ ਕੇ ਕਿਸੇ ਜਾਤੀ ਦੇ ਦਿਸਦੇ-ਵਿਵਹਾਰ ਦਾ ਅਧਿਐਨ ਕਰਦੇ ਹਾਂ। ਅਸੀਂ ਇਹ ਜਾਣਦੇ ਹਾਂ ਕਿ ਅਮੂਰਤ-ਮੁੱਲ ਹੀ ਵਿਵਹਾਰ ਨੂੰ ਪਰਵਾਨਗੀ ਦਿੰਦੇ ਹਨ।

ਇਕ ਸਭਿਆਚਾਰ ਨਾਲ ਸੰਬੰਧਿਤ ਸਾਰੇ ਵਿਅਕਤੀ ਬਿਲਕੁਲ ਇਕੋ ਤਰ੍ਹਾਂ ਵਰਤੋਂ-ਵਿਹਾਰ ਨਹੀਂ ਕਰਦੇ। ਜੇ ਅਸੀਂ ਕਿਸੇ ਸਭਿਆਚਾਰ ਦਾ ਅਧਿਐਨ ਕਰੀਏ ਤਾਂ ਕੁਝ ਵਿਅਕਤੀਆਂ ਦਾ ਇਕ ਇਹੋ ਜਿਹਾ ਗਰੁੱਪ ਵੀ ਲੱਭਿਆ ਜਾ ਸਕਦਾ ਹੈ ਜਿਹੜਾ ਆਪਣੀ ਉਮਰ, ਲਿੰਗ, ਕਿੱਤੇ ਜਾਂ ਵਿਸ਼ਵਾਸਾਂ ਕਾਰਣ ਥੋੜੀ ਵੱਖਰੀ ਪਹਿਚਾਣ ਰੱਖਦਾ ਹੈ। ਇਕ ਵੱਡੇ ਸਭਿਆਚਾਰ ਦੇ ਦਾਇਰੇ ਵਿਚ ਇਕ ਇਹੋ ਜਿਹੇ ਗਰੁੱਪ ਨੂੰ ਅਸੀਂ ਉਪ-ਸਭਿਆਚਾਰ (Sub-culture) ਦਾ ਨਾਮ ਦੇ ਸਕਦੇ ਹਾਂ। ਕੋਈ ਸਭਿਆਚਾਰ ਕਿਸੇ ਉਪ-ਸਭਿਆਚਾਰ ਨੂੰ ਕਿਥੋਂ ਕੁ ਤੱਕ ਪਰਵਾਨ ਕਰਦਾ ਹੈ, ਇਸਦੇ ਹਰ ਸਭਿਆਚਾਰ ਵਿਚ ਵੱਖ-ਵੱਖ ਪੈਮਾਨੇ ਹਨ।

ਸਭਿਆਚਾਰ ਅਤੇ ਸਮਾਜ

ਹਰ ਮਨੁੱਖ ਸਭਿਆਚਾਰ ਅਤੇ ਸਮਾਜ ਦਾ ਇਕ ਮੈਂਬਰ ਹੈ ਕਿਉਂਕਿ ਹਰ ਸਭਿਆਚਾਰ ਕਿਸੇ ਨਾ ਕਿਸੇ ਮਨੁੱਖੀ ਸਮਾਜ ਵਿਚ ਟਿਕਿਆ ਹੁੰਦਾ ਹੈ। ਜਿਵੇਂ ਪੰਜਾਬੀ ਸਭਿਆਚਾਰ ਪੰਜਾਬੀ ਸਮਾਜ ਵਿਚ ਹੀ ਮੌਜੂਦ ਹੈ। ਮਨੁੱਖੀ ਫ਼ਿਤਰਤ ਵਿਚ ਸਮਾਜਕ ਵਿਉਂਤਬੰਦੀਆਂ ਲਈ ਬੜਾ ਝੁਕਾਅ ਹੈ। ਜੇ ਤੁਸੀਂ ਬਹੁਤ ਸਾਰੇ ਵੱਖ-ਵੱਖ ਸਭਿਆਚਾਰਾਂ ਨਾਲ ਸੰਬੰਧਿਤ ਵਿਅਕਤੀਆਂ ਨੂੰ ਕਿਸੇ ਨਿਰਜਨ ਜਜ਼ੀਰੇ ਉੱਪਰ ਛੱਡ ਦੇਵੋਂ ਤਾਂ ਕੁਝ ਦੇਰ ਬਾਅਦ ਉਹ ਇਕ ਸਮਾਜ ਦਾ ਰੂਪ ਧਾਰਨ ਕਰ ਲੈਣਗੇ। ਇਸ ਸਮਾਜ ਦੇ ਮੈਂਬਰਾਂ ਦੀ ਇਕ ਸਾਂਝੀ ਦਿਲਚਸਪੀ ਆਪਣੇ ਜੀਉਂਦੇ ਰਹਿਣ ਵਿਚ ਹੋਵੇਗੀ। ਇਹ ਲੋਕ ਇਕੱਠੇ ਰਹਿਣ ਅਤੇ ਕੰਮ ਕਰਨ ਦੀਆਂ ਜੁਗਤਾਂ ਦਾ ਨਿਰਮਾਣ ਕਰ ਲੈਣਗੇ। ਪਰ ਇਸ ਗਰੁੱਪ ਦਾ ਹਰ ਮੈਂਬਰ ਆਪਣੀ ਵੱਖਰੀ ਸਭਿਆਚਾਰਕ ਪਹਿਚਾਣ ਬਣਾਈ ਰੱਖੇਗਾ ਅਤੇ ਜਿਉਂ ਹੀ ਇਸ ਗਰੁੱਪ ਨੂੰ ਇਸ ਜਜ਼ੀਰੇ ਵਿਚੋਂ ਕੱਢ ਕੇ 'ਦੁਨੀਆ' ਵਿਚ ਲਿਆਂਦਾ ਜਾਵੇਗਾ, ਇਸਦਾ ਸੰਗਠਨ ਬਿਖਰ ਜਾਏਗਾ। ਇਹ ਗਰੁੱਪ ਮਹਿਜ਼ ਇਕ ਸੰਗਠਨ ਹੋਏਗਾ ਨਾ ਕਿ ਸਭਿਆਚਾਰਕ ਇਕਾਈ। ਇਸ ਲਈ ਅਸੀਂ ਸਮਾਜ ਦੀ ਪਰਿਭਾਸ਼ਾ ਇਸ ਤਰ੍ਹਾਂ ਦੇ ਸਕਦੇ ਹਾਂ—ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੇਸ਼ ਭੂ-ਖੰਡ ਵਿਚ ਰਹਿਣ ਵਾਲੇ ਲੋਕਾਂ ਦਾ ਸਮੂਹ, ਜਿਹੜਾ ਆਪਣੇ ਆਪ ਨੂੰ ਜੀਵਤ ਰੱਖਣ ਲਈ ਇਕ ਦੂਜੇ ਉੱਪਰ ਆਸ਼ਰਿਤ ਹੈ। ਉਹ ਰਿਸ਼ਤੇ ਜਿਹੜੇ ਇਕ ਸਮਾਜ ਨੂੰ ਜੋੜੀ ਰਖਦੇ ਹਨ, ਉਨ੍ਹਾਂ ਨੂੰ ਸਮਾਜਕ ਸੰਰਚਨਾ ਜਾਂ ਸਮਾਜਕ ਸੰਗਠਨ ਦਾ ਨਾਮ ਦਿੱਤਾ ਗਿਆ ਹੈ।

ਸਭਿਆਚਾਰ ਦੇ ਕੁਝ ਪ੍ਰਮੁਖ ਲੱਛਣ

ਵਿਭਿੰਨ ਸਭਿਆਚਾਰਾਂ ਦੇ ਤੁਲਨਾਤਮਕ ਅਧਿਐਨ ਦੁਆਰਾ ਮਾਨਵ-ਵਿਗਿਆਨੀਆਂ ਨੇ ਸਭਿਆਚਾਰ ਦੇ ਕੁਝ ਸਰਵ-ਸਾਂਝੇ ਲੱਛਣ ਨਿਰਧਾਰਤ ਕੀਤੇ ਹਨ। ਇਨ੍ਹਾਂ ਲੱਛਣਾਂ ਦਾ ਨਿਕਟ ਅਧਿਐਨ ਸਾਨੂੰ ਸਭਿਆਚਾਰ ਦੇ ਮੂੱਲ ਅਤੇ ਪ੍ਰਕਾਰਜ ਬਾਰੇ ਜਾਣਕਾਰੀ ਪ੍ਰਦਾਨ ਕਰੇਗਾ :

(ੳ) ਸਭਿਆਚਾਰ ਅਰਜਿਤ ਕਰਨਾ ਪੈਂਦਾ ਹੈ

ਕੋਈ ਵੀ ਸਭਿਆਚਾਰ ਜਨਮ ਕਾਰਣ ਵਿਰਾਸਤ ਵਿਚ ਨਹੀਂ ਮਿਲਦਾ ਸਗੋਂ ਇਸਨੂੰ ਮਿਹਨਤ ਨਾਲ ਅਰਜਿਤ ਕਰਨਾ ਪੈਂਦਾ ਹੈ। ਹਰ ਮਨੁੱਖ ਸਭਿਆਚਾਰ ਵਿਚ ਰਹਿੰਦਾ ਅਤੇ ਵਧਦਾ ਫੁੱਲਦਾ ਹੋਇਆ ਇਸ ਨੂੰ ਸਿੱਖਦਾ ਹੈ। ਅਸੀਂ ਵੇਖਦੇ ਹਾਂ ਕਿ ਪਸ਼ੂ ਵੀ ਭੁੱਖ ਲੱਗਣ ਸਮੇਂ ਕੁਝ ਖਾਂਦੇ-ਪੀਂਦੇ ਹਨ ਪਰੰਤੂ ਮਨੁੱਖ ਆਪਣੇ ਆਪਣੇ ਸਭਿਆਚਾਰ ਦੁਆਰਾ ਨਿਸ਼ਚਿਤ ਅਤੇ ਨਿਰਧਾਰਤ ਸਮੇਂ ਉਪਰ ਖਾਂਦਾ-ਪੀਂਦਾ ਹੈ। ਖਾਣ-ਪੀਣ ਦਾ ਸਮਾਂ ਇਕ ਸਭਿਆਚਾਰ ਤੋਂ ਦੂਸਰੇ ਸਭਿਆਚਾਰ ਤਕ ਬਦਲਦਾ ਰਹਿੰਦਾ ਹੈ। ਇਸ ਤਰ੍ਹਾਂ ਇਕ ਅਮਰੀਕਨ ਦਾ ਸੌਣ ਦਾ ਸੁਵਿਧਾਜਨਕ ਸਮਾਂ ਇਕ ਅਫ਼ਰੀਕਨ ਜਾਂ ਭਾਰਤੀ ਨਾਲੋਂ ਨਿਸ਼ਚੈ ਹੀ ਵੱਖਰਾ ਹੋਵੇਗਾ। ਸੌਣ ਦੀ ਜ਼ਰੂਰਤ ਪ੍ਰਵਿਰਤਕ (Instinctual) ਹੈ, ਸੌਣ ਦੀ ਵਿਧੀ ਸਭਿਆਚਾਰਕ (Cultural) ਹੈ। ਉਹ ਪ੍ਰਕ੍ਰਿਆ ਜਿਸ ਦੁਆਰਾ ਸਭਿਆਚਾਰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਰਿਤ ਹੁੰਦਾ ਹੈ—ਨੂੰ ਅਸੀਂ ਸਭਿਆਚਾਰੀਕਰਣ (Enculturation) ਦਾ ਨਾਮ ਦਿੰਦੇ ਹਾਂ। ਇਸ ਪ੍ਰਕ੍ਰਿਆ ਦੁਆਰਾ ਆਦਮੀ ਆਪਣੀਆਂ ਪ੍ਰਵਿਰਤੀਮੂਲਕ ਜ਼ਰੂਰਤਾਂ ਨੂੰ ਸਭਿਆਚਾਰਕ ਤੌਰ ਤੇ ਉਚਿਤ ਢੰਗ ਨਾਲ ਪੂਰੀਆਂ ਕਰਨ ਦੀ ਜਾਚ ਸਿੱਖਦਾ ਹੈ। ਇਹ ਜ਼ਰੂਰੀ ਹੈ ਕਿ ਉਹ ਲੋੜਾਂ, ਜੋ ਸਿਖੀਆਂ ਨਹੀਂ ਜਾਂਦੀਆਂ ਅਤੇ ਉਨ੍ਹਾਂ ਨੂੰ ਸੰਤੁਸ਼ਤ ਕਰਨ ਵਾਲੀਆਂ ਸਿਖੀਆਂ ਗਈਆਂ ਜੁਗਤਾਂ ਦੇ ਦਰਮਿਆਨ ਅੰਤਰ-ਸਥਾਪਿਤ ਕੀਤਾ ਜਾਵੇ। ਆਦਮੀ ਦੀਆਂ ਪ੍ਰਵਿਤੀਮੂਲਕ ਲੋੜਾਂ ਪਸ਼ੂਆਂ ਵਾਲੀਆਂ ਹੀ ਹਨ ਜਿਵੇਂ ਕਿ ਖ਼ੁਰਾਕ, ਆਸਰਾ, ਸੰਗਸਾਥ, ਸੁਰੱਖਿਆ ਅਤੇ ਲਿੰਗਕ ਤ੍ਰਿਪਤੀ। ਪਰ ਹਰ ਸਭਿਆਚਾਰ ਇਹ ਨਿਸ਼ਚਿਤ ਕਰਦਾ ਹੈ ਕਿ ਉਨ੍ਹਾਂ ਨੂੰ ਕਿਵੇਂ ਪੂਰਾ ਕੀਤਾ ਜਾਵੇ। ਇਥੇ ਹੀ ਸਾਡੇ ਲਈ ਇਹ ਜਾਣ ਲੈਣਾ ਵੀ ਬੜਾ ਜ਼ਰੂਰੀ ਹੈ ਕਿ ਹਰ ਸਿਖਿਆ ਹੋਇਆ ਵਿਵਹਾਰ ਸਭਿਆਚਾਰਕ ਨਹੀਂ ਹੁੰਦਾ। ਇਕ ਕੁੱਤਾ ਕੁਝ ਗੱਲਾਂ ਸਿੱਖ ਸਕਦਾ ਹੈ ਪਰ ਉਸਦਾ ਵਿਵਹਾਰ 'ਰੈਫਲਿਕਸਿਵ' (Reflexive) ਹੀ ਕਿਹਾ ਜਾਵੇਗਾ, ਕਿਉਂਕਿ ਉਸ ਨੇ ਵਾਰ-ਵਾਰ ਦੁਹਰਾਈ ਦੇ ਅਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਆਰਾ 'ਕੰਡੀਸ਼ਨ' ਹੋ ਕੇ ਇਹ ਗੱਲਾਂ ਸਿੱਖੀਆਂ ਹਨ। ਇਨ੍ਹਾਂ ਦਾ ਸਭਿਆਚਾਰੀਕਰਣ (Enculturation) ਨਾਲ ਦੂਰ ਦਾ ਰਿਸ਼ਤਾ ਵੀ ਨਹੀਂ ਹੈ। ਦੂਜੇ ਪਾਸੇ ਆਦਮੀ ਦੇ ਕੁਝ ਪੂਰਵਜ ਸਭਿਆਚਾਰਕ ਵਿਵਹਾਰ ਦੇ ਕੁਝ ਮੁੱਢਲੇ ਰੂਪਾਂ ਤੋਂ ਪਰਿਚਿਤ ਹਨ। ਇਕ ਚਿਪਾਂਜ਼ੀ (Chimpanzee) ਲੱਕੜ ਦੇ ਇਕ ਟੁਕੜੇ ਨੂੰ ਲੈ ਕੇ ਉਸ ਨੂੰ ਛਿੱਲ-ਤਰਾਸ਼ ਕੇ ਇਕ ਹਥਿਆਰ ਬਣਾ ਲਵੇਗਾ ਅਤੇ ਇਸ ਦੀ ਵਰਤੋਂ ਉਹ ਕਈ ਤਰ੍ਹਾਂ ਨਾਲ ਕਰੇਗਾ। ਅਨੁਕਰਣ ਦੁਆਰਾ ਹਥਿਆਰ ਬਣਾਉਣ ਦੀ ਕਲਾ ਨੂੰ ਅਸੀਂ ਨਿਸ਼ਚੈ ਹੀ ਸਭਿਆਚਾਰਕ ਵਿਵਹਾਰ ਦਾ ਨਾਮ ਦੇਵਾਂਗੇ। ਹਾਂ, ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਜਾਨਵਰਾਂ ਦੀਆਂ ਸਭਿਆਚਾਰਕ ਸੰਭਾਵਨਾਵਾਂ ਕਾਫ਼ੀ ਸੀਮਿਤ ਹਨ। ਸਿੱਖਣ ਦੀ ਆਪਣੀ ਵਧੀਆ ਯੋਗਤਾ ਕਾਰਣ ਹੀ ਮਨੁੱਖ ਨੂੰ ਸਭਿਆਚਾਰਕ-ਪਸ਼ੂ ਕਿਹਾ ਜਾਂਦਾ ਹੈ।

(ਅ) ਸਭਿਆਚਾਰ ਸਾਂਝਾ ਹੈ

ਸਭਿਆਚਾਰ ਕੁਝ ਸਾਂਝੀਆਂ ਮਾਨਤਾਵਾਂ ਦਾ ਸਮੂਹ ਹੈ। ਇਸੇ ਸਾਂਝ ਕਾਰਣ ਹੀ ਕਿਸੇ ਸਭਿਆਚਾਰ ਨਾਲ ਜੁੜੇ ਹੋਏ ਵਿਅਕਤੀ ਦੀਆਂ ਕਿਰਿਆਵਾਂ ਨੂੰ ਸਮਝਿਆ ਜਾ ਸਕਦਾ ਹੈ। ਕਿਉਂਕਿ ਕੁਝ ਲੋਕ ਇਕ ਸਭਿਆਚਾਰ ਨਾਲ ਜੁੜੇ ਹੁੰਦੇ ਹਨ, ਇਸ ਲਈ ਉਨ੍ਹਾਂ ਵਿਚੋਂ ਇਕ ਆਦਮੀ, ਇਕ ਵਿਸ਼ੇਸ਼ ਸਥਿਤੀ ਵਿਚ ਦੂਸਰੇ ਦੀ ਪ੍ਰਤੀਕਿਰਿਆ ਦਾ ਪੂਰਵ ਅਨੁਮਾਨ ਲਗਾ ਸਕਦਾ ਹੈ ਅਤੇ ਉਸ ਅਨੁਸਾਰ ਆਪਣੇ ਵੱਲੋਂ ਚੁੱਕੇ ਜਾਣ ਵਾਲੇ ਕਦਮ ਨੂੰ ਪੂਰਵ-ਨਿਸ਼ਚਿਤ ਕਰ ਸਕਦਾ ਹੈ। ਹਰ ਸਭਿਆਚਾਰ ਵਿਚ ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਦੁਰਵਿਹਾਰ ਕਾਰਣ ਉਨ੍ਹਾਂ ਨੂੰ 'ਉਜੱਡ', 'ਖ਼ਬਤੀ', 'ਸਨਕੀ' ਆਦਿਕ ਵਿਸ਼ੇਸ਼ਣ ਦਿੱਤੇ ਜਾਂਦੇ ਹਨ। ਸਮਾਜ ਅਜਿਹੇ ਵਿਅਕਤੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਅਤੇ ਦੇਰ-ਸਵੇਰ ਉਨ੍ਹਾਂ ਨੂੰ ਇਕ ਗਰੁੱਪ ਦੀਆਂ ਕੁਝ ਵਿਸ਼ੇਸ਼ ਸਰਗਰਮੀਆਂ ਵਿਚ ਭਾਗ ਲੈਣ ਤੋਂ ਵਰਜ ਦਿੱਤਾ ਜਾਂਦਾ ਹੈ। ਅਜਿਹੀ ਵਰਜਨਾਂ ਉਨ੍ਹਾਂ ਦੇ ਉਲਾਰ ਵਿਹਾਰ ਨੂੰ ਗਰੁੱਪ ਤੋਂ ਬਾਹਰ ਰੱਖਣ ਲਈ ਕੀਤੀ ਜਾਂਦੀ ਹੈ। ਕਈ ਸਮਾਜਾਂ ਵਿਚ ਕੁਝ ਅਜਿਹੀਆਂ ਜੁਗਤਾਂ ਮੌਜੂਦ ਹਨ, ਜਿਨ੍ਹਾਂ ਦੁਆਰਾ ਅਜਿਹੇ ਉਲਾਰ ਵਿਹਾਰ ਨੂੰ ਵੀ ਪਰਵਾਨ ਕਰ ਲਿਆ ਜਾਂਦਾ ਹੈ। ਜਿਵੇਂ ਕੁਝ ਕਬੀਲਿਆਂ ਵਿਚ, ਵਿਸ਼ੇਸ਼ ਦਿਨਾਂ ਵਿਚ ਲੜਕੀ-ਲੜਕੇ ਦੇ ਸਹਿਵਾਸ ਨੂੰ ਪਰਵਾਨਗੀ ਦਿੱਤੀ ਜਾਂਦੀ ਹੈ ਅਤੇ ਬਾਅਦ ਵਿਚ ਉਨ੍ਹਾਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਕਈ ਵਾਰ ਸਿਰਫ਼ ਇਸ ਕਾਰਣ ਕਿ ਇਕ ਸਭਿਆਚਾਰ ਨਾਲ ਸੰਬੰਧ ਰੱਖਣ ਵਾਲੇ ਲੋਕ ਆਪਣੇ ਵਿਚ ਹੀ ਵਿਆਹ ਕਰਦੇ ਹਨ ਅਤੇ ਇਸ ਲਈ ਉਨ੍ਹਾਂ ਦੇ ਕੁਝ ਸਰੀਰਕ ਲੱਛਣ ਆਪਸ ਵਿਚ ਮਿਲਦੇ ਜੁਲਦੇ ਹੁੰਦੇ ਹਨ, ਇਹ ਕਹਿ ਦਿੱਤਾ ਜਾਂਦਾ ਹੈ ਕਿ ਸਭਿਆਚਾਰ ਅਤੇ ਨਸਲ (Race) ਵਿਚ ਸਿੱਧਾ ਸੰਬੰਧ ਹੈ। ਪਰੰਤੂ ਖੋਜ ਉਪਰੰਤ ਇਹ ਸਿੱਟੇ ਪ੍ਰਾਪਤ ਹੋਏ ਹਨ ਕਿ ਨਸਲੀ ਵਿਸ਼ਿਸ਼ਟਤਾਵਾਂ ਦਾ ਸੰਬੰਧ ਵਾਯੂਮੰਡਲ ਪ੍ਰਤੀ ਅਪਣਾਏ ਗਏ ਮਨੁੱਖੀ ਪੈਂਤੜਿਆਂ ਨਾਲ ਹੀ ਹੈ। ਇਨ੍ਹਾਂ ਦਾ ਬੁੱਧੀਮੱਤਾਂ ਜਾਂ ਸਭਿਆ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਰਕ ਉੱਚਤਾ ਨਾਲ ਕੋਈ ਸੰਬੰਧ ਨਹੀਂ। ਜਿਵੇਂ ਪਿਛਲੀਆਂ ਕੁਝ ਪੀੜ੍ਹੀਆਂ ਤੋਂ ਇੰਗਲੈਂਡ ਜਾ ਕੇ ਵੱਸੇ ਪੰਜਾਬੀ ਲੋਕ ਇਹ ਕਹਿੰਦੇ ਮਿਲਣਗੇ ਕਿ ਉਹ ਇੰਗਲੈਂਡ ਨਾਲੋਂ ਭਾਰਤੀ ਪੰਜਾਬੀਆਂ ਦੇ ਵਧੇਰੇ ਨੇੜੇ ਹਨ। ਪਰ ਜੇ ਉਨ੍ਹਾਂ ਨੂੰ ਪੰਜਾਬ ਵਿਚ ਆ ਕੇ ਰਹਿਣਾ ਪਵੇ ਤਾਂ ਉਨ੍ਹਾਂ ਨੂੰ ਪ੍ਰਤੱਖ ਹੋ ਜਾਵੇਗਾ ਕਿ ਹੁਣ ਉਨ੍ਹਾਂ ਵਿਚ ਉਹ ਸਭਿਆਚਾਰਿਕ ਲਚਿਕ ਨਹੀਂ ਰਹੀ ਜਿਸ ਦੁਆਰਾ ਉਹ ਪੰਜਾਬ ਵਿਚ ਰਹਿੰਦੇ ਗਰੁੱਪ ਦੇ ਸਫਲ ਮੈਂਬਰ ਅਧਵੇ [illegible]। ਇਨ੍ਹਾਂ ਲੋਕਾਂ ਲਈ ਉਹ ਸਭਿਆਚਾਰ, ਜਿਹੜਾ ਉਹ ਅੰਗਰੇਜ਼ਾਂ ਨਾਲ ਹੰਢਾ ਰਹੇ ਹਨ, ਵਧੇਰੇ ਮਹੱਤਵਪੂਰਣ ਹੈ; ਬਨਿਸਬਤ ਉਨ੍ਹਾਂ ਸ਼ਰੀਰਕ ਲੱਛਣਾਂ ਦੇ ਜਿਹੜੇ ਉਨ੍ਹਾਂ ਦੇ ਭਾਰਤੀ ਪੰਜਾਬੀਆ ਨਾਲ ਸਾਂਝੇ ਹਨ।

8129

(ਏ) ਸਭਿਆਚਾਰ ਪ੍ਰਤੀਕਾਂ ਉਪਰ ਆਧਾਰਿਤ ਹੈ

ਇਕ ਅਮਰੀਕਨ ਮਾਨਵ ਵਿਗਿਆਨੀ ਲੈਸਲੀ ਵ੍ਹਾਈਟ ਦਾ ਵਿਚਾਰ ਹੈ ਕਿ ਸਮੁੱਚਾ ਮਨੁੱਖੀ-ਵਿਵਹਾਰ ਪ੍ਰਤੀਕਾਂ ਉਪਰ ਆਧਾਰਿਤ ਹੈ। ਕਲਾ, ਧਰਮ ਅਤੇ ਮੁਦਰਾ (Money), ਇਹ ਸਭ ਪ੍ਰਤੀਕ-ਆਧਾਰਿਤ ਹਨ। ਅਸੀਂ ਸਭ ਜਾਣਦੇ ਹਾਂ ਕਿ ਧਰਮ ਦੇ ਪ੍ਰਤੀਕ ਸ਼ਰਧਾਲੂਆਂ ਉਪਰ ਕਿਤਨਾ ਸ਼ਕਤੀਸ਼ਾਲੀ ਪ੍ਰਭਾਵ ਰੱਖਦੇ ਹਨ। ਇਕ ਸਲੀਬ, ਇਕ ਬੁੱਤ, ਇਕ ਖੰਡਾ ਜਾਂ ਪੂਜਾ-ਆਰਾਧਨਾ ਨਾਲ ਸੰਬੰਧਿਤ ਕੋਈ ਵੀ ਹੋਰ ਪ੍ਰਤੀਕ ਸ਼ਰਧਾਲੂਆਂ ਦੇ ਮਨਾਂ ਵਿਚ ਆਪਣੇ-ਆਪ ਕਿਸੇ ਧਰਮ ਦੀ ਸਦੀਆਂ ਵਿਚ ਕੀਤੀ ਗਈ ਸੰਘਰਸ਼ਮਈ ਸਾਧਨਾ ਅਤੇ ਲਹੂ-ਲੁਹਾਣ ਇਤਿਹਾਸ ਨੂੰ ਉਨ੍ਹਾਂ ਦੇ ਮਨ ਮਸਤਿਕ ਵਿਚ ਉਜਾਗਰ ਕਰ ਸਕਦਾ ਹੈ। ਅਜਿਹੇ ਪ੍ਰਤੀਕ ਕਿਸੇ ਧਰਮ ਦੀ ਸਮੁੱਚੀ ਵਿਚਾਰਧਾਰਾ ਨੂੰ ਪ੍ਰਤੀਬਿੰਬਤ ਕਰਨ ਦੀ ਸਮਰੱਥਾ ਰੱਖਦੇ ਹਨ। ਪਰੰਤੂ ਸਭਿਆਚਾਰ ਦਾ ਸਭ ਤੋਂ ਵੱਧ ਮਹੱਤਮਪੂਰਣ ਪ੍ਰਤੀ-ਕਾਤਮਕ ਪੱਖ ਭਾਸ਼ਾ ਹੈ। ਭਾਸ਼ਾ, ਵਸਤਾਂ ਦੀ ਥਾਂ ਸ਼ਬਦਾਂ ਦਾ ਸਫਲ ਪ੍ਰਯੋਗ ਕਰਦੀ ਹੈ। ਸਾਲਤੇ ਲਿਖਦਾ ਹੈ, "ਪ੍ਰਤੀਕਮਈ ਭਾਸ਼ਾ ਇਕ ਅਜਿਹੀ ਨੀਂਹ ਹੈ, ਜਿਸ ਉਪਰ ਮਾਨਵੀ ਸਭਿਆਚਾਰ ਉਸਰੇ ਹਨ।" ਪ੍ਰਤੀਕਾਂ ਤੋਂ ਬਿਨਾਂ ਇਨ੍ਹਾਂ ਸਭਿਆਚਾਰਾਂ ਦੀਆਂ ਵੱਖ-ਵੱਖ ਸੰਸਥਾਵਾਂ (ਰਾਜਨੈਤਿਕ ਸੰਗਠਨ, ਧਰਮ, ਕਲਾਵਾਂ, ਆਰਥਿਕ ਸੰਸਥਾਵਾਂ ਆਦਿਕ) ਦੀ ਉਸਾਰੀ ਅਸੰਭਵ ਸੀ। ਸੈਪਿਰ ਲਿਖਦਾ ਹੈ ਕਿ ਭਾਸ਼ਾ ਦੇ ਮਾਧਿਅਮ ਦੁਆਰਾ ਹੀ ਆਦਮੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਸਭਿਆਚਾਰ ਨੂੰ ਸੰਚਰਿਤ ਕਰ ਸਕਿਆ ਹੈ।

(ਸ) ਸਭਿਆਚਾਰ ਇਕ ਸੰਯੁਕਤ-ਸਮੂਹ ਹੈ

ਤੁਲਨਾਤਮਕ ਅਧਿਐਨ ਅਤੇ ਵਿਸ਼ਲੇਸ਼ਣ ਲਈ ਅਸੀਂ ਸਭਿਆਚਾਰ ਨੂੰ ਕਈ ਵਾਰ ਵੱਖਰੇ-ਵੱਖਰੇ ਤੱਤਾਂ ਵਿਚ ਨਿਖੇੜ ਦਿੰਦੇ ਹਾਂ ਪਰ ਅਜਿਹੇ ਨਿਖੇੜ ਐਵੇਂ ਆਰਜ਼ੀ ਅਤੇ ਆਪਹੁਦਰੇ ਹੁੰਦੇ ਹਨ। ਜਦੋਂ ਕੋਈ ਮਾਨਵ-ਵਿਗਿਆਨੀ ਕਿਸੇ ਸਭਿਆਚਾਰ ਦਾ ਇਕ ਪੱਖ ਦਾ ਅਧਿਐਨ ਕਰ ਰਿਹਾ ਹੁੰਦਾ ਹੈ ਤਾਂ ਅਚਾਨਕ ਉਹ ਮਹਿਸੂਸ ਕਰਦਾ ਹੈ ਕਿ ਉਸ ਦਾ ਅਧਿਐਨ ਆਪਣੇ ਆਪ ਕਿਸੇ ਦੂਜੇ ਪੱਖ ਉਪਰ ਜਾ ਪਹੁੰਚਿਆ ਹੈ। ਸਭਿਆਚਾਰ ਦੀ ਇਸ ਤਰ੍ਹਾਂ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤਰ-ਸੰਬੰਧਿਤ ਸਮੁੱਚ ਦੇ ਰੂਪ ਵਿਚ ਕ੍ਰਿਆਸ਼ੀਲ ਹੋਣ ਦੀ ਪ੍ਰਵਿਰਤੀ ਨੂੰ ਅਸੀਂ ਸੰਯੁਕਤ-ਸਮੂਹ (integration) ਦਾ ਨਾਮ ਦਿੰਦੇ ਹਾਂ। ਕਿਸੇ ਸਮਾਜ ਦੇ ਅ ਰਥਿਕ, ਰਾਜਨੈਤਿਕ ਅਤੇ ਸਮਾਜਕ ਧਰਾਤਲਾਂ ਦੇ ਸੰਯੁਕਤ ਸਮੂਹ ਵਿਚ ਬੱਝੇ ਹੋਣ ਦੇ ਵਿਚਾਰ ਨੂੰ ਅਸੀਂ ਨਿਊ ਗਿਨੀ ਦੇ ਇਕ ਪਹਾੜੀ ਕਬੀਲੇ, ਕਪੌਕੂ ਪਾਪੂਆਨ ਦੀ ਉਦਾਹਰਣ ਦੁਆਰਾ ਸਮਝ ਸਕਦੇ ਹਾਂ। ਇਸ ਕਬੀਲੇ ਦੀ ਜੀਵਨ ਜਾਚ ਦਾ ਅਧਿਐਨ ਲਿਊਪੋਲਡ ਪੋਸਪਿਜ਼ਲ (Leopold Pospisil) ਨੇ ਕੀਤਾ ਸੀ। ਉਸ ਅਨੁਸਾਰ ਇਸ ਕਬੀਲੇ ਦੀ ਆਮਦਨ ਸੂਰ-ਪਾਲਣ ਉਪਰ ਆਧਾਰਿਤ ਹੈ ਅਤੇ ਦੌਲਤ ਹੀ ਰਾਜਨੈਤਿਕ ਅਥਵਾ ਕਾਨੂੰਨੀ ਲੀਡਰਸ਼ਿਪ ਦੀ ਕੁੰਜੀ ਹੈ। ਸੂਰਾਂ ਨੂੰ ਸ਼ਕਰਕੰਦੀ ਖੁਆਈ ਜਾਂਦੀ ਹੈ; ਇਸ ਲਈ ਖੇਤੀ-ਬਾੜੀ ਉਥੋਂ ਦਾ ਪ੍ਰਧਾਨ ਕਿੱਤਾ ਹੈ। ਕਿਉਂਕਿ ਸੂਰ ਪਾਲਣਾ ਅਤੇ ਸ਼ਕਰਕੰਦੀ ਦੀ ਖੇਤੀ ਕਰਨਾ ਔਰਤਾਂ ਦੀ ਜ਼ਿੰਮੇਵਾਰੀ ਹੈ, ਇਸ ਲਈ ਇਸਤ੍ਰੀਆਂ ਅਤੇ ਦੌਲਤ ਇਕੱਠੀ ਕਰਨ ਵਿਚ ਸਿੱਧਾ ਰਿਸ਼ਤਾ ਹੈ। ਇਸ ਕਬੀਲੇ ਦੇ ਆਦਮੀ ਬਹੁਪਤਨੀਵਾਦੀ ਹਨ। ਇਕ ਆਦਮੀ ਜਿਤਨੀਆਂ ਔਰਤਾਂ ਰੱਖੇਗਾ, ਉਤਨੀ ਹੀ ਉਸ ਨੂੰ ਸੂਰ ਪਾਲਣ ਅਤੇ ਖੇਤੀ ਕਰਨ ਵਿਚ ਸੁਵਿਧਾ ਰਹੇਗੀ ਅਤੇ ਇਸੇ ਅਨੁਪਾਤ ਨਾਲ ਉਹ ਧੰਨਵਾਦ ਬਣ ਕੇ ਕਬੀਲੇ ਦਾ ਮੁਖੀ ਬਣ ਸਕੇਗਾ। ਕਿਉਂਕਿ ਇਕ ਆਦਮੀ ਨੂੰ ਪਤਨੀ ਲਈ ਕਾਫ਼ੀ ਜ਼ਿਆਦਾ ਕੀਮਤ ਦੇਣੀ ਪੈਂਦੀ ਹੈ, ਇਸ ਲਈ ਆਦਮੀ ਔਰਤਾਂ ਦੀ ਮਿਹਨਤ ਦਾ ਵੱਧ ਤੋਂ ਵੱਧ ਫ਼ਾਇਦਾ ਉਠਾਉਂਦਾ ਹੈ। ਇਸਤ੍ਰੀ ਖੇਤੀ ਦੀ ਕਟਾਈ ਅਤੇ ਸਫ਼ਾਈ ਦਾ ਕੰਮ ਉਸ ਸਮੇਂ ਤਕ ਨਹੀਂ ਕਰ ਸਕਦੀ ਜਦੋਂ ਤਕ ਆਦਮੀ ਜ਼ਮੀਨ ਸਾਫ਼ ਸੁਥਰੀ ਕਰਕੇ ਸੁਕਾ ਨਾ ਦੇਵੇ। ਇਸ ਵਾਸਤੇ ਆਦਮੀ ਨੂੰ ਵੀ ਆਪਣੀਆਂ ਔਰਤਾਂ ਦੇ ਅਨੁਪਾਤ ਨਾਲ ਵੱਧ ਕੰਮ ਕਰਨਾ ਪੈਂਦਾ ਹੈ।

ਕਪੌਕੂ ਕਬੀਲੇ ਦੇ ਸਭਿਆਚਾਰ ਵਿਚ ਸ਼ਕਰਕੰਦੀ ਨੂੰ ਦੌਲਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਕਿਉਂਕਿ ਇਹ ਸੂਰ ਪਾਲਣ ਵਿਚ ਸਹਾਈ ਹੁੰਦੀ ਹੈ ਜਿਨ੍ਹਾਂ ਨੂੰ ਵੇਚ ਕੇ ਇਸ ਕਬੀਲੇ ਦੇ ਲੋਕ ਦੌਲਤ ਇਕੱਤਰ ਕਰਦੇ ਹਨ। ਪਰ ਕਿਉਂਕਿ ਕੇਵਲ ਔਰਤਾਂ ਹੀ ਸ਼ਕਰ-ਕੰਦੀ ਦੀ ਖੇਤੀ ਕਰਦੀਆਂ ਹਨ ਅਤੇ ਸੂਰ ਪਾਲਦੀਆਂ ਹਨ, ਇਸ ਲਈ ਔਰਤਾਂ ਦੀ ਬਹੁਤਾਤ ਵੀ ਧਨ ਦੇ ਇਕੱਤਰੀਕਰਨ ਵਿਚ ਸਹਾਈ ਹੁੰਦੀ ਹੈ। ਜਿਸ ਆਦਮੀ ਦੀਆਂ ਬਹੁਤੀਆਂ ਪਤਨੀਆਂ ਹਨ, ਉਸੇ ਪਾਸ ਬਹੁਤੇ ਸੂਰ ਹਨ, ਬਹੁਤੀ ਫ਼ਸਲ ਹੈ ਅਤੇ ਉਹੀ ਸਭ ਤੋਂ ਵੱਧ ਧਨਵਾਨ ਹੈ। ਬਹੁਪਤਨੀਵਾਦੀ ਸਮਾਜ ਵਿਚ ਜਵਾਨ ਆਦਮੀਆਂ ਦੀ ਤੁਲਨਾ ਵਿਚ ਜਵਾਨ ਔਰਤਾਂ ਦੀ ਬਹੁਤਾਤ ਹੁੰਦੀ ਹੈ। ਇਸ ਅਨੁਪਾਤ ਨੂੰ ਬਣਾਈ ਰੱਖਣ ਲਈ ਇਨ੍ਹਾਂ ਲੋਕਾਂ ਵਿਚ ਅੰਤਰ-ਕਬੀਲਾ ਲੜਾਈਆਂ ਦੀ ਪ੍ਰਥਾ ਹੈ। ਕੋਈ ਵੀ ਕਪੌਕੂ, ਯੁੱਧ ਦੇ ਦੌਰਾਨ ਕਿਸੇ ਮੁਟਿਆਰ ਨੂੰ ਤੀਰ ਨਹੀਂ ਮਾਰਦਾ। ਇਸ ਗੱਲ ਨੂੰ ਅਤਿਅੰਤ ਅਨੈਤਿਕ ਮੰਨਿਆ ਜਾਂਦਾ ਹੈ। ਕਿਉਂਕਿ ਇਨ੍ਹਾਂ ਲੜਾਈਆਂ ਵਿਚ ਬਹੁਤ ਸਾਰੇ ਨੌਜਵਾਨ ਮਾਰੇ ਜਾਂਦੇ ਹਨ ਇਸ ਲਈ ਜਵਾਨਾਂ ਅਤੇ ਮੁਟਿਆਰਾਂ ਵਿਚ ਇੱਛਿਤ ਅਨੁਪਾਤ ਬਣਿਆ ਰਹਿੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਨਿਊ ਗਿਨੀ ਦੇ ਇਸ ਸਮਾਜ ਵਿਚ ਲੜਾਈਆਂ ਉਪਰ ਪਾਬੰਦੀ ਲਗਾ ਦਿਤੀ ਜਾਵੇ ਤਾਂ ਇਸਤਰੀ-ਪੁਰਖਾਂ ਦੇ ਦਰਮਿਆਨ ਅਨੁਪਾਤ ਅਸੰਤੁਲਿਤ ਹੋ ਜਾਏਗਾ, ਬਹੁਪਤਨੀ-ਵਾਦੀ ਸਮਾਜ ਦੇ ਸੰਕਲਪ ਨੂੰ ਢਾਹ ਲੱਗੇਗੀ। ਜੇ ਖੇਤੀਬਾੜੀ ਦੀਆਂ ਨਵੀਨ ਵਿਧੀਆ ਇਸ ਸਮਾਜ ਉਤੇ ਲਾਗੂ ਕਰ ਦਿਤੀਆਂ ਜਾਣ ਤਾਂ ਔਰਤ ਦੀ ਮਜ਼ਦੂਰੀ ਦੇ ਕੋਈ ਅਰਥ ਨਹੀਂ ਰਹਿਣਗੇ। ਬਹੁਤ ਸਾਰੀਆਂ ਜਵਾਨ ਔਰਤਾਂ ਬੇਰੁਜ਼ਗਾਰ ਹੋ ਜਾਣਗੀਆਂ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਾਪੌਕੂ ਸਭਿਆਚਾਰ ਦੇ ਵੱਖਰੇ-ਵੱਖਰੇ ਤੱਤ —ਆਰਥਿਕ, ਰਾਜਨੈਤਿਕ ਅਤੇ ਸਮਾਜਕ —ਇਕ ਦੂਜੇ ਨਾਲ ਪੂਰੀ ਤਰ੍ਹਾਂ ਇਕ ਰਿਸ਼ਤੇ ਵਿਚ ਤਣੇ ਹੋਏ ਹਨ। ਸ਼ਕਰਕੰਦੀ ਅਤੇ ਸੂਰਾਂ ਦਾ ਉਤਪਾਦਨ, ਬਹੁਪਤਨੀਵਾਦ ਦਾ ਰਿਵਾਜ ਅਤੇ ਅੰਤਰ-ਕਬੀਲਾ ਲੜਾਈਆਂ ਦੀ ਪਰੰਪਰਾ, ਇਹ ਸਭ ਇਕ ਗੇਅਰ-ਸਿਸਟਮ ਦੇ ਦੰਦਿਆਂ ਵਾਂਗ ਇਕੱਠੇ ਕੰਮ ਕਰਦੇ ਹਨ। ਇਸ ਤਰ੍ਹਾਂ ਸਭਿਆਚਾਰ ਦੀ ਇਕ ਮਸ਼ੀਨ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ; ਇਸ ਦੇ ਵੱਖ-ਵੱਖ ਭਾਗ ਇਕ ਦੂਜੇ ਨਾਲ ਸਮਾਯੋਜਿਤ ਹੋਣੇ ਚਾਹੀਦੇ ਹਨ, ਨਹੀਂ ਤਾਂ ਇਹ ਠੀਕ ਤਰ੍ਹਾਂ ਕੰਮ ਨਹੀਂ ਕਰ ਸਕੇਗੀ।

ਸਭਿਆਚਾਰਕ ਰੂਪ-ਅਨੁਕੂਲਤਾ

ਜਿਤਨੀ ਪ੍ਰਕਾਰ ਦਾ ਵਾਯੂ-ਮੰਡਲ ਹੋ ਸਕਦਾ ਹੈ, ਸਭਿਆਚਾਰਕ ਰੂਪ-ਅਨੁਕੂਲਤਾ ਵੀ ਉਤਨੀ ਪ੍ਰਕਾਰ ਦੀ ਹੋ ਸਕਦੀ ਹੈ। ਇਕ ਅਮਰੀਕੀ ਮਾਨਵ-ਵਿਗਿਆਨੀ ਨੈਪੋਲੀਅਨ ਏ, ਚੈਗਨਾਨ (Napolen A, Chagnon) ਨੇ ਬਰਾਜ਼ੀਲ ਵਿਚ ਵੱਸਦੇ ਯਾਨੋਮਾਮੇ ਕਬੀਲੇ ਦਾ ਅਧਿਐਨ ਕਰਨ ਉਪਰੰਤ ਇਹ ਸਿੱਟਾ ਕੱਢਿਆ ਕਿ ਵਿਅਕਤੀ ਆਪਣੇ ਸਮਾਜਿਕ-ਰਾਜਨੈਤਿਕ ਪਰਿਵੇਸ਼ ਅਨੁਸਾਰ ਢਲ ਜਾਂਦਾ ਹੈ। ਯਾਨੋਮਾਮੇ ਇਕ ਖਾੜਕੂ ਕਬੀਲਾ ਹੈ ਜੋ 40 ਤੋਂ 250 ਤਕ ਦੇ ਗਰੁੱਪਾਂ ਵਿਚ ਰਹਿੰਦਾ ਹੈ। ਇਨ੍ਹਾਂ ਦੀ ਜ਼ਿੰਦਗੀ ਕੇਲੇ ਦੇ ਬਾਗਾਂ ਦੇ ਇਰਦ-ਗਿਰਦ ਘੁੰਮਦੀ ਹੈ। ਇਨ੍ਹਾਂ ਲੋਕਾਂ ਵਿਚ ਸ਼ਾਂਤੀ ਬੜੀ ਅਨਿਸ਼ਚਿਤ ਹੈ ਇਸ ਲਈ ਉਹ ਸਦਾ ਆਪਣਾ ਪਿੰਡ ਛੱਡਣ ਲਈ ਤਿਆਰ ਰਹਿੰਦੇ ਹਨ। ਪਰ ਕਿਉਂਕਿ ਦੂਸਰੇ ਥਾਂ ਜਾ ਕੇ ਅਜਿਹਾ ਬਾਗ ਲਗਾਉਣਾ ਬੜਾ ਮੁਸ਼ਕਿਲ ਹੁੰਦਾ ਹੈ, ਸੋ ਇਹ ਲੋਕ ਅਖੀਰ ਤਕ ਇਸ ਬਾਗ਼ ਦੀ ਰਖਵਾਲੀ ਲਈ ਲੜਦੇ ਹਨ। ਕਈ ਵਾਰ ਤਾਂ ਕੁਝ ਪਿੰਡਾਂ ਦੇ ਲੋਕ ਆਪਸ ਵਿਚ ਸਮਝੌਤੇ ਕਰ ਲੈਂਦੇ ਹਨ ਅਤੇ ਇਕ ਨੂੰ ਭੀੜ ਪੈਣ ਦੀ ਸੂਰਤ ਵਿਚ ਦੂਜਾ ਪਿੰਡ ਉਨ੍ਹਾਂ ਦੀ ਸਹਾਇਤਾ ਨੂੰ ਪਹੁੰਚਦਾ ਹੈ।

ਯਾਨੋਮਾਮਾ ਲੋਕ ਇਤਨੇ ਖਾੜਕੂ ਹੁੰਦੇ ਹਨ ਕਿ ਇਕ ਪਿੰਡ ਵਿਚ ਵੱਸਣ ਵਾਲੇ 100 ਦੇ ਲਗਪਗ ਲੋਕ ਆਪਸ ਵਿਚ ਵੀ ਭਿੜ ਪੈਂਦੇ ਹਨ। ਆਪਣੇ ਹੀ ਪਿੰਡ ਵਾਸੀਆਂ ਨਾਲ ਨਾਰਾਜ਼ ਲੋਕ ਇਕ ਨਵਾਂ ਬਾਗ ਬਣਾਉਣ ਲਈ ਵੱਖਰੀ ਥਾਂ ਚਲੇ ਜਾਂਦੇ ਹਨ। ਭਾਵੇਂ ਇਹ ਕੰਮ ਬਹੁਤ ਕਠਿਨ ਹੁੰਦਾ ਹੈ ਪਰ ਉਨ੍ਹਾਂ ਦੀ ਰਾਜਨੈਤਿਕ ਰਹਿਣੀ-ਬਹਿਣੀ ਉਨ੍ਹਾਂ ਤੋਂ ਅਕਸਰ ਇਹੋ ਜਹੇ ਵਤੀਰੇ ਦੀ ਮੰਗ ਕਰਦੀ ਹੈ। ਭਾਵੇਂ ਇਹ ਲੋਕ ਖੇਤੀਬਾੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਦੇ ਹਨ ਪਰਤੂ ਉਨ੍ਹਾਂ ਦੀ ਬਾਗ਼ ਲਾਉਣ ਦੀ ਜਗ੍ਹਾ ਦੀ ਚੋਣ ਰਾਜਨੀਤਿਕ ਮਨਸੂਬਿਆਂ ਉੱਪਰ ਨਿਰਭਰ ਕਰਦੀ ਹੈ ।

ਸਭਿਆਚਾਰ ਅਤੇ ਪਰਿਵਰਤਨ

ਕੁਝ ਸਮੇਂ ਬਾਅਦ ਹਰ ਸਭਿਆਚਾਰ ਵਿਚ ਪਰਿਵਰਤਨ ਆ ਜਾਂਦੇ ਹਨ । ਇਸਦਾ ਕਾਰਣ ਕੁਝ ਬਾਹਰਲੇ ਲੋਕਾਂ ਦਾ ਉਸ ਸਭਿਆਚਾਰ ਵਿਚ ਪ੍ਰਵੇਸ਼ ਕਰਨਾ ਵੀ ਹੋ ਸਕਦਾ ਹੈ ਅਤੇ ਇਕ ਸਭਿਆਚਾਰ ਅੰਦਰ ਹੀ ਵਿਵਹਾਰ ਅਤੇ ਜੀਵਨ-ਮੁੱਲਾਂ ਵਿਚ ਕੁਝ ਸੰਸ਼ੋਧਨ ਵੀ ਹੋ ਸਕਦਾ ਹੈ । ਸਾਡੇ ਸਭਿਆਚਾਰ ਵਿਚ ਪੌਸ਼ਾਕ ਦੇ ਫੈਸ਼ਨ ਬੜੀ ਤੇਜ਼ੀ ਨਾਲ ਬਦਲਦੇ ਹਨ । ਸਾਨੂੰ ਪਿਛਲੇ ਵਰ੍ਹਿਆਂ ਤੋਂ ਇਹ ਸਭਿਆਚਾਰਕ ਪਰਵਾਨਗੀ ਮਿਲੀ ਹੋਈ ਹੈ ਕਿ ਪਹਿਰਾਵੇ ਵਿਚ ਅਸੀਂ ਆਪਣੇ ਸਰੀਰ ਨੂੰ ਵਧੇਰੇ ਮਾਤਰਾ ਵਿਚ ਨੰਗਾ ਰੱਖ ਸਕਦੇ ਹਾਂ । ਚਿੱਤਰਾਂ ਅਤੇ ਚੱਲ-ਚਿੱਤਰਾਂ ਵਿਚ ਵੀ ਕਾਫ਼ੀ ਖੁਲ੍ਹ ਪ੍ਰਾਪਤ ਹੋਈ ਹੈ । ਸਿੱਟੇ ਵਜੋਂ ਸਾਡੀਆਂ ਲਿੰਗ-ਧਾਰਨਾਵਾਂ ਅਤੇ ਵਿਵਹਾਰ ਵਿਚ ਢੇਰ ਫ਼ਰਕ ਆਇਆ ਹੈ ।

ਸਭਿਆਚਾਰਕ ਪਰਿਵਰਤਨ ਕਈ ਵਾਰ ਆਸ਼ਾ ਦੇ ਵਿਪਰੀਤ ਤਬਾਹਕੁਨ ਸਿੱਟੇ ਵੀ ਸਾਹਮਣੇ ਲਿਆਉਂਦਾ ਹੈ । ਆਸਟਰੇਲੀਆ ਦੇ ਯੀਰ-ਯਰਾਂਟ ਕਬੀਲੇ ਦੇ ਲੋਕਾਂ ਲਈ ਪੱਥਰ ਦਾ ਕੁਹਾੜਾ ਇਕ ਤਕਨੀਕੀ ਹਥਿਆਰ ਅਤੇ ਮਿਥਿਹਾਸਕ ਪ੍ਰਤੀਕ ਦੇ ਰੂਪ ਵਿਚ ਅਤਿਅੰਤ ਮਹੱਤਵਪੂਰਣ ਮੰਨਿਆ ਜਾਂਦਾ ਸੀ । ਇਹ ਕੁਹਾੜਾ ਉਨ੍ਹਾਂ ਦੇ ਕਬੀਲੇ ਦਾ 'ਟੋਟਮ' (Totem) ਅਤੇ ਮਰਦਾਨਗੀ ਦਾ ਇਕ ਪ੍ਰਤੀਕ ਸੀ । ਇਸ ਤਰ੍ਹਾਂ ਇਹ ਇਸ ਕਬੀਲੇ ਦੇ ਬ੍ਰਹਿਮੰਡ-ਵਿਗਿਆਨ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਸੀ । ਇਸ ਤੋਂ ਬਿਨਾ ਪੱਥਰ ਦੇ ਕੁਹਾੜੇ ਦੇ ਫ਼ਲ ਇਸ ਕਬੀਲੇ ਦੇ ਲੋਕਾਂ ਲਈ ਵਪਾਰ ਦੀ ਇਕ ਮਹੱਤਵਪੂਰਣ ਵਸਤੂ ਸਨ । ਕਬੀਲੇ ਦੇ ਰਵਾਇਤੀ ਇਕੱਠਾਂ ਸਮੇਂ ਇਨ੍ਹਾਂ ਪੱਥਰ ਦੇ ਕੁਹਾੜਿਆਂ ਦੀਆਂ ਮੰਡੀਆਂ ਲੱਗਦੀਆਂ ਅਤੇ ਕਿਉਂਕਿ ਇਹ ਬੜੀ ਘੱਟ ਗਿਣਤੀ ਵਿਚ ਬਣਦੇ ਸਨ, ਇਸ ਲਈ ਇਨ੍ਹਾਂ ਨੂੰ ਕੁਝ ਪ੍ਰਤਿਸ਼ਠਿਤ ਵਿਅਕਤੀ ਹੀ ਖ਼ਰੀਦ ਸਕਦੇ ਸਨ । ਕੁਝ ਵਰ੍ਹੇ ਪਹਿਲਾਂ ਕੁਝ ਈਸਾਈ ਮਿਸ਼ਨਰੀਆਂ ਨੇ ਇਸ ਕਬੀਲੇ ਦੇ ਲੋਕਾਂ ਨੂੰ ਸਟੀਲ ਦੇ ਕੁਹਾੜੇ ਲਿਆ ਦਿੱਤੇ । ਇਹ ਕੁਹਾੜੇ ਬਹੁਤ ਜ਼ਿਆਦਾ ਮਾਤਰਾ ਵਿਚ ਮਿਲਣ ਲੱਗੇ । ਇਥੋਂ ਤੱਕ ਕਿ ਬੱਚਿਆਂ ਅਤੇ ਇਸਤ੍ਰੀਆਂ ਪਾਸ ਵੀ ਆਪਣੇ ਆਪਣੇ ਕੁਹਾੜੇ ਹੋ ਗਏ । ਇਨ੍ਹਾਂ ਕੁਹਾੜਿਆਂ ਨੇ ਪੱਥਰ ਦੇ ਪੁਰਾਤਨ ਕੁਹਾੜਿਆਂ ਦੀ ਮੰਗ ਖ਼ਤਮ ਕਰ ਦਿੱਤੀ । ਸਿੱਟੇ ਵਜੋਂ ਪੱਥਰ ਦੇ ਕੁਹਾੜੇ ਦੀ ਮਰਦਾਨਗੀ ਦੇ ਇਕ ਪ੍ਰਤੀਕ ਵਜੋਂ ਪ੍ਰਤਿਸ਼ਠਾ ਖ਼ਤਮ ਹੋ ਗਈ ਅਤੇ ਕਿਉਂਕਿ ਸਟੀਲ ਦਾ ਕੁਹਾੜਾ ਕਬੀਲੇ ਦਾ 'ਟੋਟਮ' ਵਜੋਂ ਪਰਵਾਨਗੀ ਨਾ ਲੈ ਸਕਿਆ, ਇਸ ਲਈ ਇਸ ਕਬੀਲੇ ਦਾ ਸਾਰਾ ਵਿਚਾਰਧਾਰਕ ਢਾਂਚਾ ਬਿਖਰ ਗਿਆ । ਇਸ ਕਬੀਲੇ ਦੇ ਵਾਰਸ਼ਿਕ ਤੌਰ ਤੇ ਹੋਣ ਵਾਲੇ ਰਵਾਇਤੀ ਸਮਾਰੋਹ ਵੀ ਖ਼ਤਮ ਹੋ ਗਏ ਕਿਉਂਕਿ ਵਪਾਰ ਦੁਆਰਾ ਪੱਥਰ ਦੇ ਕੁਹਾੜੇ ਖ਼ਰੀਦਣੇ ਵਾਸਤੇ ਸਾਲਾਨਾ ਮੰਡੀਆਂ ਦੀ ਵੀ ਕੋਈ ਜ਼ਰੂਰਤ ਨਾ ਰਹੀ । ਲੋਹੇ ਦੇ ਕੁਹਾੜਿਆਂ ਦੀ ਆਮਦ ਨੇ ਇਸ ਕਬੀਲੇ ਦੀ ਸਮੁੱਚੀ ਸੰਰਚਨਾ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਅਜੇ ਤੱਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੁਰਾਣੀ ਤਰਜ਼-ਜ਼ਿੰਦਗੀ ਦਾ ਕੋਈ ਬਦਲ ਨਹੀਂ ਢੂੰਡਿਆ ਜਾ ਸਕਿਆ।

ਸਭਿਆਚਾਰ ਦੇ ਪ੍ਰਕਾਰਜ

ਜੇ ਸਭਿਆਚਾਰ ਆਪਣੇ ਮੈਂਬਰਾਂ ਦੀਆਂ ਕੁਝ ਮੁੱਢਲੀਆਂ ਜ਼ਰੂਰਤਾਂ ਦੀ ਪੂਰਤੀ ਨਹੀਂ ਕਰਦਾ ਤਾਂ ਇਹ ਜੀਵਤ ਨਹੀਂ ਰਹਿ ਸਕਦਾ। ਇਹ ਸਭਿਆਚਾਰ ਜਿਸ ਡਿਗਰੀ ਤੱਕ ਇਨ੍ਹਾਂ ਜ਼ਰੂਰਤਾਂ ਦੀ ਪੂਰਤੀ ਕਰਦਾ ਹੈ, ਉਸੇ ਅਨੁਪਾਤ ਨਾਲ ਇਨ੍ਹਾਂ ਨੂੰ ਸਫ਼ਲ ਕਿਹਾ ਜਾ ਸਕਦਾ ਹੈ। 'ਸਫ਼ਲਤਾ' ਸਭਿਆਚਾਰ ਦੇ 'ਅੰਦਰਲਿਆਂ ਦੇ' ਮੁੱਲਾਂ ਨਾਲ ਜੁੜੀ ਰਹਿੰਦੀ ਹੈ। 'ਕੋਈ ਬਾਹਰਲਾ' ਕਿਸੇ ਸਭਿਆਚਾਰ ਨੂੰ 'ਅਸਫ਼ਲ' ਵੀ ਕਹਿ ਸਕਦਾ ਹੈ। ਇਕ ਸਭਿਆਚਾਰ ਨੂੰ ਜੀਵਨ ਲਈ ਜ਼ਰੂਰੀ ਵਸਤਾਂ ਅਤੇ ਸਥਿਤੀਆਂ ਜ਼ਰੂਰ ਮੁਹੱਈਆ ਕਰਨੀਆਂ ਚਾਹੀਦੀਆਂ ਹਨ। ਆਪਣੇ ਮੈਂਬਰਾਂ ਦੁਆਰਾ ਪੁਨਰ-ਸਿਰਜਣਾ (Reproduction) ਦੇ ਅਮਲ ਨੂੰ ਠੀਕ ਤਰ੍ਹਾਂ ਲਾਗੂ ਕਰਵਾ ਕੇ, ਵਿਕਾਸ ਨੂੰ ਜਾਰੀ ਰੱਖਣਾ ਵੀ ਇਕ ਸਭਿਆਚਾਰ ਲਈ ਜ਼ਰੂਰੀ ਹੈ। ਕਿਸੇ ਸਭਿਆਚਾਰ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਉਹ ਨਵੇਂ ਮੈਂਬਰਾਂ ਦਾ ਸਮਾਜੀਕਰਣ ਕਰੇ ਤਾਂਕਿ ਉਹ ਬਾਲਗ਼ ਹੋਣ ਉਪਰੰਤ ਸਭਿਆਚਾਰ ਦੇ ਪ੍ਰਕਾਰਜ ਵਿਚ ਸਹਾਈ ਹੋਣ। ਇਸ ਨੂੰ ਆਪਣੇ ਮੈਂਬਰਾਂ ਵਿਚ ਇਕ ਅਨੁਸ਼ਾਸ਼ਨ ਵੀ ਬਣਾਈ ਰੱਖਣਾ ਪੈਂਦਾ ਹੈ। ਆਪਣੇ ਮੈਂਬਰਾਂ ਅਤੇ ਬਾਹਰਲਿਆਂ ਵਿਚ ਵੀ ਇਕ ਤਾਲ-ਮੇਲ ਬਣਾਉਣਾ ਪੈਂਦਾ ਹੈ। ਇਸ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਇਹ ਆਪਣੇ ਮੈਂਬਰਾਂ ਵਿਚ ਜਿਊਂਦੇ ਰਹਿਣ ਦੀ ਭਾਵਨਾ ਬਣਾਈ ਰੱਖੇ ਅਤੇ ਇਸ ਭਾਵਨਾ ਅਧੀਨ ਉਹ ਆਪਣੇ ਸਭਿਆਚਾਰ ਨੂੰ ਬਚਾਈ ਰੱਖਣ ਲਈ ਸੰਘਰਸ਼ਸ਼ੀਲ ਰਹਿਣ।

ਸਭਿਆਚਾਰ ਦਾ ਮੁੱਲਅੰਕਣ

ਸਭਿਆਚਾਰੀਕਰਣ ਦੇ ਅਮਲ ਦਾ ਇਹ ਇਕ ਅਟੁੱਟ ਹਿੱਸਾ ਹੈ ਕਿ ਕਿਸੇ ਵੀ ਸਭਿਆਚਾਰ ਨਾਲ ਜੁੜਿਆ ਹੋਇਆ ਬੰਦਾ ਇਹ ਮਹਿਸੂਸ ਕਰੇ ਕਿ ਉਸੇ ਦਾ ਸਭਿਆਚਾਰ ਸਭ ਤੋਂ ਮਹਾਨ ਹੈ। ਉਨ੍ਹੀਵੀਂ ਸਦੀ ਤੱਕ ਪੱਛਮੀ ਵਿਅਕਤੀ ਨੂੰ ਇਸ ਗੱਲ ਦਾ ਪੱਕਾ ਵਿਸ਼ਵਾਸ ਸੀ ਕਿ ਉਨ੍ਹਾਂ ਦੇ ਸਭਿਆਚਾਰ ਨੇ ਮਾਨਵਤਾ ਦੇ ਸਿਖ਼ਰ ਨੂੰ ਛੋਹ ਲਿਆ ਹੈ। ਪਰੰਤੂ ਕੁਝ ਮਾਨਵ-ਵਿਗਿਆਨੀਆਂ ਨੇ ਇਹ ਸਿੱਟਾ ਕੱਢਿਆ ਕਿ ਹਰ ਸਭਿਆਚਾਰ ਆਪਣੇ ਆਪ ਨੂੰ ਸਰਵੋਤਮ ਮੰਨਦਾ ਹੈ। ਉਨ੍ਹਾਂ ਨੇ ਇਸ ਵਿਸ਼ਵਾਸ ਨੂੰ ਐਥਨੋ-ਸੈਂਟਰਿਜ਼ਮ (Ethno-Centrism) ਕਿਹਾ ਜਾਂਦਾ ਹੈ। ਕਿਸੇ ਦੂਜੇ ਸਭਿਆਚਾਰ ਨੂੰ 'ਐਥਨੋਸੈਂਟਰਿਜ਼ਮ' ਦੇ ਪੈਮਾਨੇ ਦੁਆਰਾ ਅਧਿਐਨ ਕੀਤਿਆਂ ਸਹੀ ਪਰਿਣਾਮ ਨਹੀਂ ਨਿਕਲ ਸਕਦੇ। ਜਦੋਂ ਕੁਝ ਮਾਨਵ-ਵਿਗਿਆਨੀ ਕਥਿਤ ਜਾਂਗਲੀਆਂ ਅਤੇ ਪਛੜੇ ਹੋਏ ਲੋਕਾਂ ਵਿਚ ਜਾ ਕੇ ਰਹੇ ਤਾਂ ਉਨ੍ਹਾਂ ਨੂੰ ਪ੍ਰਤੱਖ ਹੋ ਗਿਆ ਕਿ ਇਨ੍ਹਾਂ ਲੋਕਾਂ ਦਾ ਸਭਿਆਚਾਰ ਵੀ ਉਨ੍ਹਾਂ ਦੇ ਆਪਣੇ ਸਭਿਆਚਾਰ ਨਾਲ, ਮਾਡਲ ਦੇ ਰੂਪ ਵਿਚ, ਬਹੁਤ ਹੱਦ ਤੱਕ ਮਿਲਦਾ-ਜੁਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੋਂ ਮਾਨਵ-ਵਿਗਿਆਨੀਆਂ ਨੇ ਇਕ ਸਭਿਆਚਾਰ ਨੂੰ ਸੁਤੰਤਰ ਰੂਪ ਵਿਚ ਅਧਿਐਨ ਦਾ ਵਿਸ਼ੈ ਬਣਾਉਣ ਦਾ ਕਾਰਜ ਆਰੰਭ ਕੀਤਾ। ਉਨ੍ਹਾਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਕੀ ਕੋਈ ਸਭਿਆਚਾਰ ਉਸ ਦੇ ਆਪਣੇ ਲੋਕਾਂ ਦੀਆਂ ਜ਼ਰੂਰਤਾਂ ਅਤੇ ਆਕਾਂਖਿਆਵਾਂ ਦੀ ਪੂਰਤੀ ਕਰਦਾ ਹੈ ਜਾਂ ਨਹੀਂ। ਉਦਾਹਰਣ ਲਈ ਜੇ ਕਿਸੇ ਸਭਿਆਚਾਰ ਦੇ ਲੋਕ ਮਾਨਵ-ਭਕਸ਼ੀ (Cannibals) ਹਨ ਤਾਂ ਇਨ੍ਹਾਂ ਮਾਨਵ-ਵਿਗਿਆਨੀਆਂ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਉਸ ਸਭਿਆਚਾਰ ਵਿਚ ਮਾਨਵ ਦੇ ਮਾਸ ਸੰਬੰਧੀ ਕਿਹੋ ਜਿਹੇ ਵਿਚਾਰ ਮਿਲਦੇ ਹਨ ਅਤੇ ਉਨ੍ਹਾਂ ਲਈ ਮਾਨਵਭਕਸੀ ਹੋਣਾ ਕਿਉਂ ਅਰਥਪੂਰਣ ਹੈ। ਕਿਸੇ ਸਭਿਆਚਾਰ ਨੂੰ ਉਸਦੇ ਆਪਣੇ ਮੁੱਲਾਂ ਅਨੁਸਾਰ ਅਧਿਐਨ ਦਾ ਵਿਸ਼ੈ ਬਣਾਉਣ ਨੂੰ ਸਭਿਆਚਾਰਕ ਸਾਪੇਖਤਾਵਾਦ (Cultural Relativism) ਦਾ ਨਾਮ ਦਿੱਤਾ ਗਿਆ ਹੈ।

ਪਰੰਤੂ ਸਭਿਆਚਾਰਕ ਕੇਂਦਰੀਵਾਦ (Ethno-centrism) ਅਤੇ ਸਭਿਆਚਾਰਕ ਸਾਪੇਖਤਾਵਾਦ (Cultural-relativism) ਦੋਵੇਂ ਅੰਤਿਮ-ਪੱਖੀ ਵਿਧੀਆਂ ਹਨ। ਸਭਿਆਚਾਰਕ ਕੇਂਦਰੀਵਾਦ ਵਿਚ ਇਕ ਮਾਨਵ-ਵਿਗਿਆਨੀ 'ਆਪਣੇ' ਆਤਮਪਰਕ ਪੈਮਾ-ਨਿਆਂ ਨੂੰ ਉਪਯੋਗ ਵਿਚ ਲਿਆ ਰਿਹਾ ਹੁੰਦਾ ਹੈ। ਪੂਰੀ ਤਰ੍ਹਾਂ ਵਸਤੂਪਰਕ ਹੋਣ ਲਈ ਇਕ ਮਾਨਵਵਿਗਿਆਨੀ ਲਈ ਇਹ ਅਤਿਅੰਤ ਆਵੱਸ਼ਕ ਹੈ ਕਿ ਉਹ ਕਿਸੇ ਵੀ ਸਭਿਆ-ਚਾਰ ਨਾਲ 'ਜੁੜੇ ਮੁੱਲਾਂ' ਦਾ ਪ੍ਰਯੋਗ ਨਾ ਕਰੇ। ਮੁੱਖ ਰੂਪ ਵਿਚ ਸਭਿਆਚਾਰ ਇਕ ਅਜਿਹਾ ਸਿਸਟਮ ਹੈ, ਜੋ ਆਪਣੇ ਨਾਲ ਜੁੜੇ ਲੋਕਾਂ ਦੇ ਨਿਰੰਤਰ ਵਿਕਾਸ ਦੀ ਸ਼ਾਹਦੀ ਭਰਦਾ ਹੈ। ਇਸ ਲਈ ਕਿਸੇ ਸਭਿਆਚਾਰ ਦੇ ਮੁਲਅੰਕਣ ਦੀ ਅੰਤਿਮ ਕਸੌਟੀ ਇਹ ਹੈ ਕਿ ਉਹ ਨਵੀਨ ਪਰਿਸਥਿਤੀਆਂ ਵਿਚ ਕਿਵੇਂ ਤਬਦੀਲ ਹੁੰਦਾ ਹੈ। ਸਭਿਆਚਾਰ ਦੇ ਜੀਵਿਤ ਰਹਿ ਸਕਣ ਦੀ ਯੋਗਿਤਾ ਉਸਦੀ ਸਫਲਤਾ ਦੀ ਸਭ ਤੋਂ ਵੱਡੀ ਕਸੌਟੀ ਹੈ।

ਸਭਿਆਚਾਰ ਦੇ ਕੁਝ ਵਿਰੋਧਾਭਾਸ

ਭਾਵੇਂ ਮਾਨਵ ਵਿਗਿਆਨੀਆਂ ਨੇ ਸਭਿਆਚਾਰ ਦੇ ਕੁਝ ਵਿਸ਼ਵ ਵਿਆਪੀ ਤੱਤਾਂ (Culture-universals) ਦੀ ਨਿਸ਼ਾਨਦੇਹੀ ਕਰ ਲਈ ਹੈ ਤਾਂਵੀ ਕਈ ਸਥਿਤੀਆਂ ਵਿਚ ਇਨ੍ਹਾਂ ਦੇ ਬਾਹਰਗਤ ਰੂਪ ਇਕ ਦੂਜੇ ਨਾਲੋਂ ਕਾਫ਼ੀ ਭਿੰਨਤਾ ਦਰਸਾਉਂਦੇ ਹਨ। ਭਾਸ਼ਾ, ਚਿਹਰਾ-ਸਜਾਵਟ ਦੀਆਂ ਸ਼ੈਲੀਆਂ ਅਤੇ ਖਾਣ-ਪੀਣ ਦੀਆਂ ਵਿਧੀਆਂ ਵਿਚ ਇਹ ਫ਼ਰਕ ਬੜੇ ਜ਼ਾਹਰਾ ਤੌਰ ਤੇ ਨਜ਼ਰ ਆ ਜਾਂਦੇ ਹਨ। ਵਿਭਿੰਨਤਾਵਾਂ ਦਾ ਇਹ ਅਧਿਐਨ ਸਿੱਧ ਕਰ ਦਿੰਦਾ ਹੈ ਕਿ ਭਾਵੇਂ ਸਭਿਆਚਾਰ ਵਿਸ਼ਵ ਵਿਆਪੀ ਹੈ ਪਰ ਇਸਦਾ ਸਥਾਨਕ ਖੇਤਰੀ ਅਭਿਵਿਅੰਜਨ ਅਦੁੱਤੀ ਹੈ। ਸਮਾਜ ਦੇ ਹਰ ਗਰੁੱਪ ਦਾ ਸਾਂਝਾ ਸਭਿਆਚਾਰ ਹੁੰਦਾ ਹੈ ਅਤੇ ਇਨ੍ਹਾਂ ਦੀ ਇਕ ਸਾਂਝੀ ਜੀਵਨ-ਜਾਚ ਹੁੰਦੀ ਹੈ, ਪਰ ਤਾਂ ਵੀ ਭੂਗੋਲ ਦੇ ਹਰ ਖਿੱਤੇ ਵਿਚ ਅਨੁਭਵ ਦੇ ਵੱਖਰੇ-ਵੱਖਰੇ ਬੋਧ, ਇਤਿਹਾਸਕ ਪਹਿਲੂ ਅਤੇ ਵਿਸ਼ੇਸ਼ ਪ੍ਰਕਾਰ ਦਾ

CC-0. In Public Domain. Gurukul Kangri Collection, Haridwar

ਆਲਾ ਦੁਆਲਾ ਸਭਿਆਚਾਰ ਨਾਲ ਟਕਰਾ ਕੇ ਕੁਝ ਖੇਤਰੀ ਭਿੰਨਤਾਵਾਂ ਪੈਦਾ ਕਰ ਦਿੰਦਾ ਹੈ।

Digitized by Arya Samaj Foundation Chennai and eGangotri

ਸਭਿਆਚਾਰ ਦਾ ਇਕ ਹੋਰ ਵਿਰੋਧਾਭਾਸ ਹੈ ਕਿ ਭਾਵੇਂ ਇਹ ਆਪਣੇ ਨਾਲ ਜੁੜੇ ਲੋਕਾਂ ਦੇ ਵਿਵਹਾਰ ਨੂੰ ਪੂਰਵਬੋਧ-ਯੋਗ (Predictable) ਬਣਾਈ ਰੱਖਦਾ ਹੈ ਅਤੇ ਇਸ ਤਰ੍ਹਾਂ ਗਤੀਹੀਣ (Static) ਪ੍ਰਤੀਤ ਹੁੰਦਾ ਹੈ ਪਰ ਇਸਦੇ ਨਾਲ ਹੀ ਇਹ ਗਤੀਸ਼ੀਲ dynamic) ਵੀ ਹੈ। ਜਦੋਂ ਅਸੀਂ ਇਕ ਪੀੜ੍ਹੀ ਵਲੋਂ, ਅਗਲੀ ਪੀੜ੍ਹੀ ਨੂੰ ਸਭਿਆਚਾਰ ਸਿਖਾਏ ਜਾਣ ਦੀ ਵਿਧੀ ਦਾ ਨਿਕਟ-ਅਵਲੋਕਣ ਕਰਦੇ ਹਾਂ ਤਾਂ ਸਾਨੂੰ ਇਸ ਤੱਥ ਦੀ ਭਲੀ-ਭਾਂਤ ਸੋਝੀ ਹੋ ਜਾਂਦੀ ਹੈ। ਭਾਵੇਂ ਹਰ ਅਗਲੀ ਪੀੜ੍ਹੀ ਪਿਛਲੀ ਪੀੜ੍ਹੀ ਤੋਂ ਸਭਿਆ-ਚਾਰ ਸਿੱਖ ਕੇ ਵੀ ਬਿਲਕੁਲ ਉਸਦੀ ਇਕ ਕਾਰਬਨ-ਕਾਪੀ ਨਹੀਂ ਬਣਦੀ, ਪਰ ਇਸਦੇ ਨਾਲ ਹੀ ਇਹ ਸਭਿਆਚਾਰ ਵਿਚ ਕੋਈ ਅਜਿਹਾ ਮੂਲਭੂਤ ਪਰਿਵਰਤਨ ਵੀ ਨਹੀਂ ਲਿਆਉਂਦੀ ਜਿਸ ਕਾਰਣ ਅਸੀਂ ਅਗਲੀ ਨਵੀਂ ਪੀੜ੍ਹੀ ਦੇ ਸਭਿਆਚਾਰ ਦਾ ਕੋਈ ਵੱਖਰਾ ਨਾਮਕਰਣ ਕਰ ਸਕੀਏ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਹਰ ਸਭਿਆਚਾਰ ਇਕੋ ਸਮੇਂ ਗਤੀਸ਼ੀਲ ਵੀ ਹੈ ਅਤੇ ਗਤੀਹੀਣ ਵੀ।

ਸਭਿਆਚਾਰੀਕਰਣ ਨਾਲ ਹੀ ਜੁੜਿਆ ਹੋਇਆ ਇਕ ਅਗਲਾ ਵਿਰੋਧਾਭਾਸ ਇਕ ਵਿਅਕਤੀ ਦਾ ਆਪਣੇ ਪੂਰੇ ਸਭਿਆਚਾਰ ਤੋਂ ਅਪਰਿਚਤ ਹੋਣਾ ਹੈ। ਹਰ ਵਿਅਕਤੀ ਸਮਾਜ ਵਿਚ ਆਪਣੇ ਰੁਤਬੇ ਜਾਂ ਪਰਿਵਾਰ ਵਿਚ ਆਪਣੀ ਸਥਿਤੀ ਅਨੁਸਾਰ ਹੀ ਸਭਿਆਚਾਰ ਨੂੰ ਜਾਣ-ਸਮਝ ਸਕਦਾ ਹੈ। ਉਦਾਹਰਣ ਲਈ ਇਕ ਉਚ ਵਰਗ ਨਾਲ ਸੰਬੰਧਿਤ ਵਿਅਕਤੀ ਆਪਣੇ ਹੀ ਸਭਿਆਚਾਰ ਨਾਲ ਸੰਬੰਧਿਤ ਕਿਸੇ ਨਿਮਨ ਵਰਗ ਦੇ ਸਭਿਆਚਾਰ ਤੋਂ ਲਗਭਗ ਅਪਰਿਚਤ ਹੀ ਹੁੰਦਾ ਹੈ। ਇਸੇ ਤਰ੍ਹਾਂ ਪਰਿਵਾਰ ਵਿਚ ਪਿਤਾ ਦੀ ਭੂਮਿਕਾ ਨਿਭਾ ਰਿਹਾ ਵਿਅਕਤੀ ਆਪਣੇ ਆਪ ਮਾਂ ਦੀ ਸਭਿਆਚਾਰਕ ਭੂਮਿਕਾ ਤੋਂ ਟੁੱਟ ਜਾਵੇਗਾ। ਅਸਲ ਵਿਚ ਕੋਈ ਸਮਾਜ ਆਪਣੇ ਪ੍ਰਬੰਧ ਵਿਚ ਜਿਤਨਾ ਜਟਿਲ ਹੁੰਦਾ ਜਾਵੇਗਾ, ਉਤਨਾ ਹੀ ਕੋਈ ਮੈਂਬਰ ਇਸਦੀ ਸਮੁੱਚ-ਸੂਝ ਤੋਂ ਦੂਰ ਹੁੰਦਾ ਚਲਾ ਜਾਂਦਾ ਹੈ। ਇਕ ਜਟਿਲ ਸਮਾਜ ਵਿਚ ਵਿਅਕਤੀ ਦੇ ਕਾਰੋਬਾਰੀ ਖੇਤਰਾਂ ਦੀ ਗਿਣਤੀ ਅਸੀਮ ਹੁੰਦੀ ਹੈ। ਇਸ ਸੂਰਤ ਵਿਚ ਕਿਸੇ ਇਕ ਕਾਰੋਬਾਰੀ ਖੇਤਰ ਨਾਲ ਜੁੜਿਆ ਵਿਅਕਤੀ ਦੂਜੇ ਕਾਰੋਬਾਰੀ ਖੇਤਰਾਂ ਨਾਲ ਜੁੜੇ ਵਿਅਕਤੀਆਂ ਦੀਆਂ ਆਦਤਾਂ, ਸੋਚਾਂ ਅਤੇ ਵਿਸ਼ਵਾਸਾਂ ਤੋਂ ਕਾਫੀ ਹੱਦ ਤਕ ਅਣਜਾਣ ਹੀ ਬਣਿਆ ਰਹਿੰਦਾ ਹੈ।

ਸਭਿਆਚਾਰ ਦੇ ਭਿੰਨ-ਭਿੰਨ ਪਾਸਾਰਾਂ ਅਤੇ ਲੱਛਣਾਂ ਦੇ ਅਧਿਐਨ ਉਪਰੰਤ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹੋਰ ਸਮਾਜ-ਸ਼ਾਸਤਰ ਦੀ ਤੁਲਣਾ ਵਿਚ ਸਭਿਆਚਾਰ ਇਕ ਵਧੇਰੇ ਸੰਪੂਰਨ ਅਤੇ ਸਟੀਕ ਸ਼ਾਸਤਰ ਹੈ। ਇਸ ਵਿਚ ਮਨੁੱਖੀ ਮਨ ਅਤੇ ਪਰਿਵੇਸ਼ ਦੋਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਇਕ ਸੰਤੁਲਿਤ ਸਮੀਕਰਣ ਦੁਆਰਾ ਮਾਨਵ ਦਾ ਅਧਿਐਨ ਕੀਤਾ ਜਾਂਦਾ ਹੈ। ਵਿਸ਼ੇਸ਼ੀਕਰਣ ਦੇ ਇਸ ਆਧੁਨਿਕ ਯੁਗ ਵਿਚ ਹਰ ਸ਼ਾਸਤਰ ਮਨੁੱਖ ਦਾ ਇਕ ਖੰਡਿਤ ਅਤੇ ਲੁੰਜ-ਪੁੰਜ ਬਿੰਬ ਪੇਸ਼ ਕਰ ਰਿਹਾ ਹੈ। ਸੋ ਮਨੁੱਖ ਦੀ ਸਮੁੱਚਤਾ ਅਤੇ ਸੁੱਚਤਾ ਨੂੰ ਬਣਾਈ ਰੱਖਣ ਲਈ ਆਗਾਮੀ ਦਿਨਾਂ ਵਿਚ ਸਭਿਆਚਾਰ ਇਕ ਦਿਸ਼ਾ-ਨਿਰਧਾਰਣ-ਵਿਗਿਆਨ (Pilot science) ਦੀ ਭੂਮਿਕਾ ਨਿਭਾਏਗਾ। ਇਹ ਮਨੁੱਖ ਦਾ ਉਸਦੀਆਂ ਸੰਭਾਵਨਾਵਾਂ ਵਿਚ ਵਿਸ਼ਵਾਸ ਵਧੇਰੇ ਪਰਿਪੱਕ ਕਰੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਦੇ ਮੁੱਖ ਅੰਗ

ਮਨੁੱਖੀ ਜੀਵਨ ਜਾਚ ਨੂੰ ਸਮਝਣ ਲਈ ਕੀਤੇ ਜਾ ਰਹੇ ਪ੍ਰਯਤਨ ਆਖਰ 1871 ਈ. ਨੂੰ ਇਕ ਵਿਗਿਆਨ ਦਾ ਰੂਪ ਧਾਰਣ ਕਰ ਗਏ ਜਦੋਂ ਟਾਈਲਰ (Tylor) ਨੇ 'ਸਭਿਆਚਾਰ' ਦੀ ਇਕ ਪਰਿਭਾਸ਼ਾ ਤਿਆਰ ਕਰ ਲਈ। ਉਸ ਨੇ ਕਿਹਾ ਕਿ ਸਭਿਆਚਾਰ ਇਕ ਉਹ ਜਟਿਲ ਸਮੁੱਚ ਹੈ, ਜਿਹੜਾ ਸਿੱਖਿਆ ਜਾਂਦਾ ਹੈ ਅਤੇ ਫਿਰ ਅਗਲੀ ਪੀੜ੍ਹੀ ਨੂੰ ਪ੍ਰਦਾਨ ਕਰ ਦਿੱਤਾ ਜਾਂਦਾ ਹੈ। ਟਾਈਲਰ, ਸਭਿਆਚਾਰ ਨੂੰ ਇਕ ਅਜਿਹਾ ਵਿਸ਼ਵ-ਵਿਆਪੀ ਪ੍ਰਯਤਨ ਮੰਨਦਾ ਸੀ. ਜੋ ਮਨੁੱਖ ਨੂੰ ਸਭਿਅ ਬਣਾਉਣ ਦਾ ਇੱਛੁਕ ਸੀ। ਇਸੇ ਲਈ 'ਸਭਿਆਚਾਰ' ਸੰਬੰਧੀ ਉਸ ਦੀ ਪਰਿਭਾਸ਼ਾ 'ਅਭਿਅਤਾ' ਉੱਪਰ ਜਾ ਕੇ ਸਮਾਪਤ ਹੁੰਦੀ ਹੈ। ਵੀਹਵੀਂ ਸਦੀ ਵਿਚ ਵ੍ਹਾਈਟ (White) ਨੇ 'ਸਭਿਆਚਾਰ' ਦਾ ਇਕ ਵਿਕਟੋਰੀਅਨ ਦ੍ਰਿਸ਼ਟੀਕੋਣ ਪੇਸ਼ ਕੀਤਾ। ਉਸ ਨੇ ਮਾਨਵੀ ਇਤਿਹਾਸ ਵਿਚ ਇਕ ਅਜਿਹਾ ਪੈਟਰਨ ਵੇਖਿਆ ਜਿਥੇ ਵਾਫ਼ਰ ਸ਼ਕਤੀ ਸਮਾਜਕ ਜੀਵਨ ਦੇ ਹੋਰ ਸਾਰੇ ਧਰਾਤਲ ਵਿਚ ਪ੍ਰਗਤੀ ਲਿਆਉਣ ਦਾ ਕਾਰਣ ਬਣਦੀ ਹੈ। ਪਰੰਤੂ ਬੋਆਸ (Boas) ਨੇ ਮਾਨਵੀ ਇਤਿਹਾਸ ਸੰਬੰਧੀ ਉਸ ਦੀ ਅਜਿਹੀ ਸਰਲੀਕ੍ਰਿਤ ਧਾਰਣਾ ਦਾ ਖੰਡਨ ਕੀਤਾ ਅਤੇ ਕਿਹਾ ਕਿ ਹਰ ਸਭਿਆਚਾਰ ਅਦੁੱਤੀ ਹੈ ਕਿਉਂਕਿ ਇਸ ਦਾ ਨਿਰਮਾਣ ਸਫ਼ੋਟ (Diffusion) ਅਤੇ ਸੰਗਠਨ (Integration) ਵਰਗੀਆਂ ਇਤਿਹਾਸਕ ਪ੍ਰਕਿਰਿਆਵਾਂ ਦੁਆਰਾ ਹੋਇਆ ਹੈ। ਉਸ ਅਨੁਸਾਰ ਇਕ ਸਭਿਆ-ਚਾਰ ਦਾ ਕਿਸੇ ਦੂਜੇ ਸਭਿਆਚਾਰ ਦੇ ਪੈਮਾਨਿਆਂ ਦੁਆਰਾ ਅੰਕਣ ਨਹੀਂ ਕੀਤਾ ਜਾ ਸਕਦਾ।

ਮੈਲੀਨੋਵਸਕੀ (Malinowski) ਅਤੇ ਰੈੱਡਕਲਿਫ਼ ਬਰਾਊਨ (Redcliffe-Brown) ਨੇ ਸਭਿਆਚਾਰ ਨੂੰ ਇਕ ਪ੍ਰਕਾਰਜੀ-ਸੰਗਠਿਤ-ਸਿਸਟਮ ਦੇ ਰੂਪ ਵਿਚ ਪਰਿ-ਭਾਸ਼ਿਤ ਕੀਤਾ। ਅਜਿਹੇ ਸਿਸਟਮਾਂ ਵਿਚ ਹਰ ਸੰਸਥਾ ਦਾ ਇਕ ਵਿਸ਼ੇਸ਼ ਪ੍ਰਕਾਰਜ ਹੁੰਦਾ ਹੈ ਅਤੇ ਇਕ ਸੰਸਥਾ ਦੂਜੀਆਂ ਸੰਸਥਾਵਾਂ ਨਾਲ ਸੰਬੰਧਿਤ ਰਹਿੰਦੀ ਹੈ। ਮੈਲੀਨੋਵਸਕੀ ਦਾ ਵਿਚਾਰ ਸੀ ਕਿ ਇਹ ਸੰਸਥਾਵਾਂ ਵਿਅਕਤੀਆਂ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੀਆਂ ਹਨ, ਜਦੋਂ ਕਿ ਰੈਡਕਲਿਫ ਬਰਾਊਨ ਦਾ ਇਹ ਵਿਚਾਰ ਸੀ ਕਿ ਇਹ ਸੰਸਥਾਵਾਂ ਸਮਾਜਿਕ ਸੰਰਚਨਾ ਨੂੰ ਇਕ ਜੁੱਟ ਬਣਾਈ ਰੱਖਣ ਵਿਚ ਸਹਾਇਕ ਸਿੱਧ ਹੁੰਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ [illegible] ਕਾਗਨੀਟਿਵਿਸਟਸ (Cognitivists), ਸਿਸਟਮ ਦੇ ਰੂਪ ਵਿਚ ਸਭਿਆਚਾਰ ਦੀ ਪਰਿਭਾਸ਼ਾ ਦਿੰਦੇ ਹਨ। ਆਪਣੇ ਅਨੁਭਵ ਦੀਆਂ ਵਸਤਾਂ ਦੇ ਵਰਗੀ-ਕਰਣ ਲਈ ਉਹ ਸਥਾਨਕ ਮਾਡਲਾਂ ਦਾ ਪ੍ਰਯੋਗ ਕਰਦੇ ਹਨ। ਕਿਸੇ ਸਭਿਆਚਾਰ ਦੇ ਲੋਕ ਜ਼ਿੰਦਗੀ ਨੂੰ ਕਿਵੇਂ ਗ੍ਰਹਿਣ ਕਰਦੇ ਹਨ ਅਤੇ ਆਪਣੇ ਪੈਂਤੜਿਆਂ ਸੰਬੰਧੀ ਉਹ ਕਿਵੇਂ ਫੈਸਲੇ ਲੈਂਦੇ ਹਨ, ਇਸ ਜਾਣਕਾਰੀ ਲਈ ਇਨ੍ਹਾਂ ਮਾਨਵ ਵਿਗਿਆਨੀਆਂ ਨੇ ਉਸ ਸਭਿਅਤਾ ਦੇ ਸਥਾਨਕ ਮਾਡਲਾਂ ਦਾ ਨਿਰੀਖਣ ਕੀਤਾ। ਲੈਵੀ-ਸਤ੍ਰਾਸ (Levi-strauss) ਨੇ ਕਿਸੇ ਸਮਾਜ ਅਤੇ ਸਭਿਆਚਾਰ ਦੇ ਉਪਰੋਂ ਦਿੱਸਦੇ ਗਤੀਰੋਧਾਂ ਨੂੰ ਘਟਾਉਣ ਲਈ ਕੁਝ ਸੰਰਚਨਾਤਮਕ ਅਬਦਲਾਂ (Structural invariants) ਦਾ ਸਹਾਰਾ ਲਿਆ। ਉਸਨੇ ਕੁਝ ਵਿਸ਼ਵ-ਵਿਆਪੀ ਨਕਸ਼ਾਂ ਦੀ ਤਲਾਸ਼ ਕੀਤੀ ਜਿਨ੍ਹਾਂ ਦੁਆਰਾ ਮਨੁੱਖੀ ਮਨ ਦੀ ਕ੍ਰਿਆ-ਸ਼ੀਲਤਾ ਬਾਰੇ ਪਤਾ ਲਗਾਇਆ ਜਾ ਸਕੇ। ਉਸ ਨੇ ਸਾਰੇ ਸਭਿਆਚਾਰਕ ਸਿਸਟਮਾਂ ਦੀ ਤਹਿ ਹੇਠ ਕ੍ਰਿਆਸ਼ੀਲ ਅਚੇਤ ਮਾਨਸਿਕ ਸੰਰਚਨਾਵਾਂ ਦੇ ਅਧਿਐਨ ਦੁਆਰਾ ਇਹ ਸਿੱਟਾ ਕੱਢਿਆ ਹੈ ਕਿ ਲੋਕ ਵਿਰੋਧ ਅਤੇ ਨਖੇੜ ਦੇ ਅੰਦਾਜ਼ ਵਿਚ ਸੋਚਦੇ ਹਨ।

ਗੀਅਰਟਜ਼ (Geertz) ਅਤੇ ਕੁਝ ਹੋਰ ਮਾਨਵ ਵਿਗਿਆਨੀਆਂ ਨੇ ਸਭਿਆਚਾਰ ਨੂੰ ਇਕ ਪ੍ਰਤੀਕਾਤਮਕ ਸਿਸਟਮ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਹੈ। ਉਨ੍ਹਾਂ ਦਾ ਖ਼ਿਆਲ ਹੈ ਕਿ ਇਕ ਸਭਿਆਚਾਰ ਦੇ ਲੋਕ ਆਪਣੇ ਪੈਂਤੜਿਆਂ ਨੂੰ ਸਮਝਣ ਲਈ ਇਕ ਸਾਂਝੇ ਕੋਡ ਵਿਚ ਵਿਸ਼ਵਾਸ ਰੱਖਦੇ ਹਨ। ਵਿਵਹਾਰ ਦੇ ਅਜਿਹੇ ਅਰਥਪੂਰਣ ਨਮੂਨੇ ਜਨਤਕ ਪੇਸ਼ਕਾਰੀਆਂ ਸਮੇਂ ਬੜੀ ਸਪੱਸ਼ਟਤਾ ਨਾਲ ਪ੍ਰਗਟਾਏ ਜਾਂਦੇ ਹਨ, ਜਿਥੇ ਲੋਕ ਸਮਾਜਿਕ ਨਾਟਕਾਂ ਨੂੰ ਅਭਿਨੀਤ ਕਰਦੇ ਹਨ, ਜਿਹੜੇ ਉਨ੍ਹਾਂ ਦੇ ਸਮਾਜਿਕ ਜੀਵਨ ਦੇ ਮੁੱਢਲੇ ਵਿਸ਼ਿਆਂ ਨੂੰ ਅਭਿਵਿਅਕਤ ਕਰਨ ਵਾਲੇ ਹੁੰਦੇ ਹਨ। ਸਭਿਆਚਾਰ ਦੀ ਇਕ ਹੋਰ ਪਰਿਭਾਸ਼ਾ ਸਭਿਆਚਾਰਕ ਪਰਿਵੇਸ਼-ਵਿਗਿਆਨੀਆਂ (Cultural-ecologists) ਨੇ ਦਿੱਤੀ ਹੈ। ਅਜਿਹੇ ਚਿੰਤਕਾਂ ਵਿਚੋਂ ਇਕ ਪ੍ਰਮੁੱਖ ਚਿੰਤਕ ਸਟਿਊਆਰਡ (Steward) ਦਾ ਵਿਚਾਰ ਹੈ ਕਿ ਸਭਿਆਚਾਰ ਇਕ ਅਨੁਕੂਲਣ ਸਿਸਟਮ (Adaptive system) ਹੈ। ਉਹ ਆਪਣੀ ਦ੍ਰਿਸ਼ਟੀ ਮਨੁੱਖ ਦੀਆਂ ਕੁਝ ਉਨ੍ਹਾਂ ਕ੍ਰਿਆਵਾਂ ਉਤੇ ਕੇਂਦ੍ਰਿਤ ਕਰਦਾ ਹੈ, ਜਿਹੜੀਆਂ ਉਸਦੀ ਹੋਂਦ ਦੇ ਮਸਲੇ ਨਾਲ ਬੜੇ ਡੂੰਘੇ ਤੌਰ ਤੇ ਜੁੜੀਆਂ ਹੋਈਆਂ ਹਨ ਅਤੇ ਜਿਹੜੀਆਂ ਮਨੁੱਖਾਂ ਦੇ ਆਪਣੇ ਆਲੇ ਦੁਆਲੇ ਅਨੁਸਾਰ ਢਲ ਜਾਣ ਦੀ ਪ੍ਰਵ੍ਰਿਤੀ ਨੂੰ ਰੇਖਾਂਕਿਤ ਕਰਦੀਆਂ ਹਨ।

ਸਭਿਆਚਾਰ ਦੀ ਪਰਿਭਾਸ਼ਾ ਨਾਲ ਸੰਬੰਧਿਤ ਉਕਤ ਟਿੱਪਣੀਆਂ ਜਿਥੇ ਸਾਨੂੰ ਸਭਿਆਚਾਰ ਬਾਰੇ ਇਕ ਵਿਸਤ੍ਰਿਤ ਜਾਣਕਾਰੀ ਮੁਹਈਆ ਕਰਦੀਆਂ ਹਨ, ਉਥੇ ਇਹ ਸਭਿਆਚਾਰ ਦੇ ਕੁਝ ਜ਼ਰੂਰੀ ਅੰਗਾਂ/ਸੰਸਥਾਵਾਂ ਵੱਲ ਵੀ ਸਾਡਾ ਧਿਆਨ ਖਿੱਚਦੀਆਂ ਹਨ। ਸਭਿਆਚਾਰ ਦੇ ਵਿਸ਼ਲੇਸ਼ਣਾਤਮਕ ਅਧਿਐਨ ਲਈ ਇਨ੍ਹਾਂ ਅੰਗਾਂ/ਸੰਸਥਾਵਾਂ ਦਾ ਧਿਆਨ ਵੀ ਅਤਿਅੰਤ ਆਵੱਸ਼ਕ ਹੈ ਸਭਿਆਚਾਰ ਦੇ ਨਿਰਮਾਣਕਾਰੀ ਅੰਗਾਂ ਵਿਚੋਂ ਕੁਝ ਇਕ ਪ੍ਰਤੀਨਿਧ ਅੰਗ ਇਸ ਪ੍ਰਕਾਰ ਹਨ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੳ) ਭਾਸ਼ਾ

ਹੋਰ ਕਿਸੇ ਵੀ ਲੱਛਣ ਦੀ ਤੁਲਨਾ ਵਿਚ ਭਾਸ਼ਾ ਮਨੁੱਖ ਨੂੰ ਦੂਜੇ ਜਾਨਵਰਾਂ ਨਾਲੋਂ ਨਤਖੇਨ ਵਿਚ ਮਹੱਤਵਪੂਰਨ ਯੋਗਦਾਨ ਦਿੰਦੀ ਹੈ। ਭਾਸ਼ਾ ਵਿਗਿਆਨੀ ਅਤੇ ਮਾਨਵ ਵਿਗਿਆਨੀ ਇਸ ਤੱਥ ਨੂੰ ਸਵੀਕਾਰ ਕਰਦੇ ਹਨ ਕਿ ਮਨੁੱਖੀ ਭਾਸ਼ਾ ਅਤੇ ਸਭਿਆਚਾਰ ਇਕ ਦੂਜੇ ਨਾਲ ਬੜੀ ਡੂੰਘੀ ਤਰ੍ਹਾਂ ਜੁੜੇ ਹੋਏ ਹਨ। ਕਈ ਭਾਸ਼ਾ ਵਿਗਿਆਨੀਆਂ ਅਨੁਸਾਰ ਭਾਸ਼ਾ ਵਿਗਿਆਨ ਦਾ ਪ੍ਰਯੋਜਨ ਹੈ ਕਿ ਕਿਸੇ ਉਕਤੀ ਦਾ ਕੇਵਲ ਵਿਵਰਣ ਪੇਸ਼ ਕੀਤਾ ਜਾਵੇ, ਉਸ ਦੇ ਅਰਥਾਂ ਦੀ ਵਿਆਖਿਆ ਨਾ ਕੀਤੀ ਜਾਵੇ। ਪਰੰਤੂ ਸਮਕਾਲੀ ਮਾਨਵ ਵਿਗਿਆਨੀਆਂ ਅਨੁਸਾਰ ਭਾਸ਼ਾ ਅਤੇ ਸਭਿਆਚਾਰ ਵਿਚ ਬੜਾ ਡੂੰਘਾ ਰਿਸ਼ਤਾ ਹੈ। ਕਿਉਂਕਿ ਇਹ ਦੋਵੇਂ ਮਨੁੱਖੀ ਮਨ ਦੀ ਸਿਰਜਨਾ ਹਨ, ਇਸ ਲਈ ਇਹ ਦੋਵੇਂ ਇਕ ਦੂਜੇ ਦੇ ਸਮਾਨਾਂਤਰ ਹਨ। ਸੈਪਰ-ਵ੍ਹੋਰਫ਼ ਅਵਧਾਰਣਾ ਕਿ ਭਾਸ਼ਾ ਇਸ ਦੇ ਬੋਲਣ ਵਾਲਿਆਂ ਦੇ ਪ੍ਰਤੱਖਣ ਅਤੇ ਵਿਚਾਰਧਾਰਾ ਵੱਲ ਸੰਕੇਤ ਕਰਦੀ ਹੈ, ਸਾਡੇ ਉਕਤ ਵਿਚਾਰ ਦੀ ਪੁਸ਼ਟੀ ਕਰਦੀ ਹੈ। ਇਕ ਤੀਸਰਾ ਵਿਚਾਰ ਇਹ ਵੀ ਹੈ ਕਿ ਭਾਸ਼ਾ ਹੀ ਸਭਿਆਚਾਰ ਹੈ ਅਤੇ ਭਾਸ਼ਾ ਵਿਗਿਆਨਕ ਵਿਵਹਾਰ, ਸਮਾਜਕ ਸੰਦਰਭਾਂ ਅਤੇ ਸਭਿਆਚਾਰਕ ਵਿਵਹਾਰ ਨਾਲੋਂ ਤੋੜਿਆ ਜਾਂ ਨਖੇੜਿਆ ਨਹੀਂ ਜਾ ਸਕਦਾ।

ਧੁਨੀ ਇਕ ਅਜਿਹਾ ਮਾਧਿਅਮ ਹੈ ਜਿਸ ਦੁਆਰਾ ਭਾਸ਼ਾ ਨੂੰ ਅਭਿਵਿਅਕਤ ਕੀਤਾ ਜਾਂਦਾ ਹੈ। ਧੁਨੀ ਵਿਗਿਆਨ ਵਿਚ ਫੋਨੈਟਿਕਸ ਅਤੇ ਫੋਨੀਮਿਕਸ ਦੋਵੇਂ ਸ਼ਾਮਿਲ ਸਨ। ਹਰ ਭਾਸ਼ਾ ਵਿਚ ਇਕ ਨਿਸ਼ਚਿਤ ਗਿਣਤੀ ਦੇ 'ਫੋਨੀਮ' ਹੁੰਦੇ ਹਨ, ਜਿਹੜੇ ਨਿੱਖੜਵੇਂ ਹੁੰਦੇ ਹਨ। ਇਕ ਬੱਚਾ ਆਪਣੀ ਭਾਸ਼ਾ ਦੀਆਂ ਇਨ੍ਹਾਂ ਨਿੱਖੜਵੀਆਂ ਧੁਨੀਆ ਨੂੰ ਸਿੱਖਦਾ ਹੈ, ਭਾਵੇਂ ਕਿ ਉਸਦੀਆਂ ਉਚਾਰਣ ਤੰਤੀਆਂ ਵਿਚ ਇਨ੍ਹਾਂ ਸੀਮਤ ਅਤੇ ਨਿੱਖੜੀਆਂ ਧੁਨੀਆਂ ਤੋਂ ਬਿਨਾ ਹੋਰ ਵੀ ਬਹੁਤ ਸਾਰੀਆਂ ਧੁਨੀਆਂ ਮੌਜੂਦ ਹੁੰਦੀਆਂ ਹਨ ਅਤੇ ਜਿਹੜੀਆਂ ਇਕ ਬਾਲਗ ਬੁਲਾਰੇ ਲਈ ਓਪਰੀਆਂ ਹੁੰਦੀਆਂ ਹਨ।

ਭਾਸ਼ਾ-ਧੁਨੀਆਂ ਦੇ ਵਿਸ਼ਲੇਸ਼ਣ ਦੁਆਰਾ ਇਕ ਧੁਨੀ-ਵਿਗਿਆਨੀ ਕੁਝ ਨਿਯਮ ਤਿਆਰ ਕਰਦਾ ਹੈ, ਜਿਹੜੇ ਭਾਸ਼ਾ ਨੂੰ ਕੁਝ ਅਰਥਪੂਰਣ ਇਕਾਈਆਂ ਵਿਚ ਵਿਭਾਜਿਤ ਕਰ ਦਿੰਦੇ ਹਨ। ਕਿਸੇ ਵਿਸ਼ੇਸ਼ ਭਾਸ਼ਾ ਲਈ ਬਣਾਏ ਗਏ ਇਹ ਨਿਯਮ ਹੀ ਉਸਦਾ ਵਿਆਕਰਣ ਹੁੰਦੇ ਹਨ। ਵਿਆਕਰਣ ਦਾ ਇਕ ਹੋਰ ਵਿਭਾਜਨ, ਰੂਪ ਵਿਗਿਆਨ ਅਤੇ ਵਾਕ ਵਿਗਿਆਨ ਅਨੁਸਾਰ ਵੀ ਕੀਤਾ ਜਾਂਦਾ ਹੈ। ਰੂਪ ਵਿਗਿਆਨ, ਰੂਪਾਂ ਦੀ ਸ਼ਬਦਾਂ ਵਿਚ ਵਿਉਂਤਬੰਦੀ ਦਾ ਅਧਿਐਨ ਕਰਦਾ ਹੈ। ਵਾਕ ਵਿਗਿਆਨ, ਸ਼ਬਦਾਂ ਦੀ ਮੁਹਾਵਰਿਆਂ ਅਤੇ ਵਾਕਾਂ ਵਿਚ ਵਿਉਂਤਬੰਦੀ ਨਾਲ ਸੰਬੰਧਿਤ ਰਹਿੰਦਾ ਹੈ। ਚਾਮਸਕੀ ਦੁਆਰਾ ਪੇਸ਼ ਕੀਤਾ ਗਿਆ ਟਰਾਂਸਫਰਮੇਸ਼ਨਲ ਗਰਾਮਰ ਬੁਲਾਰਿਆਂ ਦੀ ਉਚਾਰਣ-ਯੋਗਤਾ ਦੀ ਵਿਆਖਿਆ ਕਰਦਾ ਹੋਇਆ ਇਹ ਦਰਸਾਉਂਦਾ ਹੈ ਕਿ ਕਿਵੇਂ ਇਕ ਬੁਲਾਰਾ ਭਾਸ਼ਾ ਦਾ ਰਚਨਾਤਮਕ ਪ੍ਰਯੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਲੱਗ ਪੈਂਦਾ ਹੈ। ਉਸ ਅਨੁਸਾਰ ਵਾਕ ਦੀਆਂ ਦੋ ਤਹਿਆਂ ਹੁੰਦੀਆਂ ਹਨ—ਸਤਹੀ-ਸੰਚਰਨਾ, ਜਿਸਦਾ ਸੰਬੰਧ ਭਾਸ਼ਾ ਧੁਨੀਆਂ ਨਾਲ ਹੁੰਦਾ ਹੈ ਅਤੇ ਗਹਿਣ-ਸੰਰਚਨਾ ਜੋ ਅਰਥ ਦੇ ਜੈਨਰੇਟ ਹੋਣ ਨਾਲ ਤਾਅਲੁਕ ਰੱਖਦੀ ਹੈ। ਚਾਮਸਕੀ ਅਨੁਸਾਰ ਵਿਆਕਰਣਕ ਰੂਪਾਂਤਰੀਕਰਣ ਗਹਿਣ-ਸੰਰਚਨਾ ਨੂੰ ਸਤਹੀ-ਸੰਰਚਨਾ ਵਿਚ ਪਰਿਵਰਤਿਤ ਕਰ ਦਿੰਦਾ ਹੈ।

ਅਰਥ ਵਿਗਿਆਨ, ਅਰਥ ਦੇ ਅਧਿਐਨ ਨਾਲ ਸੰਬੰਧਿਤ ਹੈ ਅਤੇ ਇਹ ਅਰਥਾਂ ਦਾ ਵਰਗੀਕਰਣ ਵੀ ਕਰਦਾ ਹੈ। ਕਾਗਨੀਟਿਵ ਮਾਨਵ ਵਿਗਿਆਨੀਆਂ ਲਈ ਅਰਥ ਵਿਗਿਆਨ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਇਹ ਭਾਸ਼ਾ ਦੇ ਉਨ੍ਹਾਂ ਪੱਖਾਂ ਉੱਪਰ ਆਪਣੀ ਦ੍ਰਿਸ਼ਟੀ ਕੇਂਦ੍ਰਿਤ ਕਰਦਾ ਹੈ ਜੋ ਵਿਚਾਰ-ਪ੍ਰਕ੍ਰਿਆ ਨਾਲ ਬੜੀ ਡੂੰਘੀ ਤਰ੍ਹਾਂ ਜੁੜੇ ਹੁੰਦੇ ਹਨ। ਸਮਾਜਕ-ਭਾਸ਼ਾ ਵਿਗਿਆਨੀ (Sociolinguists) ਇਕ ਭਾਸ਼ਾ ਬੋਲਣ-ਵਰਤਣ ਵਾਲੇ ਸਮਾਜ ਵਿਚ ਭਾਸ਼ਾ ਪ੍ਰਯੋਗ ਦਾ ਅਧਿਐਨ ਕਰਦੇ ਹਨ। ਇਨ੍ਹਾਂ ਭਾਸ਼ਾ ਵਿਗਿਆਨੀਆਂ ਲਈ ਸਭ ਤੋਂ ਵੱਧ ਦਿਲਚਸਪ ਗੱਲ ਇਕ ਭਾਸ਼ਾ ਦੇ ਵੱਖੋ-ਵੱਖਰੇ ਰੂਪ ਜਾਂ ਭਿੰਨਤਾਵਾਂ ਹੁੰਦੀਆਂ ਹਨ। ਮਾਨਵ ਵਿਗਿਆਨੀ ਮਨੁੱਖੀ ਭਾਸ਼ਾ ਦੀ ਪ੍ਰਕ੍ਰਿਤੀ ਨੂੰ ਵਧੇਰੇ ਸੁਦ੍ਰਿੜ੍ਹਤਾ ਨਾਲ ਸਮਝਣ ਲਈ ਪਸ਼ੂਆਂ ਦੀਆਂ ਸੰਚਾਰ-ਵਿਧੀਆਂ ਦਾ ਵੀ ਅਧਿਐਨ ਕਰਦੇ ਹਨ। ਭਾਸ਼ਾ ਨਾਲ ਸੰਬੰਧਿਤ ਦੋ ਹੋਰ ਅਧਿਐਨ ਖੇਤਰ ਹਨ—ਵਿੱਥ-ਵਿਗਿਆਨ (Proxemics) ਅਤੇ ਸੰਕੇਤ ਵਿਗਿਆਨ (Kinesics)। ਇਹ ਦੋਵੇਂ ਅਧਿਐਨ-ਖੇਤ੍ਰ ਮਨੁੱਖੀ ਗਰੁੱਪਾਂ ਦੇ ਦਰਮਿਆਨ ਅਭਾਸ਼ਾਈ ਸੰਪ੍ਰੇਸ਼ਣ ਨਾਲ ਸੰਬੰਧਿਤ ਹਨ। ਵਿੱਥ-ਵਿਗਿਆਨ ਵੱਖਰੇ ਵੱਖਰੇ ਗਰੁੱਪ ਦੇ ਲੋਕਾਂ ਦੁਆਰਾ ਇਕ ਦੂਜੇ ਦੇ ਦਰਮਿਆਨ ਰੱਖੀ ਜਾਂਦੀ ਵਿੱਥ (Physical Distance) ਦੁਆਰਾ ਉਨ੍ਹਾਂ ਦੇ ਸਭਿਆਚਾਰਕ ਲੱਛਣਾਂ ਦਾ ਅਧਿਐਨ ਕਰਦਾ ਹੈ। ਸੰਕੇਤ-ਵਿਗਿਆਨ, ਸਰੀਰਕ ਚੇਸ਼ਟਾਵਾਂ ਅਤੇ ਇਸ਼ਾਰਿਆਂ ਨੂੰ ਸੰਪ੍ਰੇਸ਼ਣ-ਵਿਧੀ ਦੇ ਰੂਪ ਵਿਚ ਆਪਣੇ ਅਧਿਐਨ ਦਾ ਵਿਸ਼ੈ ਬਣਾਉਂਦਾ ਹੈ। ਇਹ ਵੇਖਿਆ ਗਿਆ ਹੈ ਕਿ ਕੁਝ ਅਜਿਹੀਆਂ ਚੇਸ਼ਟਾਵਾਂ ਜਿਵੇਂ ਸੇਲ੍ਹੀ ਹਿਲਾਉਣਾ, ਚਿਹਰੇ ਦਾ ਅਭਿਨੈ ਅਤੇ ਮਨੁੱਖੀ ਸਰੀਰ ਦਾ ਕੋਈ ਵਿਸ਼ੇਸ਼ ਪੋਜ਼ ਬਣਾਉਣਾ ਵੀ ਉੱਚਰਿਤ ਭਾਸ਼ਾ ਵਾਂਗ ਹੀ ਕਿਸੇ ਸਭਿਆਚਾਰ ਦੁਆਰਾ ਸਿਖਿਅਤ ਵਿਵਹਾਰ-ਨਮੂਨੇ ਹਨ।

(ਅ) ਕਲਾ

ਕਲਾ ਵਿਸ਼ਵ-ਵਿਆਪੀ ਹੈ। ਇਹ ਹਰ ਸਭਿਆਚਾਰ ਵਿਚ ਹਰ ਸਮੇਂ ਸੀ ਅਤੇ ਹੈ। ਕਲਾ ਜਿਥੇ ਦਰਸ਼ਕਾਂ ਪਾਸੋਂ ਇਕ ਵਿਸ਼ੇਸ਼ ਪ੍ਰਕਾਰ ਦੇ ਵਿਵਹਾਰ ਦੀ ਮੰਗ ਕਰਦੀ ਹੈ ਉੱਥੇ ਇਹ ਕਲਾਕਾਰ ਪਾਸੋਂ ਵੀ ਇਕ ਵਿਸ਼ੇਸ਼ ਪ੍ਰਕਾਰ ਦੇ ਵਿਵਹਾਰ ਦੀ ਇੱਛੁਕ ਹੈ। ਸਭਿਆਚਾਰ ਦੇ ਹੋਰ ਸਾਰੇ ਧਰਾਤਲਾਂ ਦੀ ਤੁਲਨਾ ਵਿਚ ਕਲਾ ਇਸ ਵਾਸਤੇ ਅਦੁੱਤੀ ਹੈ ਕਿ ਇਹ ਇਕ ਅਜਿਹੀ ਸਿਰਜਨਾ ਦੇ ਰੂਪ ਵਿਚ ਪ੍ਰਸਤੁਤ ਹੁੰਦੀ ਹੈ, ਜੋ ਆਪਣੇ ਸਭਿਆਚਾਰਕ ਪ੍ਰਸੰਗ ਤੋਂ ਨਖੇੜੀ ਜਾ ਸਕਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਰਪ ਨਾਲੋਂ ਵੱਖਰੇ ਸਭਿਆਚਾਰਾਂ ਦੀਆਂ ਕਲਾ ਵਸਤਾਂ ਪਹਿਲੇ ਪਹਿਲ ਬੜੀ ਉਤਸੁਕਤਾ ਜਗਾਉਂਦੀਆਂ ਸਨ। ਉਨ੍ਹੀਵੀਂ ਸਦੀ ਵਿਚ ਆਦਿਕਾਲੀਨ ਕਲਾ ਦੇ ਕੁਝ ਨਮੂਨੇ ਯੂਰਪੀ ਅਤੇ ਅਮਰੀਕੀ ਲੋਕਾਂ ਨੇ ਇਕੱਤਰ ਕੀਤੇ ਅਤੇ ਉਨ੍ਹਾਂ ਨੇ ਇਨ੍ਹਾਂ ਨਮੂਨਿਆਂ ਨੂੰ ਜਗਤ ਦੇ ਸਹਿਜ ਅਤੇ ਸ਼ੁੱਧ ਪ੍ਰਤੀਕ ਰੂਪ ਮੰਨਦਿਆਂ ਹੋਇਆਂ ਇਨ੍ਹਾਂ ਦੀ ਮੁਕਤ-ਕੰਠ ਨਾਲ ਪ੍ਰਸ਼ੰਸਾ ਕੀਤੀ। ਉਨ੍ਹੀਵੀਂ ਸਦੀ ਦੇ ਅੰਤ ਤੱਕ ਕੁਝ ਫ਼ਰਾਸੀਸੀ ਕਲਾਕਾਰਾਂ ਨੇ ਅਫ਼ਰੀਕਾ ਦੀ ਮੂਰਤੀ ਕਲਾ ਦੇ ਕੁਝ ਨਮੂਨੇ ਲੱਭੇ। ਇਨ੍ਹਾਂ ਕਲਾ ਕ੍ਰਿਤੀਆਂ ਨੇ ਆਧੁਨਿਕ ਕਲਾ ਦੇ ਵਿਕਾਸ ਨੂੰ ਬਹੁਤ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ। ਬੋਆਸ ਅਤੇ ਉਸ ਦੇ ਸ਼ਿਸ਼ਾਂ ਨੇ ਅਨਪੜ੍ਹ ਸੁਸਾਇਟੀਆਂ ਦੀ ਮੂਰਤੀ ਕਲਾ ਵਿਚ ਸਭਿਆਚਾਰ ਦੇ ਸੰਗਠਨ ਅਤੇ ਫੈਲਾਉ ਦੀਆਂ ਕਈ ਬੜੀਆਂ ਪ੍ਰਮਾਣਿਕ ਗਵਾਹੀਆਂ ਢੂੰਡੀਆਂ।

ਕਲਾ ਸੰਪ੍ਰੇਸ਼ਣ ਦਾ ਇਕ ਬੜਾ ਮਹੱਤਵਪੂਰਨ ਮਾਧਿਅਮ ਹੈ, ਪਰ ਸਾਨੂੰ ਇਸ ਦਾ ਅਧਿਐਨ ਇਸ ਦੇ ਸਭਿਆਚਾਰਕ ਸੰਦਰਭ ਵਿਚ ਹੀ ਕਰਨਾ ਚਾਹੀਦਾ ਹੈ, ਤਾਂ ਹੀ ਅਸੀਂ ਇਸ ਵਿਚ ਅੰਕਿਤ ਸੰਦੇਸ਼ ਨੂੰ ਸਹੀ ਅਤੇ ਪੂਰੀ ਤਰ੍ਹਾਂ ਗ੍ਰਹਿਣ ਕਰ ਸਕਦੇ ਹਾਂ।

ਜ਼ਿੰਦਗੀ ਦੀ ਵਿਆਖਿਆ, ਅਧਿਐਨ ਅਤੇ ਇਸ ਦੇ ਆਨੰਦ ਮਾਨਣ ਵਾਸਤੇ ਕੀਤਾ ਗਿਆ ਕਲਪਨਾ ਦਾ ਰਚਨਾਤਮਕ ਪ੍ਰਯੋਗ ਕਲਾ ਦੀ ਸਿਰਜਣਾ ਕਰਦਾ ਹੈ। ਕਲਾ ਮਨੁੱਖ ਦੀ ਉਸ ਅਦੁੱਤੀ ਯੋਗਤਾ ਦੀ ਵਰਤੋਂ ਕਰਦੀ ਹੈ, ਜਿਸ ਦੁਆਰਾ ਉਹ ਪ੍ਰਤੀਕਾਂ ਦੀ ਵਰਤੋਂ ਕਰ ਸਕਦਾ ਹੈ ਅਤੇ ਇਹ ਵਰਤੋਂ ਭੌਤਿਕ ਦੁਨੀਆਂ ਦੇ ਅਮਲੀ ਅਤੇ ਲਾਭਦਾਇਕ ਪ੍ਰਯੋਜਨਾ ਦੀ ਥਾਂ ਇਸ ਨੂੰ ਇਕ ਵੱਖਰਾ ਰੂਪ ਪ੍ਰਦਾਨ ਕਰਦੀ ਹੈ। ਕਿਸੇ ਵੀ ਵਿਅਕਤੀ ਦੀ ਸਿਰਜਨਾਤਮਕ ਪ੍ਰਤਿਭਾ ਸਭਿਆਚਾਰਕ ਮੁੱਲਾਂ ਜਾਂ ਤਕਾਜ਼ਿਆਂ ਦੁਆਰਾ ਆਕਾਰਵੰਤ ਹੁੰਦੀ ਹੈ। ਮਾਨਵ ਵਿਗਿਆਨੀ ਕਲਾ ਦੁਆਰਾ ਪ੍ਰਦਰਸ਼ਿਤ ਅਜਿਹੇ ਮੁੱਲਾਂ ਵਿਚ ਵਿਸ਼ੇਸ਼ ਦਿਲਚਸਪੀ ਲੈਂਦੇ ਹਨ।

ਸ਼ਾਬਦਿਕ ਕਲਾਵਾਂ ਵਿਚ ਬਿਰਤਾਂਤ, ਨਾਟਕ, ਕਾਵਿ, ਅਖਾਉਂਤਾਂ, ਅੜਾਉਣੀਆਂ ਆਦਿਕ ਰੂਪ ਆਉਂਦੇ ਹਨ। ਲੋਕਯਾਨ ਅਣਲਿਖਤ ਕਥਾਵਾਂ, ਵਿਸ਼ਵਾਸਾਂ ਅਤੇ ਰੀਤੀ ਰਿਵਾਜਾਂ ਨੂੰ ਆਪਣੇ ਅਧਿਐਨ ਦਾ ਵਿਸ਼ੈ ਬਣਾਉਂਦਾ ਹੈ। ਮਿੱਥ ਆਮ ਤੌਰ ਤੇ ਇਕ ਧਾਰਮਿਕ ਕਥਾ ਹੁੰਦੀ ਹੈ। ਇਸਦਾ ਵਿਸ਼ੈ-ਵਸਤੂ ਆਮ ਤੌਰ 'ਤੇ ਇਸ ਕੇਂਦਰੀ ਕੜੀ ਦੁਆਲੇ ਘੁੰਮਦਾ ਹੈ ਕਿ ਅਸੀਂ ਕੌਣ ਹਾਂ? ਕਿਥੋਂ ਆਏ ਹਾਂ? ਇਥੇ ਕਿਉਂ ਹਾਂ ਅਤੇ ਕਿਥੇ ਜਾ ਰਹੇ ਹਾਂ? ਕੋਈ ਵੀ ਮਿੱਥ ਕਿਸੇ ਜਾਤੀ ਦੇ ਜਗਤ ਪ੍ਰਤੀ ਦ੍ਰਿਸ਼ਟੀਕੋਣ ਨੂੰ ਅਭਿਵਿਅਕਤ ਕਰਨ ਦਾ ਪ੍ਰਯਤਨ ਕਰਦੀ ਹੈ।

'ਲੇਜੈਂਡ' ਇਕ ਅਰਧ-ਇਤਿਹਾਸਕ ਬਿਰਤਾਂਤ ਹੁੰਦਾ ਹੈ। ਇਸ ਵਿਚ ਨਾਇਕਾਂ ਦੇ ਹੈਰਾਨੀਜਨਕ ਕਾਰਨਾਮੇ, ਲੋਕਾਂ ਦੀ ਨਕਲੋਂ-ਹਰਕਤ ਅਤੇ ਸਥਾਨਕ ਰੀਤੀ ਰਿਵਾਜਾਂ ਦੀ ਸਥਾਪਤੀ ਦਰਸਾਈ ਜਾਂਦੀ ਹੈ। ਲੰਬੇ ਲੇਜੈਂਡਜ਼, ਜੋ ਆਮ ਤੌਰ ਤੇ ਛੰਦ ਬੱਧ ਕਾਵਿ ਵਿਚ ਰਚੇ ਗਏ ਹੁੰਦੇ ਹਨ, ਨੂੰ ਮਹਾਂਕਾਵਿ ਕਿਹਾ ਜਾਂਦਾ ਹੈ। ਇਹ ਲੇਜੈਂਡ ਸਾਨੂੰ ਉਹ ਗਵਾਹੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਮੁਹੱਈਆ ਕਰਦੇ ਹਨ, ਜਿਨ੍ਹਾਂ ਦੁਆਰਾ ਕਿਸੇ ਸਭਿਆਚਾਰ ਵਿਚ ਨੈਤਿਕ ਵਿਵਹਾਰ ਦਾ ਨਿਰਮਾਣ ਹੁੰਦਾ ਹੈ। ਇਹ ਗਵਾਹੀਆਂ ਹੀ ਇਨ੍ਹਾਂ ਲੇਜੈਂਡਜ਼ ਨੂੰ ਸਭਿਆਚਾਰਕ ਮਹੱਤਵ ਪ੍ਰਦਾਨ ਕਰਦੀਆਂ ਹਨ। ਨੀਤੀ-ਕਥਾਵਾਂ ਆਮ ਤੌਰ ਤੇ ਸੈਕੂਲਰ ਹੁੰਦੀਆਂ ਹਨ। ਭਾਵੇਂ ਇਹ ਕਥਾਵਾਂ ਮਨੋਰੰਜਨ ਪ੍ਰਦਾਨ ਕਰਨ ਵਾਲੀ ਗਲਪ ਦੇ ਰੂਪ ਵਿਚ ਪਹਿਚਾਣੀਆਂ ਜਾਂਦੀਆਂ ਹਨ ਪਰ ਇਹ ਕਈ ਵਾਰ ਅਮਲੀ ਸਿੱਖਿਆਵਾਂ ਪ੍ਰਸਤੁਤ ਕਰਦੀਆਂ ਹਨ।

ਸੰਗੀਤ ਦਾ ਅਧਿਐਨ 'ਐਥਨੋਮਿਊਜ਼ਿਕਾਲੋਜੀ' ਦੇ ਖੇਤਰ ਵਿਚ ਵਿਕਸਤ ਹੋਇਆ ਹੈ। ਗੀਤ ਵਿਚ ਸੰਗੀਤ ਦਾ ਸਮਾਜਕ ਪ੍ਰਯੋਜਨ ਬੜੇ ਪ੍ਰਤੱਖ ਰੂਪ ਵਿਚ ਦੇਖਿਆ ਜਾ ਸਕਦਾ ਹੈ। ਗੀਤ ਆਮ ਤੌਰ ਤੇ ਕਿਸੇ ਸਮਾਜਕ ਗਰੁੱਪ ਦੇ ਮੁੱਲਾਂ ਅਤੇ ਫਿਕਰਾਂ ਨੂੰ ਬਿਲਕੁਲ ਉਸੇ ਤਰ੍ਹਾਂ ਅਭਿਵਿਅਕਤ ਕਰਦੇ ਹਨ ਜਿਵੇਂ ਕਿ ਨੀਤੀ-ਕਥਾਵਾਂ ਕਰਦੀਆਂ ਹਨ। ਸੁਰ, ਤਾਲ ਅਤੇ ਸੰਗੀਤ ਦੀ ਤੰਦਿਸ਼ ਗੀਤ ਉਪਰ ਕੁਝ ਪਾਬੰਦੀਆਂ ਆਇਦ ਕਰ ਦਿੰਦੀ ਹੈ, ਜਿਨ੍ਹਾਂ ਸਦਕਾ ਇਕ ਗੀਤ ਵੀ ਅਭਿਵਿਅਕਤੀ ਕੁਝ ਰਸਮੀ ਜਿਹੀ ਵੀ ਹੋ ਜਾਂਦੀ ਹੈ। ਸੰਗੀਤ ਨਾਲ ਸੰਬੰਧਿਤ ਵੱਖ-ਵੱਖ ਸਾਜ਼ ਮਨੁੱਖੀ ਧੁਨੀਆਂ ਦੇ ਸਮਾਨਾਂਤਰ ਇਤਿਹਾਸਕ ਰੂਪ ਵਿਚ ਵਿਕਸਿਤ ਹੋਏ ਹਨ।

(ੲ) ਧਰਮ ਅਤੇ ਜਾਦੂ-ਟੂਣਾ

ਧਰਮ ਨਿਤਾਪ੍ਰਤੀ ਦੀ ਲੌਕਿਕ ਅਤੇ ਆਦਿਭੌਤਿਕ ਸ਼ਕਤੀਆਂ ਦੀ ਅਲੌਕਿਕ ਜਿੰਦਗੀ ਦੇ ਦਰਮਿਆਨ ਇਕ ਸੰਵਾਦ ਰਚਾਉਂਦਾ ਹੈ। ਇਹ ਸੰਵਾਦ ਕਿਸੇ ਗਰੁੱਪ ਦੇ ਜੀਵਨ-ਮੁੱਲਾਂ ਅਨੁਸਾਰ ਚੱਲਦਾ ਹੈ ਅਤੇ ਸੰਸਕਾਰਾਂ ਦੁਆਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਪਾਰਸਨਜ਼ (Parsons) ਅਨੁਸਾਰ ਹਰ ਧਰਮ ਦੇ ਪੰਜ ਮੁੱਖ ਵਰਗ ਹੁੰਦੇ ਹਨ : ਅਲੌਕਿਕ ਸ਼ਕਤੀਆਂ, ਅਭਿਵਿਅੰਜਕ-ਪ੍ਰਤੀਕ, ਸੰਸਾਰਕ ਤੇ ਰੀਤੀ ਰਿਵਾਜ, ਗਰੁੱਪ ਵਿਚ ਸਮਾਜਕ ਇਕਜੁੱਟਤਾ ਦੀ ਭਾਵਨਾ ਅਤੇ ਆਦਿਭੌਤਿਕ ਤੇ ਗਰੁੱਪ ਦੇ ਜੀਵਨ ਮੁੱਲਾਂ ਦਰਮਿਆਨ ਇਕ ਜੀਵੰਤ ਰਿਸ਼ਤਾ। ਮੁੱਢਲੇ ਮਾਨਵ ਵਿਗਿਆਨੀਆਂ ਨੇ ਧਰਮ ਦੀ ਉਤਪਤੀ ਦੇ ਕਾਰਨਾਂ ਬਾਰੇ ਕਾਫੀ ਵਿਚਾਰ ਕੀਤੀ। ਟਾਈਟਲ ਅਨੁਸਾਰ ਗ਼ੈਰ-ਪੱਛਮੀ ਲੋਕ ਆਤਮਾਵਾਦ ਦੇ ਸਿਧਾਂਤ ਨੂੰ ਮੰਨਦੇ ਹਨ। ਉਨ੍ਹਾਂ ਅਨੁਸਾਰ, ਵਿਅਕਤੀਆਂ, ਪਸ਼ੂਆਂ ਅਤੇ ਇਥੋਂ ਤੱਕ ਕਿ ਗ਼ੈਰ-ਜਾਨਦਾਰ ਵਸਤਾਂ ਵਿਚ ਵੀ ਆਤਮਾ ਨਿਵਾਸ ਕਰਦੀ ਹੈ। ਫਰੇਜ਼ਰ (Frazer) ਜਾਦੂ ਨੂੰ ਇਕ ਸ੍ਵੈ-ਸਥਾਪਿਤ ਵਿਗਿਆਨ ਦਾ ਨਾਮ ਦਿੰਦਾ ਹੈ। ਦੁਰਖ਼ੀਮ (Durkheim) ਨੇ 'ਟੋਟਮਿਜ਼ਮ' ਦੇ ਸਿਧਾਂਤ ਨੂੰ ਜਨਮ ਦਿੱਤਾ। ਉਸ ਅਨੁਸਾਰ ਸਭਿਆਚਾਰਕ ਜੀਵਨ ਲੌਕਿਕ ਅਤੇ ਅਲੌਕਿਕ ਦੇ ਦਰਮਿਆਨ ਵਿਭਾਜਿਤ ਕੀਤਾ ਜਾ ਸਕਦਾ ਹੈ। ਟੋਟਮ, ਅਲੌਕਿਕ ਹੁੰਦਾ ਹੈ ਅਤੇ ਕਿਸੇ ਜਾਤੀ ਲਈ ਪ੍ਰਤੀਕਾਤਮਕ ਅਰਥਾਂ ਦਾ ਧਾਰਣੀ ਹੁੰਦਾ ਹੈ। ਇਹ ਕਿਸੇ ਗਰੁੱਪ ਨੂੰ ਸੰਗਠਿਤ ਕਰਨ ਵਿਚ ਸਹਾਈ ਹੁੰਦਾ ਹੈ। ਲੈਵੀ-ਸਤ੍ਰਾਸ ਨੇ ਧਰਮ ਦੇ ਵਿਅਕਤਿਕ ਪ੍ਰਯੋਜਨ ਉਪਰ ਜ਼ੋਰ ਦਿੱਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਲਿਨੋਵਸਕੀ ਦਾ ਵਿਚਾਰ ਹੈ ਕਿ ਧਰਮ ਅਤੇ ਜਾਦੂ ਮਨੁੱਖੀ ਅਨੁਭਵ ਦੇ ਉਨ੍ਹਾਂ ਖੇਤਰਾਂ ਉਪਰ ਨਿਯੰਤ੍ਰਣ ਹੋਣ ਦੀ ਭਾਵਨਾ ਨੂੰ ਸੁਦ੍ਰਿੜ੍ਹ ਕਰਦੇ ਹਨ, ਜਿਹੜੇ ਉਸ ਦੇ ਅਮਲੀ ਗਿਆਨ ਤੋਂ ਪਰ੍ਹੇ ਹੁੰਦੇ ਹਨ। ਰੈਡਕਲਿਫ ਬਰਾਊਨ ਅਨੁਸਾਰ ਜਿਨ੍ਹਾਂ ਵਿਸ਼ੇਸ਼ ਤੱਤਾਂ ਦੀ ਕਿਸੇ ਸਮਾਜਕ ਗਰੁੱਪ ਨੂੰ ਵਿਸ਼ੇਸ਼ ਜ਼ਰੂਰਤ ਹੁੰਦੀ ਸੀ, ਉਨ੍ਹਾਂ ਨੂੰ ਧਾਰਮਿਕ ਮਹੱਤਵ ਦੇ ਕੇ ਉਸ ਸਮਾਜਕ ਗਰੁੱਪ ਦੇ ਲੋਕਾਂ ਲਈ ਜ਼ਰੂਰੀ ਬਣਾ ਦਿੱਤਾ ਗਿਆ।

ਧਰਮ ਦੀ ਮਨੋਵਿਗਿਆਨਕ ਵਿਆਖਿਆ ਦੇਣ ਦੇ ਵੀ ਕਾਫ਼ੀ ਪ੍ਰਯਤਨ ਹੋਏ ਹਨ। ਜੁੰਗ (Jung) ਅਤੇ ਫ਼ਰਾਇਡ (Freud) ਵਰਗੇ ਮਨੋਵਿਗਿਆਨੀਆਂ ਨੇ ਧਰਮ ਦੀ, ਮਨੁੱਖੀ ਅਵਚੇਤਨ ਦੇ ਸੰਕਲਪ ਦੁਆਰਾ ਵਿਆਖਿਆ ਕੀਤੀ। ਫ਼ਰਾਇਡ ਧਰਮ ਨੂੰ ਮਨੁੱਖ ਵਿਚ ਮੌਜੂਦ ਅਪਰਾਧ-ਗ੍ਰੰਥੀ ਦੇ ਤਣਾਉ ਨੂੰ ਘੱਟ ਕਰਨ ਵਾਲੇ ਇਕ 'ਡਿਫ਼ੈਂਸ ਮੈਕਾਨਿਜ਼ਮ' ਦੇ ਰੂਪ ਵਿਚ ਦੇਖਦਾ ਹੈ। ਜੁੰਗ ਇਸ ਤੋਂ ਵੀ ਅੱਗੇ ਚਲਾ ਜਾਂਦਾ ਹੈ ਅਤੇ ਸਮੁੱਚੀ ਮਨੁੱਖਤਾ ਦੇ ਇਕ ਸਾਂਝੇ ਸਾਮੂਹਿਕ ਅਵਚੇਤਨ ਦੀ ਗੱਲ ਕਰਦਾ ਹੈ।

ਸੰਸਕਾਰ (Rituals) ਕਿਸੇ ਧਰਮ ਦੇ ਅਮੂਰਤ ਸੰਕਲਪ ਮੂਰਤੀਮਾਨ ਕਰਨ ਦੀ ਭੂਮਿਕਾ ਨਿਭਾਉਂਦੇ ਹਨ। ਸੰਸਕਾਰਾਂ ਦੁਆਰਾ ਸਮਾਜਕ ਰਿਸ਼ਤਿਆਂ ਨੂੰ ਵਧੇਰੇ ਮਜ਼ਬੂਤ ਬਣਾਇਆ ਜਾਂਦਾ ਹੈ। ਜਾਦੂ-ਟੂਣਾ ਕਿਸੇ ਵਿਗਿਆਨ ਵਾਂਗ ਹੀ ਕੰਮ ਕਰਦਾ ਹੈ ਅਤੇ ਅਣਇਛਿਤ ਘਟਨਾਵਾਂ ਦਾ ਜਵਾਬ ਹਾਜ਼ਰ ਕਰਦਾ ਹੈ। ਕਈ ਵਾਰ ਇਹ ਕਿਸੇ ਵਿਅਕਤੀ ਪ੍ਰਤੀ ਮੰਦ ਭਾਵਨਾਵਾਂ ਦਾ ਇਜ਼ਹਾਰ ਵੀ ਕਰਦਾ ਹੈ ਪਰੰਤੂ, ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਉਂ ਕਰਦੇ ਸਮੇਂ ਵੀ ਇਹ ਆਪਣੇ ਗਰੁੱਪ ਦੇ ਮੁੱਲਾਂ ਵਿਚ ਗੜਬੜ ਪੈਦਾ ਨਹੀਂ ਕਰਦਾ।

(ਸ) ਵਿਆਹ ਸੰਸਥਾ ਅਤੇ ਪਰਿਵਾਰ

ਪਰਿਵਾਰ ਦੇ ਪ੍ਰਯੋਜਨ ਸੰਬੰਧੀ ਮਾਨਵ ਵਿਗਿਆਨੀਆਂ ਵਿਚ ਕਾਫ਼ੀ ਮਤ-ਭੇਦ ਹਨ। ਇਸਦਾ ਇਕ ਪ੍ਰਯੋਜਨ ਕਾਮੁਕ ਵਿਵਹਾਰ ਨੂੰ ਨਿਯੰਤ੍ਰਿਤ ਕਰਨਾ ਹੈ। ਪਰ ਇਹ ਕਹਿਣਾ ਵੀ ਅਨੁਚਿਤ ਨਹੀਂ ਹੋਵੇਗਾ ਕਿ ਪਰਿਵਾਰ ਦਾ ਸਭ ਤੋਂ ਮੁੱਢਲਾ ਪ੍ਰਯੋਜਨ ਬੱਚਿਆਂ ਦਾ ਪਾਲਣ-ਪੋਸਣ ਹੈ ਤਾਂ ਕਿ ਸੁਸਾਇਟੀ ਗਤੀਸ਼ੀਲ ਅਤੇ ਜੀਵਤ ਰਹੇ। ਮਨੁੱਖ ਦੀਆਂ ਕੁਝ ਪੂਰਵਜ ਜ਼ਾਤੀਆਂ ਅਥਵਾ ਮਨੁੱਖੀ ਬੱਚਿਆਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਇਕ ਬੱਚੇ ਦੇ ਸੁਭਾਵਿਕ ਭਾਵਨਾਤਮਕ ਵਿਕਾਸ ਲਈ ਉਸ ਦਾ ਆਪਣੀ ਮਾਤਾ ਦੇ ਨਿਕਟ ਰਹਿਣਾ ਬੜਾ ਜ਼ਰੂਰੀ ਹੈ। ਜੇ ਬੱਚੇ ਨਾਲ ਮਾਤਾ/ਪਿਤਾ ਦਾ ਨੇੜਲਾ ਸੰਬੰਧ ਅਤੇ ਆਪਸੀ ਹੁੰਗਾਰਾ ਨਾ ਰਹੇ ਤਾਂ ਉਸਦੀ ਮੌਤ ਹੋ ਸਕਦੀ ਹੈ। ਸੋ ਬੱਚੇ ਦੇ ਵਿਕਾਸ ਲਈ ਮਾਪਿਆਂ ਵਲੋਂ ਉਸਦੀ ਦੇਖ ਭਾਲ ਬੜੀ ਜ਼ਰੂਰੀ ਹੈ।

ਹਰ ਜਗ੍ਹਾ ਸਮਾਜ ਦੇ ਵੱਖ-ਵੱਖ ਗਰੁੱਪਾਂ ਨੇ ਕਾਮੁਕ ਸੰਬੰਧਾਂ ਨੂੰ ਨਿਯੰਤ੍ਰਿਤ ਕਰਨ ਲਈ ਕੁਝ ਵਿਵਹਾਰ-ਪ੍ਰਤੀਮਾਨ ਬਣਾਏ ਹੋਏ ਹਨ। ਸਾਡੇ ਸਮਾਜ ਵਿਚ ਬਹੁਤੇ ਲੋਕ ਕਾਮੁਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਬੰਧਾਂ ਨੂੰ ਨਿਸ਼ਚਿਤ ਬਣਾਉਣ ਲਈ ਵਿਆਹ ਕਰਦੇ ਹਨ। ਇਕ ਪਰਿਭਾਸ਼ਾ ਅਨੁਸਾਰ, ਵਿਆਹ ਇਕ ਅਜਿਹੀ ਸੰਸਥਾ ਹੈ, ਜਿਸ ਦੁਆਰਾ ਇਕ ਵਿਅਕਤੀ ਦੂਸਰੇ ਨਾਲ ਆਪਣੇ ਕਾਮੁਕ ਸੰਬੰਧ ਬਣਾਉਣ ਦਾ ਅਧਿਕਾਰ ਪ੍ਰਾਪਤ ਕਰ ਲੈਂਦਾ ਹੈ। ਪਰ ਵਿਆਹ ਪਰਿਵਾਰਕ ਜ਼ਿੰਦਗੀ ਲਈ ਕੋਈ ਪੂਰਵ-ਸ਼ਰਤ ਨਹੀਂ ਹੈ। ਵਿਆਹ ਤੋਂ ਬਿਨਾਂ ਵੀ ਪਰਿਵਾਰ ਹੋ ਸਕਦੇ ਹਨ; ਅਜਿਹਾ ਕਈ ਕਬੀਲਿਆਂ ਵਿਚ ਦੇਖਿਆ ਜਾ ਸਕਦਾ ਹੈ।

ਬਹੁਤ ਸਾਰੇ ਗ਼ੈਰ-ਪੱਛਮੀ ਸਮਾਜਾਂ ਵਿਚ ਵਿਆਹ ਆਰਥਿਕ ਜ਼ਰੂਰਤਾਂ ਨੂੰ ਮੁੱਖ ਰੱਖਕੇ ਕੀਤਾ ਜਾਂਦਾ ਹੈ। ਵਿਆਹ ਸੰਸਥਾ ਦੋ ਪਰਿਵਾਰਾਂ ਨੂੰ ਇਕ ਅਜਿਹੇ ਰਿਸ਼ਤੇ ਵਿਚ ਬੰਨ੍ਹ ਦਿੰਦੀ ਹੈ, ਜਿਸ ਦੁਆਰਾ ਉਹ ਇਕ ਦੂਜੇ ਲਈ ਸਹਾਇਕ ਦਾ ਕੰਮ ਕਰਦੇ ਹਨ।

ਲਗਭਗ ਹਰ ਸਮਾਜ ਵਿਚ ਬੱਚੇ ਅਤੇ ਮਾਪਿਆਂ ਦਰਮਿਆਨ ਅਤੇ ਭੈਣ ਤੇ ਭਰਾ ਦੇ ਦਰਮਿਆਨ ਲਿੰਗਕ-ਰਿਸ਼ਤੇ ਵਿਵਰਜਿਤ ਹਨ। ਇਸ ਵਰਜਨਾ ਦੀਆਂ ਬਹੁਤ ਸਾਰੀਆਂ ਵਿਆਖਿਆਵਾਂ ਦਿੱਤੀਆਂ ਗਈਆਂ ਹਨ। ਕੁਝ ਚਿੰਤਕਾਂ ਅਨੁਸਾਰ ਇਹ ਵਰਜਨਾ ਇਸ ਲਈ ਹੈ ਕਿ ਭੈਣ-ਭਰਾ ਜਾਂ ਮਾਪੇ-ਬੱਚੇ ਇਕ ਦੂਜੇ ਦੇ ਇਤਨੇ ਨਜ਼ਦੀਕ ਰਹਿੰਦੇ ਹਨ ਕਿ ਉਹ ਦੂਸਰੇ ਨੂੰ ਲਿੰਗ ਵਸਤੂ (Sex object) ਦੇ ਰੂਪ ਵਿਚ ਗ੍ਰਹਿਣ ਹੀ ਨਹੀਂ ਕਰ ਸਕਦੇ। ਕੁਝ ਹੋਰ ਚਿੰਤਕਾਂ ਅਨੁਸਾਰ ਇਕ ਹੀ ਪਰਿਵਾਰ ਵਿਚ ਕਾਮੁਕ ਰਿਸ਼ਤਿਆਂ ਦੁਆਰਾ ਪੈਦਾ ਹੋਏ ਬੱਚੇ ਬਹੁਤ ਸਾਰੀਆਂ ਭਿਆਨਕ ਬੀਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।

ਬਹੁਤ ਸਾਰੇ ਮਾਨਵ ਵਿਗਿਆਨੀ ਪਰਿਵਾਰ ਦੀ ਪਰਿਭਾਸ਼ਾ ਇਸਤ੍ਰੀ ਅਤੇ ਬੱਚਿਆਂ ਦੁਆਰਾ ਹੋਂਦ ਵਿਚ ਆਏ ਇਕ ਗਰੁੱਪ ਦੇ ਰੂਪ ਵਿਚ ਦਿੰਦੇ ਹਨ। ਮਾਤਾ/ਪਿਤਾ ਅਤੇ ਉਨ੍ਹਾਂ ਦੇ ਬੱਚਿਆਂ ਦੁਆਰਾ ਹੋਂਦ ਵਿਚ ਆਈ ਇਕਾਈ ਨੂੰ ਨਿਊਕਲੀਅਰ ਪਰਿਵਾਰ ਕਿਹਾ ਜਾਂਦਾ ਹੈ। ਨਿਊਕਲੀਅਰ ਪਰਿਵਾਰ ਦੀਆਂ ਚਾਰ ਮੁੱਖ ਵਿਉਂਤਬੰਦੀਆਂ ਹਨ। ਇਸਤ੍ਰੀ ਆਪਣੇ ਪਤੀ ਅਤੇ ਉਸਦੇ ਪਿਤਾ ਨਾਲ ਰਹਿ ਸਕਦੀ ਹੈ, (Patrilocal), ਇਕ ਆਦਮੀ ਆਪਣੀ ਪਤਨੀ ਅਤੇ ਉਸ ਮਾਤਾ ਨਾਲ ਰਹਿਣ ਵਾਸਤੇ ਜਾ ਸਕਦਾ ਹੈ (Matrilocal), ਇਕ ਵਿਆਹਿਆ ਜੋੜਾ ਪਤੀ ਦੇ ਰਿਸ਼ਤੇਦਾਰਾਂ ਜਾਂ ਪਤਨੀ ਦੇ ਰਿਸ਼ਤੇਦਾਰਾਂ ਨਾਲ ਰਹਿ ਸਕਦਾ ਹੈ (Ambilocal or bilocal) ਅਤੇ ਇਕ ਵਿਆਹਿਆ ਜੋੜਾ ਆਜ਼ਾਦ ਰੂਪ ਵਿਚ ਆਪਣਾ ਘਰ ਬਣਾ ਕੇ ਰਹਿ ਸਕਦਾ ਹੈ (Neolocal)। ਰਹਿਣ ਦੀਆਂ ਇਹ ਚਾਰੇ ਵਿਉਂਤਬੰਦੀਆਂ ਕਿਸੇ ਸਮਾਜ ਦੀ ਆਰਥਿਕਤਾ ਨਾਲ ਬੜੇ ਡੂੰਘੇ ਤੌਰ ਤੇ ਜੁੜੀਆਂ ਹੁੰਦੀਆਂ ਹਨ।

(ਹ) ਸ਼ਖ਼ਸੀਅਤ

ਕੋਈ ਵੀ ਸਮਾਜ ਵਿਅਕਤੀ ਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਬੜਾ ਮਹੱਤਵਪੂਰਨ ਯੋਗਦਾਨ ਦਿੰਦਾ ਹੈ। ਸ਼ਖ਼ਸੀਅਤ ਦਾ ਨਿਰਮਾਣ ਸਭਿਆਚਾਰੀਕਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
(Enculturation) ਦੇ ਅਮਲ ਨਾਲ ਹੁੰਦਾ ਹੈ। ਕਿਸ ਗਰੁੱਪ ਦੀ ਸੋਚ ਅਤੇ ਵਿਵਹਾਰ ਦੇ ਸੁਮਿਸ਼ਰਣ ਦੁਆਰਾ ਸਭਿਆਚਾਰੀਕਰਣ ਦਾ ਅਮਲ ਹੋਂਦ ਵਿਚ ਆਉਂਦਾ ਹੈ। ਜਿਹੜੇ ਲੋਕ ਆਪਣੇ ਸਮਾਜ ਦੇ ਪ੍ਰਤੀਮਾਨਾਂ ਅਨੁਸਾਰ ਚੱਲਦੇ ਹਨ, ਉਨ੍ਹਾਂ ਨੂੰ ਪਸੰਦ ਕੀਤਾ ਜਾਂਦਾ ਹੈ ਅਤੇ ਜਿਹੜੇ ਲੋਕ ਇਨ੍ਹਾਂ ਪ੍ਰਤੀਮਾਨਾਂ ਦੀ ਅਵੱਗਿਆ ਕਰਦੇ ਹਨ, ਉਨ੍ਹਾਂ ਨੂੰ ਡੰਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਕ ਗਰੁੱਪ-ਸ਼ਖ਼ਸੀਅਤ ਦਾ ਵੀ ਨਿਰਮਾਣ ਹੁੰਦਾ ਹੈ ਜਿਸ ਦੇ ਅੰਦਰ ਹੀ ਅੰਦਰ ਕੁਝ ਭਿੰਨਤਾਵਾਂ ਵੀ ਰਹਿੰਦੀਆਂ ਹਨ।

ਰੂਥ ਬੈਨੀਡਿਕਟ (Ruth Benedict) ਅਨੁਸਾਰ ਸਭਿਆਚਾਰਾਂ ਦੀਆਂ ਦੋ ਸ਼੍ਰੇਣੀਆਂ ਹਨ—ਡਾਇਆਨੀਸ਼ੀਅਨ ਅਤੇ ਅਪੋਲੋਨੀਅਨ। ਡਾਇਆਨੀਸ਼ੀਅਨ, ਉਨਮਾਦਕਤਾਪੂਰਣ ਸੰਸਕਾਰਾਂ, ਸ੍ਵੈ-ਇੱਛਾਕਾਰੀ ਅਤੇ ਅਤਿਅੰਤ ਵਿਅਕਤੀਵਾਦੀ ਵਿਵਹਾਰ ਦਾ ਪ੍ਰਦਰਸ਼ਨ ਕਰਨ ਵਾਲਾ ਸਭਿਆਚਾਰ ਹੈ ਜਦੋਂ ਕਿ ਅਪੋਲੋਨੀਅਨ ਮੱਧ ਮਾਰਗੀ ਅਤੇ ਸਮੂਹਵਾਦੀ ਵਿਵਹਾਰ ਨੂੰ ਪ੍ਰਗਟ ਕਰਦਾ ਹੈ। ਮਾਰਗਰੇਟ ਮੀਡ (Margaret Mead) ਨੇ ਵਿਦੇਸ਼ੀ ਸਭਿਆਚਾਰਾਂ ਨਾਲ ਸੰਬੰਧਿਤ ਆਪਣੇ ਅਧਿਐਨ ਵਿਚ ਸਭਿਆਚਾਰ ਦੇ ਸ਼ਖ਼ਸੀਅਤ ਉੱਪਰ ਪ੍ਰਭਾਵ ਨੂੰ ਰੇਖਾਂਕਿਤ ਕੀਤਾ ਹੈ। ਫਰਾਇਡ ਅਨੁਸਾਰ ਵਿਅਕਤੀਵਾਦੀ-ਮਨੋਵਿਗਿਆਨ ਸ਼ਖ਼ਸੀਅਤ ਅਤੇ ਸਭਿਆਚਾਰ ਨੂੰ ਪ੍ਰਭਾਵਿਤ ਕਰਦਾ ਹੈ। ਉਸ ਨੇ ਸਭਿਆਚਾਰ ਅਤੇ ਸ਼ਖ਼ਸੀਅਤ ਦੀ ਉਤਪਤੀ ਨੂੰ ਓਡੀਪਸ ਗ੍ਰੰਥੀ ਦੁਆਰਾ ਸਮਝਾਉਣ ਦੀ ਚੇਸ਼ਟਾ ਕੀਤੀ ਹੈ। ਭਾਵੇਂ ਅੱਜ ਕੱਲ੍ਹ ਬਹੁਤੇ ਮਾਨਵ ਵਿਗਿਆਨੀ ਉਸ ਦੇ ਸਿੱਟਿਆਂ ਨੂੰ ਪ੍ਰਵਾਨ ਨਹੀਂ ਕਰਦੇ ਪਰ ਤਾਂ ਵੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਓਡੀਪਸ ਗ੍ਰੰਥੀ ਦੇ ਯੋਗਦਾਨ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਕਾਰਡੀਨਰ (Abram Kardiner) ਨੇ ਸ਼ਖ਼ਸੀਅਤ ਦੀ ਵਿਆਖਿਆ ਲਈ ਮਨੋਵਿਗਿਆਨ ਅਤੇ ਸਭਿਆਚਾਰ ਦੋਹਾਂ ਦਾ ਸਹਾਰਾ ਲਿਆ ਹੈ। ਉਸ ਦਾ ਵਿਸ਼ਵਾਸ ਹੈ ਕਿ ਇਕ ਹੀ ਸੁਸਾਇਟੀ ਵਿਚ ਸ਼ਖ਼ਸੀਅਤ-ਸੰਰਚਨਾਵਾਂ ਅਤੇ ਸਭਿਆਚਾਰ-ਪ੍ਰਤੀਮਾਨਾਂ ਵਿਚ ਢੇਰ ਸਾਰੀਆਂ ਵਿਭਿੰਨਤਾਵਾਂ ਹੁੰਦੀਆਂ ਹਨ। ਸ਼ਖ਼ਸੀਅਤਾਂ ਦੇ ਦਰਮਿਆਨ ਇਸੇ ਲਈ ਫ਼ਰਕ ਹੁੰਦਾ ਹੈ ਕਿਉਂਕਿ ਸਭਿਆਚਾਰ-ਸੰਸਥਾਵਾਂ ਵਿਭਿੰਨ ਹੁੰਦੀਆਂ ਹਨ। ਉਸ ਨੇ ਮੁੱਢਲੀਆਂ ਅਤੇ ਦੁਜੈਲੀਆਂ ਸੰਸਥਾਵਾਂ ਵਿਚ ਅੰਤਰ ਸਥਾਪਿਤ ਕੀਤਾ ਹੈ। ਸੰਸਥਾਵਾਂ ਦੀ ਸ਼ਖ਼ਸੀਅਤ ਨਾਲ ਅੰਤਰ-ਕ੍ਰਿਆ ਦੁਆਰਾ ਮਾਨਵੀ ਸਭਿਆਚਾਰ ਦਾ ਨਿਰਮਾਣ ਹੁੰਦਾ ਹੈ।

ਵਿਅਕਤਿਕ ਚਰਿੱਤਰ ਅਤੇ ਸ਼ਖ਼ਸੀਅਤ ਨੂੰ ਸਮਝਣ ਲਈ ਇਹ ਦੇਖਣਾ ਬੜਾ ਲਾਭਦਾਇਕ ਰਹੇਗਾ ਕਿ ਇਕ ਹੀ ਸਥਿਤੀ ਬਾਰੇ ਵੱਖਰੇ-ਵੱਖਰੇ ਲੋਕਾਂ ਦਾ ਪ੍ਰਤੀਕਰਮ ਕੀ ਹੈ। ਕਿਸੇ ਜਾਤੀ ਦੀਆਂ ਚਰਿੱਤਰਗਤ ਮਾਨਤਾਵਾਂ ਕੌਮੀ ਚਰਿੱਤਰ ਦੇ ਨਿਰਮਾਣ ਵਿਚ ਸਹਾਈ ਹੁੰਦੀਆਂ ਹਨ। ਕਿਸੇ ਸੁਸਾਇਟੀ ਵਿਚ ਬੱਚੇ ਦੇ ਪਾਲਣ ਪੋਸਣ ਦੀਆਂ ਵਿਧੀਆਂ ਅਤੇ ਵਿਦਿਆ-ਪ੍ਰਣਾਲੀ ਉਸ ਸੁਸਾਇਟੀ ਦੀਆਂ ਚਰਿੱਤਰਗਤ ਵਿਸ਼ਿਸ਼ਟਤਾਵਾਂ ਦਾ ਨਿਰਮਾਣ ਕਰਦੀਆਂ ਹਨ। ਦੂਜੇ ਵਿਸ਼ਵ ਯੁੱਧ ਦੇ ਖੋਜਾਰਥੀਆਂ ਨੇ ਵਿਦੇਸ਼ ਵਿਚ ਜਨਮੇ ਸ਼ਹਿਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਮੁਲਾਂਕਣ [illegible] ਅਤੇ [illegible], ਪ੍ਰਥਾਵਾਂ ਅਤੇ ਚਿੱਤਰਾਂ ਦਾ ਵਿਸ਼ਲੇਸ਼ਣ ਕਰਕੇ ਕੌਮੀ ਚਰਿੱਤਰ ਦੀ ਪੇਸ਼ਕਾਰੀ ਦੇ ਬੜੇ ਸਲਾਹੁਣਯੋਗ ਪ੍ਰਯਤਨ ਕੀਤੇ ਸਨ। ਪਰ ਬਹੁਤੇ ਮਾਨਵ ਵਿਗਿਆਨੀਆਂ ਦੀ ਧਾਰਣਾ ਹੈ ਕਿ ਕੌਮੀ ਚਰਿੱਤਰ ਨਾਲ ਸੰਬੰਧਿਤ ਸਿੱਧਾਂਤ ਮਿਥਿਆ, ਅਵਿਗਿਆਨਕ ਅਤੇ ਅਤਿਸਰਲੀਕ੍ਰਿਤ ਸਿੱਧਾਂਤ ਹਨ।

ਸਮਾਜਕ ਸੰਗਠਨ, ਰਾਜਨੈਤਿਕ ਸੰਗਠਨ, ਸਾਕਾਦਾਰੀ ਸਿਸਟਮ ਅਤੇ ਆਰਥਿਕ ਸਿਸਟਮ ਆਦਿਕ ਕੁਝ ਹੋਰ ਸੰਸਥਾਵਾਂ ਵੀ ਕਿਸੇ ਸਭਿਆਚਾਰ ਨੂੰ ਪ੍ਰਵਾਹਿਤ ਅਤੇ ਪਰਿਭਾਸ਼ਿਤ ਕਰਨ ਵਿਚ ਕਾਫ਼ੀ ਯੋਗਦਾਨ ਦਿੰਦੀਆਂ ਹਨ। ਇਨ੍ਹਾਂ ਸੰਸਥਾਵਾਂ ਦਾ ਵਿਧੀਵਤ ਅਤੇ ਵਿਗਿਆਨਕ ਅਧਿਐਨ ਕਿਸੇ ਸਭਿਆਚਾਰ ਸੰਬੰਧੀ ਸਾਡੇ ਦ੍ਰਿਸ਼ਟੀਕੋਣ ਨੂੰ ਵਧੇਰੇ ਵਿਆਪਕ ਅਤੇ ਮੁਕੰਮਲ ਬਣਾ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਅਤੇ ਪਰਿਵਰਤਨ

ਭੂਮਿਕਾ

ਸਾਡੀ ਧਰਤੀ ਤੇ ਜ਼ਿੰਦਗੀ ਦਾ ਆਰੰਭ ਅੱਜ ਤੋਂ ਲਗਭਗ ਸੱਠ ਕਰੋੜ ਵਰ੍ਹੇ ਪਹਿਲਾਂ ਹੋ ਚੁੱਕਾ ਸੀ। ਮਨੁੱਖ ਜ਼ਾਤੀ ਧਰਤੀ ਉੱਪਰ ਬਹੁਤ ਦੇਰ ਨਾਲ ਪ੍ਰਵੇਸ਼ ਕਰਦੀ ਹੈ। ਕੇਵਲ ਦਸ ਲੱਖ ਵਰ੍ਹੇ ਪਹਿਲਾਂ ਹੀ ਸਾਡੀ ਧਰਤੀ ਤੇ ਪਹਿਲਾ ਮਨੁੱਖ ਪੈਦਾ ਹੋਇਆ। ਸਾਡਾ ਮਨੁੱਖ ਦੇ ਇਸ ਕ੍ਰਮਿਕ ਵਿਕਾਸ ਨਾਲ ਬਹੁਤਾ ਵਾਸਤਾ ਨਹੀਂ। ਅਸੀਂ ਕੇਵਲ ਇਹ ਦੇਖਣਾ ਹੈ ਕਿ ਮਨੁੱਖੀ ਸਭਿਆਚਾਰ ਵਿਚ ਪਰਿਵਰਤਨ ਕਿਵੇਂ ਅਤੇ ਕਦੋਂ ਆਉਣ ਲੱਗੇ। ਖੇਤੀਬਾੜੀ, ਜਿਸ ਨੇ ਗੁਫ਼ਾਵਾਂ ਵਿਚ ਰਹਿਣ ਵਾਲੇ ਅਤੇ ਖਾਧ-ਖੁਰਾਕ ਦੀ ਤਲਾਸ਼ ਵਿਚ ਇੱਧਰ ਉੱਧਰ ਭਟਕਣ ਵਾਲੇ ਮਨੁੱਖ ਨੂੰ ਇਕ ਜਗ੍ਹਾ ਪੱਕੇ ਤੌਰ ਤੇ ਰਹਿਣਾ ਸਿਖਾਇਆ, ਨੂੰ ਸ਼ੁਰੂ ਹੋਇਆਂ ਦਸ ਹਜ਼ਾਰ ਵਰ੍ਹੇ ਤੋਂ ਬਹੁਤਾ ਸਮਾਂ ਨਹੀਂ ਹੋਇਆ। ਸ਼ਹਿਰੀਕਰਣ ਦਾ ਸੰਕਲਪ ਤ੍ਰੇ ਹਜ਼ਾਰ ਵਰ੍ਹੇ ਤੋਂ ਬਹੁਤਾ ਪੁਰਾਣਾ ਨਹੀਂ ਹੈ। ਇਹ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਉਦਯੋਗਿਕ ਕ੍ਰਾਂਤੀ ਪਿੱਛਲੇ ਢਾਈ ਸੌ ਵਰ੍ਹਿਆਂ ਵਿਚ ਹੀ ਵਾਪਰੀ ਹੈ। ਹੁਣ ਜੇ ਅਸੀਂ ਧਰਤੀ ਉੱਤੇ ਮਨੁੱਖੀ ਜੀਵਨ ਦੀ ਕੁਲ ਅਵਧੀ ਨੂੰ ਕੇਵਲ ਇਕ ਦਿਨ ਵਿਚ ਹੀ ਸੰਕੁਚਿਤ ਕਰਕੇ ਵੇਖਣਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਇਸ 'ਕਲਪਿਤ ਮਨੁੱਖੀ ਦਿਨ' ਵਿਚ ਖੇਤੀਬਾੜੀ ਦੀ ਸ਼ੁਰੂਆਤ ਰਾਤ ਦੇ 11 ਵੱਜ ਕੇ 56 ਮਿੰਟ ਤੇ ਹੋਈ। ਇਸ ਤਰ੍ਹਾਂ ਇਸ ਮਨੁੱਖੀ ਦਿਨ ਦੇ 23 ਘੰਟੇ 56 ਮਿੰਟ ਦੇ ਅਰਸੇ ਵਿਚ ਜੀਵਨ ਅਤੇ ਪਰਿਵਰਤਨ ਦੀ ਗਤੀ ਬਹੁਤ ਧੀਮੀਂ ਰਹੀ। ਸ਼ਹਿਰੀਕਰਣ ਦੀ ਪ੍ਰਕਿਰਿਆ 11.57 ਤੇ ਸ਼ੁਰੂ ਹੋਈ ਅਤੇ ਉਦਯੋਗਿਕ ਕ੍ਰਾਂਤੀ 11.59.30 ਤੇ ਆਈ। ਇਸ 'ਮਨੁੱਖੀ ਦਿਨ' ਦੇ ਪਿੱਛਲੇ 'ਤੀਹ ਸਕਿੰਟਾਂ' ਵਿਚ ਜਿਤਨੇ ਪਰਿਵਰਤਨ ਆਏ ਹਨ, ਉਤਨੇ ਬਾਕੀ ਦੇ ਸਾਰੇ ਦਿਨ ਵਿਚ ਨਹੀਂ ਆ ਸਕੇ। ਸਭਿਆਚਾਰ ਅਤੇ ਪਰਿਵਰਤਨ ਨਾਲ ਸੰਬੰਧਿਤ ਇਸ ਅੰਕ-ਗਣਿਤੀ ਵੇਰਵੇ ਦੀ ਰੌਸ਼ਨੀ ਵਿਚ ਅਸੀਂ ਆਪਣੇ ਅਧਿਐਨ ਨੂੰ ਅੱਗੇ ਵਧਾਉਂਦੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਅਤਾ ਦਾ ਵਿਕਾਸ

ਆਪਣੇ ਇਤਿਹਾਸ ਦੇ ਇਕ ਲੰਬੇ ਭਾਗ ਵਿਚ ਮਨੁੱਖ ਸ਼ਿਕਾਰ ਦੁਆਰਾ ਆਪਣੀ ਖਾਧ-ਖੁਰਾਕ ਇਕੱਠੀ ਕਰਦਾ ਰਿਹਾ ਹੈ। ਮੌਸਮਾਂ ਵਿਚ ਤਬਦੀਲੀ ਕਾਰਨ ਅਤੇ ਖਾਧ-ਖੁਰਾਕ ਦੀ ਤਲਾਸ਼ ਲਈ ਆਦਿ ਮਾਨਵ ਨਿਰੰਤਰ ਇਕ ਥਾਂ ਤੋਂ ਦੂਜੀ ਥਾਂ ਤੱਕ ਭਟਕਦਾ ਰਹਿੰਦਾ ਸੀ। ਉਨ੍ਹਾਂ ਦੀ ਨਿਤਾਪ੍ਰਤੀ ਦੇ ਜੀਵਨ ਵਿਚ ਪਰਿਵਰਤਨ ਦੀ ਗੁੰਜਾਇਸ਼ ਬੜੀ ਘੱਟ ਸੀ। ਨਵੇਂ ਵਿਚਾਰਾਂ ਦਾ ਵਿਕਾਸ ਜਾਂ ਆਦਾਨ-ਪ੍ਰਦਾਨ ਲਗਭਗ ਨਾ ਹੋਣ ਦੇ ਬਰਾਬਰ ਸੀ। ਸ਼ਿਕਾਰੀ ਮਾਨਵਾਂ ਦਾ ਇਕ ਝੁੰਡ ਕਿਸੇ ਦੂਜੇ ਝੁੰਡ ਕੋਲੋਂ ਨਾ ਕੇਵਲ ਭੌਤਿਕ ਤੌਰ ਤੇ ਹੀ ਦੂਰ ਸੀ ਬਲਕਿ ਇਹ ਸਭਿਆਚਾਰਕ ਤੌਰ ਤੇ ਵੀ ਦੂਜੇ ਨਾਲੋਂ ਕੱਟਿਆ ਰਹਿੰਦਾ ਸੀ। ਇਨ੍ਹਾਂ ਦੋਹਾਂ ਸਥਿਤੀਆਂ ਨੇ ਆਦਿ-ਮਾਨਵ ਦੇ ਜੀਵਨ ਵਿਚ ਲੱਖਾਂ ਵਰ੍ਹੇ ਕੋਈ ਵੱਡਾ ਪਰਿਵਰਤਨ ਨਾ ਆਉਣ ਦਿੱਤਾ। ਇਸ ਤੋਂ ਬਿਨਾ ਕਿਉਂਕਿ ਉਨ੍ਹਾਂ ਦੀ ਜੀਵਨ-ਸ਼ੈਲੀ ਉੱਪਰ ਕੋਈ ਵੱਡਾ ਦਬਾਉ ਨਹੀਂ ਸੀ ਪੈ ਰਿਹਾ, ਇਸ ਲਈ ਵੀ ਉਨ੍ਹਾਂ ਦੇ ਜੀਵਨ ਵਿਚ ਕੋਈ ਮੁੱਲਪਰਕ ਪਰਿਵਰਤਨ ਨਹੀਂ ਸਨ ਆ ਰਹੇ।

ਖੇਤੀਬਾੜੀ

ਅੱਜ ਤੋਂ ਲਗਭਗ ਦਸ ਹਜ਼ਾਰ ਵਰ੍ਹੇ ਪਹਿਲਾਂ ਮਨੁੱਖ ਨੇ ਜੰਗਲਾਂ ਵਿਚ ਆਪਣੇ ਆਪ ਉੱਗ ਪੈਣ ਵਾਲੇ ਅਨਾਜ ਦੀ ਪ੍ਰਕਿਰਿਆ ਨੂੰ ਸਮਝ ਲਿਆ ਅਤੇ ਇਸ ਨੂੰ ਪਾਲਤੂ ਬਣਾ ਲਿਆ। ਇਹ ਖੇਤੀਬਾੜੀ ਵੱਲ ਮਨੁੱਖ ਦਾ ਪਹਿਲਾ ਕਦਮ ਸੀ। ਜਿਵੇਂ-ਜਿਵੇਂ ਮਨੁੱਖ ਬੂਟਿਆਂ ਅਤੇ ਜਾਨਵਰਾਂ ਦਾ ਪਾਲਤੂਕਰਣ ਕਰਦਾ ਚਲਾ ਗਿਆ ਤਿਵੇਂ-ਤਿਵੇਂ ਉਸ ਦੇ ਜੀਵਨ ਵਿਚ ਹੋਰ ਵੀ ਬਹੁਤ ਸਾਰੇ ਪਰਿਵਰਤਨ ਆਉਂਦੇ ਚਲੇ ਗਏ। ਹੁਣ ਮਨੁੱਖ ਨੂੰ ਖਾਧ-ਖੁਰਾਕ ਇਕੱਤਰ ਕਰਨ ਲਈ ਇਕ ਵੱਡੇ ਖੇਤਰ ਨੂੰ ਗਾਹੁਣ ਦੀ ਜ਼ਰੂਰਤ ਨਾ ਰਹੀ। ਇਸ ਤਰ੍ਹਾਂ ਮਨੁੱਖਾਂ ਦੇ ਝੁੰਡ ਜਾਂ ਕਬੀਲੇ ਦੇ ਫੈਲਾਉ ਦੀ ਗੁੰਜਾਇਸ਼ ਵੀ ਵੱਧ ਗਈ ਕਿਉਂਕਿ ਖੇਤੀਬਾੜੀ ਦੇ ਮਾਧਿਅਮ ਦੁਆਰਾ ਵਧੇਰੇ ਲੋਕਾਂ ਲਈ ਖਾਧ-ਖੁਰਾਕ ਮੁਹਈਆ ਕੀਤੀ ਜਾ ਸਕਦੀ ਸੀ। ਇਸ ਦੇ ਨਾਲ ਹੀ ਇਕ ਪਰਿਵਾਰ ਆਪਣੀ ਜ਼ਰੂਰਤ ਨਾਲੋਂ ਵੱਧ ਖਾਧ-ਖੁਰਾਕ ਦਾ ਉਤਪਾਦਨ ਕਰਨ ਲੱਗਿਆਂ ਅਤੇ ਇਹ ਵਾਧੂ ਖਾਧ-ਖੁਰਾਕ, ਹੋਰ ਚੀਜ਼ਾਂ ਦੇ ਵਟਾਂਦਰੇ ਵਾਸਤੇ ਇਕ ਵਪਾਰ ਦਾ ਰੂਪ ਧਾਰਣ ਕਰ ਗਈ। ਇਹ ਸਥਿਤੀ ਸਭਿਅਤਾ ਅਤੇ ਸਭਿਆਚਾਰ ਦੇ ਵਿਕਾਸ ਲਈ ਬੜੀ ਅਨੁਕੂਲ ਸੀ। ਮਨੁੱਖੀ ਜੀਵਨ ਦੇ ਇਤਿਹਾਸ ਵਿਚ ਪਹਿਲੀ ਵਾਰ ਇਕ ਅਜਿਹਾ ਦੌਰ ਆਇਆ ਜਦੋਂ ਲੋਕਾਂ ਦੀ ਇਕ ਜਮਾਤ, ਖਾਧ-ਖੁਰਾਕ ਦੇ ਉਤਪਾਦਨ ਦੀ ਸਮੱਸਿਆ ਤੋਂ ਹੱਟ ਕੇ ਜੀਵਨ ਦੇ ਕੁਝ ਹੋਰ ਪਹਿਲੂਆਂ ਵੱਲ ਉਨਮੁੱਖ ਹੋਈ।

ਸ਼ਹਿਰੀਕਰਣ

ਸਭਿਆਚਾਰ ਦੇ ਵਿਕਾਸ ਵੱਲ ਇਕ ਹੋਰ ਵੱਡਾ ਕਦਮ 'ਸ਼ਹਿਰੀਕਰਣ' ਦੇ ਸੰਕਲਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਆਰਾ ਚੁੱਕਿਆ ਗਿਆ। ਭਾਵੇਂ ਬਹੁਤੇ ਸ਼ਹਿਰੀ ਕੇਂਦਰ ਇਤਨੇ ਛੋਟੇ ਸਨ ਕਿ ਉਹ ਅਜੋਕੇ ਸ਼ਹਿਰ ਦੇ ਸੰਕਲਪ ਤੋਂ ਬਹੁਤ ਪਿੱਛੇ ਰਹਿ ਜਾਂਦੇ ਹਨ ਤਾਂ ਵੀ ਉਹ ਸਭਿਆਚਾਰ ਦੇ ਪਰਿਵਰਤਨ ਦੀ ਪ੍ਰਕਿਰਿਆ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੇ ਸਨ। ਸ਼ਹਿਰੀ ਕੇਂਦਰਾਂ ਵਿਚ ਅਨਾਜ ਉਤਪਾਦਨ ਕਰਨ ਵਾਲੇ ਲੋਕਾਂ ਦੇ ਨਾਲ-ਨਾਲ ਇਹੋ ਜਿਹੇ ਵੀ ਬਹੁਤ ਸਾਰੇ ਲੋਕ ਆਣ ਵੱਸੇ ਸਨ ਜਿਨ੍ਹਾਂ ਦਾ ਸਿੱਧੇ ਤੌਰ ਤੇ ਅਨਾਜ ਦੇ ਉਤਪਾਦਨ ਨਾਲ ਕੋਈ ਸੰਬੰਧ ਨਹੀਂ ਸੀ। ਇਸ ਤਰ੍ਹਾਂ ਸ਼ਹਿਰੀ ਵੱਸੋਂ ਵਿਭਿੰਨ (Heterogeneous) ਪ੍ਰਕਾਰ ਦੇ ਲੋਕਾਂ ਨਾਲ ਪਰਿਪੂਰਨ ਹੋਣ ਲੱਗੀ।

ਇਹ ਜਾਣ ਲੈਣਾ ਕੋਈ ਬਹੁਤਾ ਔਖਾ ਨਹੀਂ ਕਿ ਕਿਵੇਂ ਇਹੋ ਜਿਹਾ ਵਾਤਾਵਰਣ ਸਭਿਆਚਾਰਕ ਪਰਿਵਰਤਨ ਵਿਚ ਇਕ ਵੱਡੀ ਭੂਮਿਕਾ ਨਿਭਾਉਂਦਾ ਹੈ। ਜਿਸ ਸੋਸਾਇਟੀ ਵਿਚ ਹਰ ਵਿਅਕਤੀ ਇੱਕੋ ਜਿਹੇ ਕੰਮ ਵਿਚ ਰੁੱਝਿਆ ਹੋਵੇ ਅਤੇ ਇਕ ਦੂਜੇ ਨਾਲ ਉਹੀ ਅਨੁਭਵ ਸਾਂਝਾ ਕਰਦਾ ਹੋਵੇ, ਉਥੇ ਇੱਕੋ ਜਿਹੇ ਬਣੇ ਰਹਿਣ (Conformity) ਪ੍ਰਤੀ ਦਬਾਉ ਬਣਿਆ ਰਹਿੰਦਾ ਹੈ। ਦੂਜੇ ਪਾਸੇ ਜਿਸ ਸੋਸਾਇਟੀ ਵਿਚ ਅਨੇਕਤਾ ਹੋਵੇ ਅਤੇ ਹਰ ਵਰਗ ਦਾ ਆਪਣੇ ਵੱਖੋ-ਵੱਖਰੇ ਕਿੱਤੇ ਕਾਰਨ ਵੱਖਰਾ-ਵੱਖਰਾ ਅਨੁਭਵ ਹੋਵੇ, ਉਥੇ ਕਿਸੇ ਇਕ ਪ੍ਰਤੀਮਾਨ ਪ੍ਰਤੀ ਝੁਕੇ ਰਹਿਣ ਦੀ ਬਹੁਤੀ ਲੋੜ ਨਹੀਂ ਰਹਿੰਦੀ। ਸਿੱਟੇ ਵਜੋਂ ਅਜਿਹੀ ਵਸਤੂ-ਸਥਿਤੀ ਵਿਚ ਵਿਅਕਤੀ ਮੁਕਾਬਲਤਨ ਵਧੇਰੇ ਸੁਤੰਤਰ ਹੁੰਦਾ ਹੈ ਅਤੇ ਇਥੇ ਸਭਿਆਚਾਰ ਵਿਚ ਪਰਿਵਰਤਨ ਆਉਣ ਦੀ ਗੁੰਜਾਇਸ਼ ਵਧੇਰੇ ਮਾਤਰਾ ਵਿਚ ਮੌਜੂਦ ਰਹਿੰਦੀ ਹੈ। ਧਰਤੀ ਤੇ ਮਨੁੱਖੀ ਜੀਵਨ ਦੀ ਸਮੁੱਚੀ ਅਵਧੀ ਦੀ ਤੁਲਨਾ ਵਿਚ ਖੇਤੀਬਾੜੀ-ਸਮਾਜ ਅਤੇ ਬਾਅਦ ਵਿਚ ਸ਼ਹਿਰੀ-ਸਮਾਜ ਵਿਚ ਸਭਿਆਚਾਰਕ ਪਰਿਵਰਤਨ ਬੜੀ ਤੇਜ਼ੀ ਨਾਲ ਵਾਪਰਦੇ ਰਹੇ ਪਰ ਤਾਂ ਵੀ ਇਕ ਵਿਅਕਤੀ ਦੀ ਕੁਲ ਉਮਰ ਦੇ ਪ੍ਰਸੰਗ ਵਿਚ ਅਜੇ ਪਰਿਵਰਤਨਾਂ ਦੀ ਗਤੀ ਬਹੁਤ ਧੀਮੀ ਸੀ।

ਪੜ੍ਹਤਾ

ਆਧੁਨਿਕ ਸਭਿਅਤਾ ਦੀ ਦਹਿਲੀਜ਼ ਤਕ ਪੁੱਜਣ ਲਈ ਤੀਜਾ ਵੱਡਾ ਕਦਮ ਪੜ੍ਹਤਾ ਜਾਂ ਲਿਖਣ ਦੀ ਕਾਢ ਹੈ। ਭਾਵੇਂ ਪਰਿਵਰਤਨ ਦੀ ਸਮੁੱਚੀ ਪ੍ਰਕ੍ਰਿਆ ਵਿਚ ਲਿਖਣ ਦੇ ਮਹੱਤਵ ਨੂੰ ਬਹੁਤਾ ਵਧਾ-ਚੜ੍ਹਾ ਕੇ ਬਿਆਨ ਨਹੀਂ ਕੀਤਾ ਜਾ ਸਕਦਾ ਪਰ ਤਾਂ ਵੀ ਵਿਆਪਕ ਪੜ੍ਹਤਾ ਦੇ ਯੁਗ ਤੋਂ ਪਹਿਲਾਂ ਗਿਆਨ ਉਪਰ ਲੱਗੀਆਂ ਸੀਮਾਵਾਂ ਬੜੀਆਂ ਕਠੋਰ ਸਨ। ਮੌਖਿਕ-ਸੰਚਾਰ ਦਾ ਅਰਥ ਸੀ ਕਿ ਵਿਅਕਤੀ ਕੇਵਲ ਉਹੀ ਕੁਝ ਸਿੱਖ ਸਕਦਾ ਸੀ ਜੋ ਮੌਖਿਕ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਸੰਚਰਿਤ ਹੁੰਦਾ ਰਹਿੰਦਾ ਸੀ। ਸੰਚਾਰ ਕੇਵਲ ਉਨ੍ਹਾਂ ਲੋਕਾਂ ਦਰਮਿਆਨ ਹੀ ਸੰਭਵ ਸੀ ਜੋ ਸਿਧੇ ਇਕ-ਦੂਜੇ ਦੇ ਸੰਪਰਕ ਵਿਚ ਆ ਸਕਦੇ ਸਨ।

ਲਿਖਤ ਇਸ ਲਈ ਵੀ ਮਹੱਤਵਪੂਰਣ ਸੀ ਕਿਉਂਕਿ ਇਸ ਦੁਆਰਾ ਲੋਕ, ਗਿਆਨ

CC-0. In Public Domain, Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਭੰਡਾਰ ਦੇ ਰੂਪ ਵਿਚ ਇਕੱਠਾ ਕਰ ਸਕਦੇ ਸਨ ਅਤੇ ਇਕ ਵਿਆਪਕ ਖੇਤਰ ਵਿਚ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਸਕਦੇ ਸਨ। ਇਸ ਦੇ ਨਾਲ ਸੰਚਾਰ ਵਿਚ ਇਕ ਸਟੀਕਤਾ (Exactness) ਵੀ ਆਈ ਜੋ ਮੌਖਿਕ-ਸੰਚਾਰ ਸਮੇਂ ਸੰਭਵ ਨਹੀਂ ਸੀ। ਪਰੰਪਰਾਵਾਂ, ਜੋ ਮੌਖਿਕ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਚੱਲਦੀਆਂ ਆਈਆਂ ਸਨ, ਹੁਣ ਲਿਖੀਆਂ ਜਾਣ ਲੱਗੀਆਂ ਤਾਂ ਕਿ ਅਗਲੀ ਪੀੜ੍ਹੀ ਨੂੰ ਸਿਮ੍ਰਤੀ ਉੱਪਰ ਆਧਾਰਿਤ ਨਾ ਰਹਿਣਾ ਪਵੇ ਬਲਕਿ ਕਿਸੇ ਆਸਾਨ ਰੂਪ ਵਿਚ ਉਨ੍ਹਾਂ ਨੂੰ ਸੰਭਾਲਿਆ ਜਾ ਸਕੇ। ਪੜ੍ਹਤਾ ਦਾ ਇਕ ਹੋਰ ਮਹੱਤਵਪੂਰਨ ਪੱਖ ਉਹ ਸ਼ਕਤੀ ਸੀ ਜਿਹੜੀ ਉਹ ਅਨਪੜ੍ਹਤਾ ਉੱਪਰ ਬਣਾਈ ਰੱਖਦੀ ਸੀ। ਲਿਖਣ ਦੇ ਮੁੱਢਲੇ ਯੁੱਗ ਵਿਚ ਪਵਿੱਤਰ ਗ੍ਰੰਥਾਂ ਨੂੰ ਲਿਖਣ ਤੇ ਪੜ੍ਹਨ ਦਾ ਕੰਮ ਬ੍ਰਾਹਮਣ (Priestly) ਸ਼੍ਰੇਣੀ ਪਾਸ ਸੀ ਅਤੇ ਇਸ ਕਾਰਨ ਉਹ ਜਮਾਤ ਸੋਸਾਇਟੀ ਦੇ ਹੋਰ ਵਰਗਾਂ ਨਾਲੋਂ ਇਕ ਵਿਸ਼ੇਸ਼ ਤੇ ਉੱਤਮ ਸਥਾਨ ਰੱਖਦੀ ਸੀ। ਇਸ ਸ਼੍ਰੇਣੀ ਨੇ ਬਹੁਤ ਦੇਰ ਤੱਕ ਸਮੁੱਚੀ ਸੋਸਾਇਟੀ ਦੀ ਅਗਵਾਈ ਦਾ ਅਧਿਕਾਰ ਸੰਭਾਲੀ ਰੱਖਿਆ। ਇਸ ਤੋਂ ਬਿਨਾ ਕਿਉਂਕਿ ਇਹ ਪੜ੍ਹੀ-ਲਿਖੀ ਸ਼੍ਰੇਣੀ ਧਾਰਮਿਕ ਗ੍ਰੰਥਾਂ ਦੀ ਵਿਆਖਿਆ ਕਰ ਸਕਦੀ ਸੀ, ਇਸ ਲਈ ਇਹ ਆਪਣੀ ਸੱਤਾ ਨੂੰ ਸਥਾਪਿਤ ਕਰਨ ਅਤੇ ਆਪਣੇ ਮੰਤਵਾਂ ਨੂੰ ਨਿਆਇਉਚਿਤ ਠਹਿਰਾਉਣ ਦੀ ਸਥਿਤੀ ਵਿਚ ਸੀ। ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੜ੍ਹਤਾ ਨੇ ਇਕ ਜਟਿਲ ਪ੍ਰਬੰਧਕੀ ਢਾਂਚੇ ਦੇ ਮੁੱਢਲੇ ਰੂਪ ਲਈ ਜ਼ਮੀਨ ਤਿਆਰ ਕੀਤੀ, ਜਿਹੜਾ ਕਿ ਸਮੇਂ ਨਾਲ ਲੋਕਾਂ ਦੀਆਂ ਪਦਾਰਥਕ ਲੋੜਾਂ ਦੀ ਤ੍ਰਿਪਤੀ ਤੋਂ ਅੱਗੇ ਲੰਘ ਕੇ ਮਨੁੱਖੀ ਸ਼ਕਤੀ ਨੂੰ ਹੋਰ ਮੰਤਵਾਂ ਲਈ ਵਰਤੇ ਜਾਣ ਦਾ ਇਕ ਸਮਰੱਥ ਮਾਧਿਅਮ ਬਣ ਗਿਆ। ਜਦੋਂ ਤੱਕ ਲੋਕ ਸਿਰਫ਼ ਖਾਧ-ਖੁਰਾਕ ਅਤੇ ਰਹਿਣ-ਸਹਿਣ ਲਈ ਮੁੱਢਲੀਆਂ ਜ਼ਰੂਰਤਾਂ ਵਿਚ ਹੀ ਰੁੱਚੀ ਰੱਖਦੇ ਹਨ, ਉਸ ਸਮੇਂ ਤੱਕ ਪਰਿਵਰਤਨ ਲਈ ਬਹੁਤ ਘੱਟ ਉਤਸ਼ਾਹ ਹੁੰਦਾ ਹੈ ਪਰ ਜਿਵੇਂ ਹੀ ਸਟੇਟ ਦਾ ਸੰਕਲਪ ਪੈਦਾ ਹੋ ਜਾਂਦਾ ਹੈ, ਜਿਸ ਦੇ ਰਾਜਨੈਤਿਕ ਅਤੇ ਆਰਥਿਕ ਨਿਸ਼ਾਨੇ ਆਪਣੇ ਸ਼ਹਿਰੀਆਂ ਦੇ ਮੁੱਢਲੇ ਸੁੱਖ ਆਰਾਮ ਤੋਂ ਪਰ੍ਹੇ ਤੱਕ ਫੈਲ ਜਾਂਦੇ ਹਨ, ਵਿਸ਼ੇਸ਼ ਕਰ ਉਸ ਸਮੇਂ ਜਦੋਂ ਸਟੇਟ ਪਾਸ ਆਪਣੇ ਸ਼ਹਿਰੀਆਂ ਨੂੰ ਅਜਿਹੇ ਨਿਸ਼ਾਨਿਆਂ ਦੀ ਪੂਰਤੀ ਲਈ ਸੰਗਠਿਤ ਕਰ ਸਕਣ ਦੀ ਸ਼ਕਤੀ ਆ ਜਾਂਦੀ ਹੈ। ਉਸ ਸਮੇਂ ਪਰਿਵਰਰਨ ਲਈ ਉਤਸ਼ਾਹ ਅਤੇ ਜੋਸ਼ ਅਸੀਮ ਹੋ ਜਾਂਦਾ ਹੈ।

ਸਭਿਆਚਾਰਕ ਪਰਿਵਰਤਨ ਦੇ ਕੁਝ ਆਧਾਰ

ਮਾਨਵ ਵਿਗਿਆਨੀਆਂ ਨੇ ਸਮਾਜਕ-ਸਭਿਆਚਾਰਕ ਪਰਿਵਰਤਨਾਂ ਦੇ ਅਧਿਐਨ ਲਈ ਬਹੁਤ ਸਾਰੀਆਂ ਪਹੁੰਚ-ਵਿਧੀਆਂ ਦਾ ਪ੍ਰਯੋਗ ਕੀਤਾ ਹੈ। ਉਨ੍ਹੀਵੀਂ ਸਦੀ ਦੇ ਅੰਤ ਵਿਚ ਫਰਾਂਜ਼ ਬੋਆਸ (Franz Boas) ਨੇ ਸਭਿਆਚਾਰਕ ਵਿਕਾਸ (Cultural Evolution) ਦੇ ਸਿਧਾਂਤ ਨੂੰ ਚੁਨੌਤੀ ਦਿੱਤੀ ਕਿਉਂਕਿ ਉਹ ਮਹਿਸੂਸ ਕਰਦਾ ਸੀ ਕਿ ਇਹ ਸਿਧਾਂਤ, ਪਰਿਵਰਤਨ ਦੇ ਇਕ ਮੂਲਭੂਤ ਅਤੇ ਸਪਸ਼ਟ ਤੌਰ ਤੇ ਦਿਸ ਜਾਣ ਵਾਲੇ ਸਰੋਤ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਵਹੇਲਨਾ ਕਰਦਾ ਹੈ। ਬੋਅਸ ਨੇ ਸਭਿਆਚਾਰਕ ਪਰਿਵਰਤਨਾਂ ਦੀ ਨਿਸ਼ਾਨਦੇਹੀ ਲਈ ਇਕ ਨਵੀਂ ਵਿਧੀ ਦਾ ਪ੍ਰਯੋਗ ਕੀਤਾ। ਇਹ ਵਿਧੀ ਵੱਡੇ-ਵੱਡੇ ਸਿਧਾਂਤਾਂ ਦਾ ਨਿਰਮਾਣ ਕਰਨ ਦੀ ਬਜਾਇ, ਛੋਟੇ-ਛੋਟੇ ਤੱਥਾਂ ਦੇ ਇਕੱਤਰੀਕਰਣ ਕਰਨ ਉੱਤੇ ਜ਼ੋਰ ਦਿੰਦੀ ਸੀ। ਬੋਅਸ ਦਾ ਵਿਚਾਰ ਸੀ ਕਿ ਜੇ ਮਾਨਵ-ਵਿਗਿਆਨ ਨੇ ਇਕ ਸਾਇੰਸ ਬਣਨਾ ਹੈ ਤਾਂ ਇਸਦਾ ਆਧਾਰ ਕਪੋਲ-ਕਲਪਨਾਵਾਂ ਨਹੀਂ ਬਲਕਿ ਠੋਸ ਤੱਤ ਹੋਣੇ ਚਾਹੀਦੇ ਹਨ। ਸਭਿਆਚਾਰ ਦੇ ਕਿਸੇ ਪੱਖ ਦੇ ਨਿਰੀਖਣ ਦੁਆਰਾ ਉਹ ਇਹ ਜਾਣਨਾ ਚਾਹੁੰਦਾ ਸੀ ਕਿ ਇਹ ਕਿਵੇਂ ਹੋਂਦ ਵਿਚ ਆਇਆ ਅਤੇ ਕਿਸ ਤਰ੍ਹਾਂ ਇਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਤੱਕ ਪਹੁੰਚਿਆ। ਅਜਿਹੀ ਸਮਝ ਸਭਿਆਚਾਰਕ ਪਰਿਵਰਤਨ ਦੀ ਨਿਯਮਾਵਲੀ ਲਈ ਇਕ ਕੁੰਜੀ ਦਾ ਕੰਮ ਕਰ ਸਕਦੀ ਸੀ।

ਸਭਿਆਚਾਰਕ ਸੰਪਰਕ ਦੁਆਰਾ ਪਰਿਵਰਤਨ (Acculturation)

ਇਹ ਪਰਿਵਰਤਨ ਉਸ ਸਮੇਂ ਵਾਪਰਦਾ ਹੈ ਜਦੋਂ ਦੋ ਵੱਖਰੇ ਸਭਿਆਚਾਰਾਂ ਨਾਲ ਸੰਬੰਧਿਤ ਗਰੁੱਪ ਇਕ ਦੂਜੇ ਦੇ ਸਿੱਧੇ ਸੰਪਰਕ ਵਿਚ ਆਉਂਦੇ ਹਨ। ਗਿਆਰ੍ਹਵੀਂ ਸਦੀ ਤੋਂ ਬਾਅਦ ਜਦ ਭਾਰਤੀ ਸਭਿਆਚਾਰ, ਇਸਲਾਮਿਕ ਸਭਿਆਚਾਰ ਦੇ ਸਿੱਧੇ ਸੰਪਰਕ ਵਿੱਚ ਆਇਆ ਤਾਂ ਇਸ ਵਿਚ ਬਹੁਤ ਸਾਰੇ ਗੁਣਾਤਮਕ ਪਰਿਵਰਤਨ ਆਏ। ਭਾਰਤ ਵਾਸੀਆਂ ਨੇ ਇਸਲਾਮਿਕ ਰਸਮਾਂ-ਰੀਤਾਂ, ਸਾਕਾਦਾਰੀ ਅਤੇ ਪੂਜਾ-ਅਰਚਾ ਨੂੰ ਜਿਉਂ ਦਾ ਤਿਉਂ ਨਹੀਂ ਅਪਣਾ ਲਿਆ ਬਲਕਿ ਭਾਰਤੀ ਸਭਿਆਚਾਰ ਨੇ ਖਾਧ-ਖੁਰਾਕ, ਵੇਸ਼-ਭੂਸ਼ਾ ਅਤੇ ਰਸਮ-ਰਿਵਾਜ਼ ਨੂੰ ਆਪਣੇ ਸਭਿਆਚਾਰ ਦੇ ਅਨੁਕੂਲ ਬਣਾ ਕੇ ਅਪਣਾਇਆ। ਇਉਂ ਭਾਰਤੀ ਅਤੇ ਇਸਲਾਮਿਕ ਸਭਿਆਚਾਰ, ਪਰਸਪਰ ਆਦਾਨ-ਪ੍ਰਦਾਨ ਦੀ ਪ੍ਰਕ੍ਰਿਆ ਨਾਲ ਰੂਪਾਂਤਰਿਤ ਹੋ ਗਏ। ਸਿਖ ਮਤਿ ਇਸ ਰੂਪਾਂਤਰਣ ਦੇ ਅਮਲ ਦੀ ਹੀ ਉਪਜ ਹੈ। ਭਾਰਤੀ ਸਭਿਆਚਾਰ ਉਪਰ, ਇਸਲਾਮਿਕ ਸਭਿਆਚਾਰ ਦੇ ਹਮਲੇ ਦੁਆਰਾ ਜੋ ਧੁਨੀਆਂ ਪੈਦਾ ਹੋਈਆਂ, ਸਿਖ ਮੱਤ ਉਨ੍ਹਾਂ ਧੁਨੀਆਂ ਦੀ ਹੀ ਇਕ ਪ੍ਰਤੀਧੁਨੀ ਹੈ।

ਸਿੱਖ-ਸਭਿਆਚਾਰ : ਰੂਪਾਂਤ੍ਰਣ

ਸਿੱਖੀ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਭਿਆਚਾਰ ਦੇ ਉਨ੍ਹਾਂ ਅੰਗਾਂ ਉਪਰ ਬੜਾ ਤਿੱਖਾ ਹਮਲਾ ਬੋਲਿਆ ਜੋ ਯੁਗ ਪਰਿਸਥਿਤੀਆਂ ਬਦਲ ਜਾਣ ਕਾਰਨ ਮਹਿਜ਼ ਰਵਾਇਤਨ ਹੀ ਢੋਏ ਜਾ ਰਹੇ ਸਨ। ਉਨ੍ਹਾਂ ਦੇ ਯੁਗ ਵਿਚ ਸਭਿਆਚਾਰ ਦਾ ਸੰਚਾਲਨ ਕਰਨ ਵਾਲੇ ਤਿੰਨ ਮੁੱਖ ਸਤੰਭ ਸਨ; ਕਾਜ਼ੀ, ਜੋਗੀ ਅਤੇ ਬ੍ਰਾਹਮਣ। ਗੁਰੂ ਜੀ ਨੇ ਇਨ੍ਹਾਂ ਤਿੰਨਾਂ ਹੀ ਸਤੰਭਾਂ ਦੀ ਨਿਰਭੈ ਆਲੋਚਨਾ ਕੀਤੀ—ਕਾਜ਼ੀਆਂ ਨੂੰ ਝੂਠ ਬੋਲ ਕੇ ਮਲ ਖਾਣ ਵਾਲੇ ਕਿਹਾ, ਜੋਗੀਆਂ ਨੂੰ ਜੁਗਤ ਨ ਜਾਣਨ ਵਾਲੇ ਅੰਨ੍ਹੇ ਕਿਹਾ ਅਤੇ ਬ੍ਰਾਹਮਣਵਾਦ ਦੀ ਵਿਸਤ੍ਰਿਤ ਆਲੋਚਨਾ ਕੀਤੀ। ਹੋਰ ਤਾਂ ਹੋਰ ਉਨ੍ਹਾਂ ਨੇ ਕਸ਼ਤਰੀਆਂ ਨੂੰ ਧਰਮ ਤੋਂ ਪਤਿਤ ਸਿੱਧ ਕੀਤਾ। ਕਸ਼ਤਰੀ ਜੋ ਪਹਿਲਾਂ ਭਾਰਤੀ ਸਭਿਆਚਾਰ ਦੇ ਰਖਵਾਲੇ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਚਾਲਕ ਹੋਇਆ ਕਰਦੇ ਸਨ, ਹੁਣ ਪਦਵੀਆਂ ਅਤੇ ਨਿੱਜੀ ਖ਼ੁਦਗਰਜ਼ੀ ਲਈ ਇਸ-ਲਾਮਿਕ ਸ਼ਤਰੰਜ ਦੇ ਮੋਹਰੇ ਜਾ ਬਣੇ ਸਨ। ਗੁਰੂ ਜੀ ਨੇ ਉਸ ਧਾਰਮਿਕ ਜਮਾਤ (Priestly class) ਦਾ ਹੀ ਉਨਮੂਲਨ ਕਰਨ ਦੀ ਠਾਣ ਲਈ ਜੋ ਜੜ੍ਹਤਾ ਦਾ ਪ੍ਰਤੀਕ ਬਣ ਚੁੱਕੀ ਸੀ। ਉਨ੍ਹਾਂ ਦੇ ਯੁਗ ਵਿਚ ਸਾਧੂ ਸੰਤ ਬ੍ਰਹਮਚਰਯ ਦਾ ਜੀਵਨ ਬਿਤਾਇਆ ਕਰਦੇ ਸਨ ਪਰ ਗੁਰੂ ਜੀ ਨੇ ਗ੍ਰਿਹਸਥੀ-ਸੰਤ ਦੇ ਸੰਕਲਪ ਨੂੰ ਜਨਮ ਦਿੱਤਾ ਜੋ ਗੁਰੂ ਗੋਬਿੰਦ ਸਿੰਘ ਤਕ ਪਹੁੰਚਦੇ-ਪਹੁੰਚਦੇ ਸੰਤ-ਸਿਪਾਹੀ ਦੇ ਸੰਕਲਪ ਵਿਚ ਪਰਿਵਰਤਿਤ ਹੋ ਗਿਆ।

ਗੁਰੂ ਨਾਨਕ ਦੇਵ ਜੀ ਨੇ ਗੁਰੂ-ਸੰਸਥਾ ਨੂੰ ਵੀ ਗਣਤਾਂਤ੍ਰਿਕ ਬਣਾਇਆ। ਗੁਰਿ-ਆਈ, ਚੋਣ ਦੁਆਰਾ ਮਿਲਦੀ ਰਹੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਬਹੁਤ ਸਾਰੇ ਸੇਵਕਾਂ-ਭਗਤਾਂ ਵਿਚੋਂ ਗੁਰੂ ਦੀ ਸਥਾਪਨਾ ਲਈ ਇਕ ਨਿਰਪੱਖ ਅਤੇ ਖੁਲ੍ਹੀ ਚੋਣ ਕੀਤੀ ਅਤੇ ਬਾਅਦ ਵਿਚ ਵੀ ਚੋਣ ਦਾ ਇਹ ਸਿਧਾਂਤ ਸਿੱਖ-ਸਭਿਆਚਾਰ ਦਾ ਇਕ ਮਹੱਤਵ ਪੂਰਨ ਧੁਰਾ ਬਣਿਆ ਰਿਹਾ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਗੁਰਿਆਈ ਦੇਣ ਤੋਂ ਪਹਿਲਾਂ ਸਿੱਖ ਧਰਮ ਵਿਚ ਪੈਦਾ ਹੋ ਚੁੱਕੀ ਪਰੀਸਟਲੀ ਜਮਾਤ—'ਮਸੰਦਾਂ' ਦਾ ਖ਼ਾਤਮਾ ਕਰ ਦਿੱਤਾ। ਸਿੱਖ ਸਮਾਜ ਅਤੇ ਸਭਿਆਚਾਰ ਦੀਆਂ ਪ੍ਰਮੁੱਖ ਸੰਸਥਾਵਾਂ ਦੇ ਸੰਚਾਲਨ ਲਈ ਪੰਜ ਪਿਆਰਿਆਂ ਦੀ ਖੁੱਲ੍ਹੀ ਅਤੇ ਨਿਰਪੱਖ ਚੋਣ ਕੀਤੀ। ਇਸ ਚੋਣ ਵਿਚ ਜੋ ਵੀ ਪੂਰਾ ਉੱਤਰਿਆ, ਚਾਹੇ ਉਸਦਾ ਸੰਬੰਧ ਕਿਸੇ ਵੀ ਜ਼ਾਤ ਜਾਂ ਜਮਾਤ ਨਾਲ ਸੀ, ਗੁਰੂ ਜੀ ਨੇ ਉਸ ਨੂੰ ਸਭਿਆਚਾਰਕ ਸੰਸਥਾਵਾਂ ਦੇ ਸੰਚਾਲਨ ਦੀ ਜ਼ੁੰਮੇਵਾਰੀ ਸੌਂਪ ਦਿੱਤੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਇਤਿਹਾਸ ਵਿਚ ਕਦੇ ਇਕ ਵਾਰ ਵੀ ਅਜਿਹਾ ਮੌਕਾ ਨਹੀਂ ਆਇਆ ਹੋਵੇਗਾ ਜਦੋਂ ਕਿਸੇ ਗੁਰੂ-ਵਿਅਕਤੀ ਨੇ ਚੋਣ ਤੋਂ ਬਿਨਾਂ ਕਿਸੇ ਹੋਰ ਰਵਾਇਤੀ ਆਧਾਰ ਤੇ ਕੋਈ ਫ਼ੈਸਲਾ ਲਿਆ ਹੋਵੇ। ਬਾਬਾ ਬੁੱਢਾ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਹੈੱਡ ਗ੍ਰੰਥੀ 'ਚੁਣਿਆ' ਗਿਆ ਸੀ। ਬੰਦਾ ਸਿੰਘ ਬਹਾਦਰ ਦੀ ਸਿੱਖ ਸੈਨਾਪਤੀ ਵਜੋਂ 'ਚੋਣ' ਹੋਈ ਸੀ। ਹਰ ਸਮੱਸਿਆ ਦੇ ਸਮਾਧਾਨ ਲਈ ਗੁਰੂ ਸਾਹਿਬਾਨ ਨੇ ਕਿਸੇ ਤਖ਼ਤ ਦੇ ਜਥੇਦਾਰ ਜਾਂ ਗੁਰਬਾਣੀ ਵਿਚੋਂ ਮਹਾਵਾਕ ਲੈਣ ਦੀ ਬਜਾਏ ਗਣਤਾਂਤ੍ਰਿਕ ਵਿਧੀ ਦਾ ਉਪਯੋਗ ਕੀਤਾ ਸੀ ਅਤੇ ਚੁਣੇ ਹੋਏ ਪੰਜ ਪਿਆਰਿਆਂ ਦੇ ਫ਼ੈਸਲੇ ਨੂੰ ਹੀ ਸਵੀਕ੍ਰਿਤੀ ਦਿੱਤੀ ਸੀ।

ਗੁਰੂ ਸਾਹਿਬਾਨ ਦੇ ਯੁਗ ਤੋਂ ਬਾਅਦ ਵੀ ਸਿੱਖ ਧਰਮ ਲਗਾਤਾਰ ਹਿੰਦੂ ਮਤਿ ਅਤੇ ਇਸਲਾਮ ਦੇ ਸੰਪਰਕ ਵਿਚ ਰਿਹਾ। ਇਸ ਲਈ ਇਨ੍ਹਾਂ ਧਰਮਾਂ ਦੇ ਕੁਝ ਉਹ ਪਹਿਲੂ ਜਿਹੜੇ ਗੁਰੂ ਵਿਅਕਤੀਆਂ ਨੇ ਸਿੱਖ ਸਭਿਆਚਾਰ ਵਿਚੋਂ ਖੰਡਿਤ ਕਰ ਦਿੱਤੇ ਸਨ, ਉਹ ਇਸ ਸਭਿਆਚਾਰ ਵਿਚ ਪੁਨਰ-ਪ੍ਰਵੇਸ਼ ਕਰ ਗਏ। ਸਿੱਖ ਸਭਿਆਚਾਰ ਵਿਚ ਇਕ ਬ੍ਰਾਹਮਣ (ਪਰੀਸਟਲੀ) ਜਮਾਤ ਪੈਦਾ ਹੋਣ ਲੱਗੀ ਜੋ ਜੜ੍ਹ-ਕੀਮਤਾਂ ਉਤੇ ਪਹਿਰਾ ਦੇਣ ਲੱਗੀ। 1947 ਈ. ਤੋਂ ਬਾਅਦ ਪਾਕਿਸਤਾਨ ਬਣ ਜਾਣ ਕਾਰਨ ਅਤੇ ਮੁਸਲਮਾਨਾਂ ਦੇ ਭਾਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਵਿਚੋਂ [illegible] ਗਿਆ ਜਿਹੜਾ ਹਿੰਦੂ ਸਭਿਆਚਾਰ ਅਤੇ ਇਸਲਾਮ ਦੇ ਦੋ ਵਿਪਰੀਤ ਦਿਸ਼ਾਵਾਂ ਵਿਚ ਸਥਿਤ ਹੋਣ ਕਾਰਨ ਅਤੇ ਸਿੱਖ ਧਰਮ ਦੇ ਇਨ੍ਹਾਂ ਦੋਹਾਂ ਦੇ ਦਰਮਿਆਨ ਸਥਿਤ ਹੋਣ ਕਾਰਨ ਬਣਿਆ ਹੋਇਆ ਸੀ। ਨਵੀਆਂ ਪਰਿਸਥਿਤੀਆਂ ਵਿਚ ਸਿੱਖ ਸਭਿਆਚਾਰ ਵਿਚ ਵਧੇਰੇ ਜੜ੍ਹਤਾ ਤੇ ਰੂੜ੍ਹੀਵਾਦਿਤਾ ਆਉਂਦੀ ਚਲੀ ਗਈ।

ਧਾਰਮਿਕ ਮੂਲਵਾਦ ਅਤੇ ਪੁਨਰੋਥਾਨਵਾਦ

ਸਭਿਆਚਾਰਾਂ ਦਾ ਪਰਸਪਰ ਸੰਪਰਕ ਕਈ ਵਾਰ ਇਕ ਦੂਸਰੀ ਦਿਸ਼ਾ ਅਖ਼ਤਿਆਰ ਕਰਦਾ ਹੋਇਆ ਨਜ਼ਰ ਆਉਂਦਾ ਹੈ। ਜਦੋਂ ਪੱਛਮੀ ਸਭਿਆਚਾਰ ਨੇ ਦੁਨੀਆਂ ਦੇ ਦੂਰ-ਦੁਰਾਡੇ ਕੋਨਿਆਂ ਵਿਚ ਵੱਸੇ ਸਭਿਆਚਾਰਾਂ ਉਤੇ ਆਕ੍ਰਮਣ ਕੀਤਾ ਤਾਂ ਇਨ੍ਹਾਂ ਸਭਿਆਚਾਰਾਂ ਨਾਲ ਸੰਬੰਧਿਤ ਲੋਕਾਂ ਨੇ ਆਪਣੇ ਪੁਰਾਤਨ ਜੀਵਨ-ਮੁੱਲਾਂ ਨੂੰ ਢਾਹ ਲੱਗਦੀ ਵੇਖੀ। ਕਿਉਂਕਿ ਪੱਛਮੀ ਸਭਿਆਚਾਰ ਇਕ ਵਿਜਈ ਮੁਦਰਾ ਨਾਲ ਇਨ੍ਹਾਂ ਦੇ ਰੂ-ਬਰੂ ਹੋਇਆ, ਇਸ ਲਈ ਇਹ ਲੋਕ ਕਿਸੇ ਹੱਦ ਤਕ ਮਜਬੂਰੀ ਦੀ ਸਥਿਤੀ ਵਿਚ ਵੀ ਸਨ। ਇਸ ਸਥਿਤੀ ਵਿਚ ਜਾਂ ਤਾਂ ਉਹ ਇਹ ਕਰ ਸਕਦੇ ਸਨ ਕਿ ਆਪਣੇ ਪੁਰਾਣੇ ਤੌਰ ਤਰੀਕਿਆਂ ਨੂੰ ਭੁੱਲ ਜਾਣ ਅਤੇ ਅੰਗਰੇਜ਼ ਲੋਕਾਂ ਵਾਂਗ ਵਰਤੋਂ-ਵਿਹਾਰ ਕਰਨ ਲੱਗਣ। ਦੂਜਾ ਵਿਕਲਪ ਇਹ ਸੀ ਕਿ ਉਹ ਆਪਣੇ ਸਭਿਆਚਾਰ ਦੇ ਪੁਨਰੋਥਾਨ ਦੀ ਕੋਸ਼ਿਸ਼ ਕਰਨ। ਇਸ ਨੂੰ ਨਵੀਆਂ ਪਰਿਸਥਿਤੀਆਂ ਦੇ ਅਨੁਸਾਰ (ਚੇਤੰਨ ਤੌਰ ਤੇ) ਬਦਲ ਲੈਣ। ਪੁਨਰੋਥਾਨ ਨਾਲ ਸੰਬੰਧਿਤ ਲਹਿਰਾਂ ਨੂੰ ਕਈ ਉਪ-ਸ਼੍ਰੇਣੀਆਂ ਵਿਚ ਵੀ ਵਿਭਾਜਿਤ ਕੀਤਾ ਜਾ ਸਕਦਾ। ਪ੍ਰਥਮੇ, ਉਹ ਲਹਿਰਾਂ ਹਨ ਜਿਨ੍ਹਾਂ ਨੂੰ ਅਸੀਂ ਮੂਲਵਾਦੀ (Nativist) ਲਹਿਰਾਂ ਦਾ ਨਾਮ ਦੇ ਸਕਦੇ ਹਾਂ। ਇਹ ਲਹਿਰਾਂ ਆਪਣੇ ਸਭਿਆਚਾਰ ਵਿਚੋਂ ਵਿਦੇਸ਼ੀ (ਓਪਰੇ) ਲੋਕਾਂ, ਰਿਵਾਜ਼ਾਂ, ਮੁੱਲਾਂ ਅਤੇ ਸਾਮਗਰੀ ਨੂੰ ਮਿਟਾ ਦੇਣ ਤੇ ਬਲ ਦਿੰਦੀਆਂ ਹਨ। ਅਜਿਹੀ ਕਿਸੇ ਵੀ ਲਹਿਰ ਵਿਚ, ਪਾਰੰਪਰਿਕ ਸਭਿਆਚਾਰ ਦੇ ਕੁਝ ਪੱਖਾਂ ਨੂੰ ਵਿਸ਼ੇਸ਼ ਮਹੱਤਵ ਦੇਣ ਲਈ ਚੁਣ ਲਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਪ੍ਰਤੀਕਾਤਮਕ ਮੁੱਲ ਪ੍ਰਦਾਨ ਕਰ ਦਿੱਤਾ ਜਾਂਦਾ ਹੈ।

ਉੱਤਰੀ ਅਮਰੀਕਾ ਦੇ ਇੰਡੀਅਨਜ਼ ਦਾ 'ਘੋਸਟ ਡਾਂਸ' ਮੂਲਵਾਦੀ ਲਹਿਰ ਦੀ ਇਕ ਉੱਤਮ ਉਦਾਹਰਣ ਹੈ। ਇਹ ਲਹਿਰ ਇੰਡੀਅਨ ਕਬੀਲਿਆਂ ਦੇ ਪੱਛਮੀ ਗੋਰੇ ਲੋਕਾਂ ਨਾਲ ਸੰਪਰਕ ਦੁਆਰਾ ਪੈਦਾ ਹੋਈ। ਆਪਣੀ ਪਾਰੰਪਰਿਕ ਜੀਵਨ-ਵਿਧੀ ਦਾ ਪਰਿਤਿਆਗ ਕਰਨ ਲਈ ਵਿਵਸ਼ ਹੋਏ ਲੋਕਾਂ ਨੇ ਇਕ ਧਾਰਮਿਕ ਨੇਤਾ ਵੋਵੋਕਾ (Wovoka) ਪਾਸ ਆਪਣੀ ਸਮੱਸਿਆ ਦਾ ਸਮਾਧਾਨ ਜਾ ਢੂੰਡਿਆ। ਵੋਵੋਕਾ ਨੇ ਗੋਰਿਆਂ ਦੀ ਜੀਵਨ-ਸ਼ੈਲੀ ਨੂੰ ਅਸਵੀਕਾਰ ਕਰਨ, ਪੁਰਾਤਨ ਪਰੰਪਰਾਵਾਂ ਵੱਲ ਵਾਪਸ ਮੁੜਨ ਅਤੇ 'ਘੋਸਟ ਡਾਂਸ' ਨਾਮ ਦੀ ਇਕ ਨਵੀਂ ਰੀਤ ਨੂੰ ਅਪਣਾਉਣ ਉੱਤੇ ਜ਼ੋਰ ਦਿੱਤਾ। ਉਸ ਦੀ ਭਵਿੱਖਬਾਣੀ ਵਿਚ ਇਹ ਵੀ ਕਿਹਾ ਗਿਆ ਕਿ ਜਿਹੜੇ ਲੋਕ ਉਸ ਦੇ ਦੱਸੇ ਹੋਏ ਰਾਹ ਤੇ

CC-0. In Public Domain. Gurukul Kangri Collection, Haridwar

ਚੱਲਣਗੇ, ਗੋਰਿਆਂ ਦੀਆਂ ਬੰਦੂਕਾਂ ਵਿਚੋਂ ਨਿੱਕਲੀਆਂ ਹੋਈਆਂ ਗੋਲੀਆਂ ਉਨ੍ਹਾਂ ਨੂੰ Digitized by Arya Samaj Foundation Chennai and eGangotri ਛੋਹਣਗੀਆਂ ਵੀ ਨਹੀਂ ਅਤੇ ਉਹ ਮੌਤ ਦੇ ਡਰ ਤੋਂ ਨਿਰਭੈ ਹੋ ਕੇ ਗੋਰਿਆਂ ਵਿਰੁੱਧ ਆਪਣਾ ਜੱਹਾਦ ਜਾਰੀ ਰੱਖ ਸਕਣਗੇ ।

ਪੁਨਰੋਥਾਨਵਾਦੀ ਲਹਿਰਾਂ ਵਿਚ ਇਕ ਹੋਰ ਲਹਿਰ ਨੂੰ 'ਕਾਰਗੋ ਕਲਟ' (Cargo Cult) ਦਾ ਨਾਮ ਦਿੱਤਾ ਗਿਆ ਹੈ । ਇਹ ਲਹਿਰ ਪ੍ਰਸ਼ਾਂਤ ਮਹਾਂਸਾਗਰ ਦੇ ਟਾਪੂਆਂ ਨਾਲ ਸੰਬੰਧਿਤ ਹੈ । ਇਨ੍ਹਾਂ ਟਾਪੂਆਂ ਵਿਚ ਵੱਸਣ ਵਾਲੇ ਲੋਕਾਂ ਨੇ ਪੱਛਮੀ ਹੁਕਮਰਾਨਾਂ ਦੇ, ਮਿਲਟਰੀ ਦੇ ਅਤੇ ਹੋਰ ਸਮਾਨ ਨਾਲ ਲੱਦੇ ਹੋਏ ਜਹਾਜ਼ ਬੰਦਰਗਾਹਾਂ ਤੇ ਲੱਗਦੇ ਵੇਖੇ । ਪਰ ਇਸ ਸਮਾਨ ਵਿਚ ਮੂਲਵਾਸੀਆਂ ਦਾ ਕੋਈ ਹਿੱਸਾ ਨਹੀਂ ਸੀ ਹੁੰਦਾ । ਹੌਲੀ-ਹੌਲੀ ਉਹ ਇਹ ਵਿਸ਼ਵਾਸ ਕਰਨ ਲੱਗੇ ਕਿ ਜੇ ਉਹ ਵੀ ਵਿਦੇਸ਼ੀਆਂ ਦੇ ਤੌਰ-ਤਰੀਕਿਆਂ ਨੂੰ ਆਪਣਾ ਲੈਣ ਤਾਂ ਉਨ੍ਹਾਂ ਵਾਸਤੇ ਵੀ ਇਹੋ ਜਿਹੇ 'ਕਾਰਗੋ' ਆਇਆ ਕਰਨਗੇ । ਭਾਵੇਂ ਉਹ ਲੋਕ, ਪੱਛਮੀ ਸਭਿਆਚਾਰ ਅਤੇ ਕਾਰਗੋ ਦੇ ਦਰਮਿਆਨ ਰਿਸ਼ਤੇ ਨੂੰ ਸਹੀ ਤਰ੍ਹਾਂ ਨਹੀਂ ਸਨ ਜਾਣ ਸਕੇ ਪਰ ਤਾਂ ਵੀ ਉਨ੍ਹਾਂ ਨੇ ਆਪਣੇ ਸਭਿਆਚਾਰ ਵਿਚ ਪਰਿਵਰਤਨ ਲਿਆਉਣੇ ਸ਼ੁਰੂ ਕਰ ਦਿੱਤੇ । ਇਹ ਪਰਿਵਰਤਨ ਮੂਲਵਾਦੀ ਲਹਿਰ ਨਾਲੋਂ ਵੱਖਰੇ ਹਨ ਕਿਉਂਕਿ ਜਿੱਥੇ ਮੂਲਵਾਦੀ ਲਹਿਰਾਂ ਨਕਾਰਵਾਦੀ ਨਜ਼ਰੀਆਂ ਅਪਣਾ ਕੇ ਪਰੰਪਰਾ ਵੱਲ ਵਾਪਸ ਮੁੜਦੀਆਂ ਹਨ ਉੱਥੇ 'ਕਾਰਗੋ ਕਲਟ' ਪਰੰਪਰਾ ਨੂੰ ਛੱਡ ਕੇ ਪੱਛਮੀ ਤੌਰ-ਤਰੀਕਿਆਂ ਨੂੰ ਅਪਣਾਉਂਦਾ ਨਜ਼ਰ ਆਉਂਦਾ ਹੈ ।

ਵਾਂਝਿਆਂਕਰਣ : ਪੁਨਰੋਥਾਨਵਾਦੀ ਲਹਿਰਾਂ ਦੀ ਤਹਿ ਹੇਠ

(Relative Deprivation : A Cause of Revitalization Mevements)

ਡੇਵਿਡ ਅਬਰਲ (David Aberle) ਨੇ ਪੁਨਰੋਥਾਨਵਾਦੀ ਲਹਿਰਾਂ ਦੇ ਵਿਸ਼ਲੇਸ਼ਣ ਉਪਰੰਤ ਇਹ ਸਿੱਟਾ ਕੱਢਿਆ ਹੈ ਕਿ ਇਨ੍ਹਾਂ ਲਹਿਰਾਂ ਨੂੰ 'ਵਾਂਝਿਆਕਰਨ' ਦੇ ਸੰਕਲਪ ਦੁਆਰਾ ਸਮਝਿਆ ਜਾ ਸਕਦਾ ਹੈ । ਉਹ ਇਸ ਸੰਕਲਪ ਨੂੰ ਜਾਇਜ਼ ਆਸ਼ਾ (Legitimate Expectation) ਅਤੇ ਵਾਸਤਵਿਕਤਾ (Actuality) ਦੇ ਦਰਮਿਆਨ ਰਹਿ ਗਈ ਇਕ ਨਕਾਰਾਤਮਕ ਤਰੁੱਟੀ ਦੇ ਰੂਪ ਵਿਚ ਪਰਿਭਾਸ਼ਿਤ ਕਰਦਾ ਹੈ । ਅਰਥਾਤ, ਕੁਝ ਸਮੇਂ ਬਾਅਦ ਲੋਕਾਂ ਦਾ ਇਕ ਗਰੁੱਪ ਇਹ ਮਹਿਸੂਸ ਕਰਨ ਲੱਗਦਾ ਹੈ ਕਿ ਉਨ੍ਹਾਂ ਨੂੰ ਜਾਇਜ਼ ਜਾਂ ਬਣਦੇ ਹਿੱਸੇ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ । ਇਸ ਸਾਪੇਖਿਅਕ ਵਾਂਝਿਆਂਕਰਣ ਨੂੰ ਅਤੀਤ ਅਤੇ ਵਰਤਮਾਨ ਦੇ ਦਰਮਿਆਨ ਤੁਲਣਾ ਕਰਕੇ ਮਿਣਿਆ ਜਾਂਦਾ ਹੈ, ਅਬਰਲ ਅਨੁਸਾਰ ਪੁਨਰੋਥਾਨਵਾਦੀ ਲਹਿਰਾਂ ਕਿਸੇ ਦੁੱਖ ਕਾਰਨ ਨਹੀਂ ਬਲਕਿ ਅਸੰਤੁਸ਼ਟੀ ਕਾਰਨ ਹੋਂਦ ਵਿਚ ਆਉਂਦੀਆਂ ਹਨ । ਕਿਸੇ ਸ਼ਿਕਾਰੀ ਕਬੀਲੇ ਲਈ ਚਾਰ ਦਿਨਾਂ ਵਿਚੋਂ ਇਕ ਦਿਨ ਭੁੱਖੇ ਰਹਿ ਜਾਣਾ 'ਵਾਂਝਿਆਕਰਨ' ਦੇ ਘੇਰੇ ਵਿਚ ਨਹੀਂ ਆਉਂਦਾ ਪਰ ਜੇ ਇਕ ਮੱਧ ਵਰਗੀ ਅਮਰੀਕਨ ਨੂੰ ਇਕ ਦਿਨ ਵੀ ਮੀਟ ਪ੍ਰਾਪਤ ਨਹੀਂ ਹੁੰਦਾ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਇਸ ਗੱਲ ਨੂੰ 'ਵਾਂਝਾ ਰਹਿ ਗਿਆ' (Deprived) ਮਹਿਸੂਸ ਕਰੇਗਾ।

'ਵਾਂਝਿਆਕਰਣ' ਦੀ ਇਹ ਅਨੁਭੂਤੀ ਕੇਵਲ ਪਦਾਰਥਕ ਅਰਥਾਂ ਵਿਚ ਹੀ ਮਹਿਸੂਸ ਨਹੀਂ ਹੁੰਦੀ ਬਲਕਿ ਪ੍ਰਤੀਕਾਤਮਕ ਰੂਪ ਵਿਚ ਵੀ ਪੈਦਾ ਹੋ ਸਕਦੀ ਹੈ। ਜਦੋਂ ਕੋਈ ਗਰੁੱਪ ਇਹ ਮਹਿਸੂਸ ਕਰਨ ਲੱਗਦਾ ਹੈ ਕਿ ਜੋ ਕੁਝ ਉਸ ਨੂੰ ਮੌਜੂਦਾ ਰਿਵਾਜ਼ ਅਨੁਸਾਰ ਮਿਲ ਰਿਹਾ ਹੈ, ਉਸ ਨਾਲੋਂ ਉਸ ਦਾ ਰੁਤਬਾ ਵੱਡਾ ਹੈ। ਜਾਂ ਜੋ ਕੁਝ ਉਸ ਨੂੰ ਪ੍ਰਾਪਤ ਹੋ ਰਿਹਾ, ਉਸ ਤੋਂ ਕਿਤੇ ਵੱਧ ਉੱਤੇ ਉਸ ਦਾ ਅਧਿਕਾਰ ਬਣਦਾ ਹੈ ਤਾਂ ਇਹ ਇਕ 'ਵਾਂਝਿਆਕਰਣ' ਦੀ ਅਨੁਭੂਤੀ ਹੈ। ਫ਼ੌਜੀ ਰੁਤਬਿਆਂ ਦਾ ਅਧਿਐਨ ਕਰਨ ਤੇ ਇਹ ਪਤਾ ਚੱਲਿਆ ਕਿ ਛੋਟ ਅਹੁਦੇ ਵਾਲੇ ਗਰੁੱਪਾਂ ਦੀ ਬਜਾਇ ਵੱਡੇ ਅਹੁਦਿਆਂ ਵਿਚ ਵਧੇਰੇ ਅਸੰਤੁਸ਼ਟੀ ਹੈ, ਛੋਟੇ ਅਹੁਦਿਆਂ ਵਿਚ ਤਰੱਕੀ ਦੇ ਮੌਕੇ ਮੁਕਾਬਲਤਨ ਘੱਟ ਹਨ। ਇਸ ਲਈ ਜੇ ਛੋਟੇ ਰੈਂਕ ਵਾਲੇ ਕਿਸੇ ਸਿਪਾਹੀ ਦੀ ਤਰੱਕੀ ਨੂੰ ਕਈ ਵਾਰ ਨਜ਼ਰ ਅੰਦਾਜ਼ ਕਰਕੇ ਕਿਸੇ ਹੋਰ ਸਿਪਾਹੀ ਦੀ ਤਰੱਕੀ ਕਰ ਦਿੱਤੀ ਜਾਵੇ ਤਾਂ ਉਹ ਦੁੱਖੀ ਤਾਂ ਹੋਵੇਗਾ, ਅਸੰਤੁਸ਼ਟ ਨਹੀਂ ਹੋਵੇਗਾ। ਦੂਜੇ ਪਾਸੇ, ਕੋਈ ਵਿਅਕਤੀ ਰੈਂਕ ਵਿਚ ਜਿਤਨਾ ਉੱਚਾ ਹੁੰਦਾ ਜਾਂਦਾ ਹੈ, ਉਸ ਦੀ ਤਰੱਕੀ ਬਾਰੇ ਆਸ਼ਾ ਉੱਤਨੀ ਹੀ ਬਲਵਾਨ ਹੁੰਦੀ ਚਲੀ ਜਾਂਦੀ ਹੈ ਅਤੇ ਜੇ ਉਸ ਨੂੰ ਤਰੱਕੀ ਨਾ ਮਿਲੇ ਤਾਂ ਉਸ ਦੀ ਅਸੰਤੁਸ਼ਟੀ ਦੀ ਭਾਵਨਾ ਉੱਤਨੀ ਹੀ ਵਿਆਪਕ ਰੂਪ ਅਖ਼ਤਿਆਰ ਕਰ ਲੈਂਦੀ ਹੈ। ਇਹ ਭਾਵਨਾ ਈਰਖਾ, ਦੁਬਿਧਾ, ਸ਼ਿਕਵੇ-ਸ਼ਿਕਾਇਤਾਂ ਅਤੇ ਸਿਸਟਮ ਪ੍ਰਤੀ ਆਕ੍ਰੋਸ਼ ਦਾ ਰੂਪ ਧਾਰਣ ਕਰ ਜਾਂਦੀ ਹੈ।

ਇਥੇ ਹੀ ਇਹ ਜਾਣ ਲੈਣਾ ਵੀ ਬੜਾ ਜ਼ਰੂਰੀ ਹੈ ਕਿ ਜੇ ਇਸ ਨੇ ਕਿਸੇ ਪੁਨਰੋਥਾਨਵਾਦੀ ਲਹਿਰ ਦਾ ਰੂਪ ਧਾਰਣ ਕਰਨਾ ਹੈ ਤਾਂ 'ਵਾਂਝਿਆਂਕਰਣ' ਦੀ ਭਾਵਨਾ ਨੂੰ ਇਕ ਗਰੁੱਪ ਦੇ ਪੱਧਰ ਤੇ ਪੈਦਾ ਹੋਣਾ ਪਵੇਗਾ। ਜੇ ਇਕੱਲੇ-ਦੁਕੱਲੇ ਵਿਅਕਤੀ ਨੂੰ ਯੋਗ ਸਟੇਟਸ ਪ੍ਰਾਪਤ ਨਹੀਂ ਹੁੰਦਾ, ਉਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਯੋਗ ਸਿਲਾ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਵਿਅਕਤੀਗਤ ਰੂਪ ਤਾਂ ਵਾਝੇ ਰਹਿ ਗਏ ਮਹਿਸੂਸ ਕਰ ਸਕਦੇ ਹਨ ਪਰ ਇਹ ਕਿਸੇ ਸਮਾਜਕ-ਸਭਿਆਚਾਰ ਲਹਿਰ ਦੇ ਉੱਥਾਨ ਲਈ ਠੋਸ ਆਧਾਰ ਨਹੀਂ। ਪਰ ਜਦੋਂ ਅਸੰਤੁਸ਼ਟੀ ਨੂੰ ਜਨਮ ਦੇਣ ਵਾਲੀਆਂ ਪਰਿਸਥਿਤੀਆਂ ਇਤਨੀਆਂ ਵਿਆਪਕ ਹੋ ਜਾਂਦੀਆਂ ਹਨ ਕਿ ਇਹ ਕਿਸੇ ਗਰੁੱਪ ਦੀ ਆਬਾਦੀ ਦੇ ਵਡੇਰੇ ਭਾਗ ਤੱਕ ਪਹੁੰਚ ਜਾਂਦੀਆਂ ਹਨ ਤਾਂ ਸਮਾਜਕ-ਸਭਿਆਚਾਰਕ ਪਰਿਵਰਤਨ ਲਈ ਇਕ ਜ਼ਬਰਦਸਤ ਲਹਿਰ ਪੈਦਾ ਹੋਣ ਦੀ ਗੁੰਜਾਇਸ਼ ਬਣ ਜਾਂਦੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ 'ਸਾਪੇਖਿਅਕ ਵਾਂਝਿਆਂਕਰਣ' (Relative Deprivation) ਦਾ ਇਹ ਸੰਕਲਪ ਸਾਡੇ ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਸਮਝਣ ਵਾਸਤੇ ਕਾਫ਼ੀ ਅਰਥਪੂਰਨ ਹੈ।

ਆਧੁਨਿਕੀਕਰਣ

'ਆਧੁਨਿਕੀਕਰਣ' ਇਕ ਅਜਿਹੀ ਪ੍ਰਕਿਰਿਆ ਹੈ ਜੋ ਪਹਿਲਾਂ ਪੱਛਮੀ ਸਮਾਜ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਅਦ ਵਿਚ ਸਾਰੀ ਦੁਨੀਆਂ ਵਿਚ ਵਾਪਰੀ। ਇਸ ਪ੍ਰਕਿਰਿਆ ਦੇ ਤੁਲਨਾਤਮਕ ਅਧਿਐਨ ਦੁਆਰਾ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਜਾਣਿਆ-ਸਮਝਿਆ ਜਾ ਸਕਦਾ ਹੈ। ਬਹੁਤ ਸਾਰੀਆਂ ਸੋਸਾਇਟੀਆਂ ਵਿਚ, ਪੱਛਮ ਦੇ ਸੰਪਰਕ ਦੁਆਰਾ ਪਰਿਵਰਤਨ ਆਏ। ਇਨ੍ਹਾਂ ਪਰਿਵਰਤਨਾਂ ਨੇ ਆਰਥਿਕ ਪ੍ਰਬੰਧ, ਸਮਾਜਕ ਰਿਸ਼ਤਿਆਂ ਵਿਚਾਰਧਾਰਾਵਾਂ ਅਤੇ ਤਕਨਾਲੋਜੀ ਨੂੰ ਪ੍ਰਭਾਵਿਤ ਕੀਤਾ। ਸਾਨੂੰ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਪੱਛਮੀ ਦੇਸ਼ਾਂ ਵਿਚ ਵਿਕਸਿਤ ਹੋਈ ਉਦਯੋਗਿਕ ਤਕਨਾਲੋਜੀ ਉਨ੍ਹਾਂ ਦੇ ਆਪਣੇ ਸਭਿਆਚਾਰਕ ਪ੍ਰਬੰਧ ਦੇ ਮੇਚ ਆਉਣ ਵਾਲੀ ਸੀ। ਜਦੋਂ ਇਹ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਲੈ ਜਾਈ ਗਈ ਤਾਂ ਇਹ ਉਨ੍ਹਾਂ ਦੇਸ਼ਾਂ ਦੇ ਸਭਿਆਚਾਰਕ-ਪ੍ਰਬੰਧਾਂ ਦੇ ਪੂਰੀ ਤਰ੍ਹਾਂ ਫਿੱਟ ਨਹੀਂ ਬੈਠੀ। ਸਿੱਟੇ ਵਜੋਂ ਤਕਨਾਲੋਜੀ ਦੁਆਰਾ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਆਏ ਪਰਿਵਰਤਨਾਂ ਦੀ ਦਸ਼ਾ ਤੇ ਦਿਸ਼ਾ ਪੱਛਮੀ ਦੁਨੀਆਂ ਦੇ ਪਰਿਵਰਤਨਾਂ ਨਾਲੋਂ ਕੁਝ ਵੱਖਰੀ ਹੈ।

ਉਦਯੋਗੀਕਰਣ

ਕਿਸੇ ਵੀ ਸਮਾਜ ਵਿਚ ਉਦਯੋਗ ਦਾ ਵਿਕਾਸ, ਖੇਤੀਬਾੜੀ ਵਿਚਲੇ ਪਰਿਵਰਤਨਾਂ ਤੋਂ ਬਿਨਾਂ ਸੰਭਵ ਨਹੀਂ ਹੈ। ਉਦਯੋਗ ਦੇ ਵਿਕਾਸ ਲਈ ਬਹੁਤ ਸਾਰੇ ਅਜਿਹੇ ਲੋਕਾਂ ਦੀ ਜ਼ਰੂਰਤ ਪੈਂਦੀ ਹੈ ਜੋ ਖੇਤਾਂ ਦੀ ਬਜਾਇ ਕਾਰਖਾਨਿਆਂ ਵਿਚ ਕੰਮ ਕਰਨ। ਖੇਤੀਬਾੜੀ ਦੇ ਸਾਧਨਾਂ ਵਿਚ ਤਬਦੀਲੀ ਲਿਆਉਣ ਦੀ ਜ਼ਰੂਰਤ ਪੈਂਦੀ ਹੈ ਤਾਂ ਜੋ ਥੋੜੀ ਗਿਣਤੀ ਦੇ ਲੋਕ ਬਹੁਤੇ ਅੰਨ ਦਾ ਉਪਾਦਨ ਕਰ ਸਕਣ। ਇਸ ਤਰ੍ਹਾਂ ਉਦਯੋਗਿਕ ਕ੍ਰਾਂਤੀ ਲਈ ਸਤਾਰ੍ਹਵੀਂ ਸਦੀ ਤਕ ਜ਼ਮੀਨ ਤਿਆਰ ਨਾ ਹੋ ਸਕੀ ਜਦੋਂ ਤਕ ਕਿ ਵਿਗਿਆਨ ਖੇਤੀਬਾੜੀ ਦੇ ਸਾਧਨਾਂ ਦੀ ਮੱਦਦ ਲਈ ਮੈਦਾਨ ਵਿਚ ਨਾ ਆ ਗਿਆ। ਪਰ ਕੇਵਲ ਉਤਪਾਦਨ ਵਿਚ ਵਾਧਾ ਹੀ ਕਾਫ਼ੀ ਨਹੀਂ ਹੈ ਕਿਉਂਕਿ ਇਹ ਵੀ ਸੰਭਵ ਹੋਣਾ ਚਾਹੀਦਾ ਹੈ ਕਿ ਵਾਧੂ ਅਨਾਜ ਕਾਮਿਆਂ ਤਕ ਪਹੁੰਚ ਸਕੇ। ਸੋ ਦੇਸ਼ ਦੇ ਉਦਯੋਗੀਕਰਣ ਦੇ ਨਾਲ-ਨਾਲ ਖੇਤੀਬਾੜੀ ਦੇ ਵਪਾਰੀ-ਕਰਣ ਦੀ ਵੀ ਜ਼ਰੂਰਤ ਹੈ ਤਾਂ ਜੋ ਵਾਧੂ ਅਨਾਜ ਮੰਡੀਆਂ ਵਿਚ ਪਹੁੰਚਾਇਆ ਜਾ ਸਕੇ। ਉਦਯੋਗੀਕਰਣ ਲਈ ਪੇਂਡੂ ਆਬਾਦੀ ਦੇ ਪ੍ਰਬੰਧ (Stiucture) ਵਿਚਲੇ ਪਰਿਵਰਤਨ ਦੀ ਵੀ ਲੋੜ ਹੈ ਤਾਂ ਕਿ ਸ਼ਹਿਰਾਂ ਵਿਚ ਕਾਮੇ, ਕਾਫ਼ੀ ਮਾਤਰਾ ਵਿਚ ਮਿਲ ਸਕਣ। ਇਸੇ ਕਾਰਨ ਉਦਯੋਗੀਕ੍ਰਿਤ ਹੋ ਰਹੇ ਦੇਸ਼ਾਂ ਵਿਚ ਪੇਂਡੂ ਇਲਾਕਿਆਂ ਤੋਂ ਸ਼ਹਿਰੀ ਇਲਾਕਿਆਂ ਵਲ ਪ੍ਰਵਾਸ ਦਾ ਝੁਕਾਉ ਬੜਾ ਪ੍ਰਤੱਖ ਹੈ ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਤੱਥ ਇਹ ਹੈ ਕਿ ਇਹ ਪ੍ਰਵਾਸ 'ਚੁਣਵਾਂ' (Selective) ਹੈ। ਅਰਥਾਤ ਹਰ ਕੋਈ ਹੀ ਪਿੰਡਾਂ ਤੋਂ ਸ਼ਹਿਰਾਂ ਵਲ ਨਹੀਂ ਆ ਰਿਹਾ ਬਲਕਿ ਪੰਦਰਾਂ ਤੋਂ ਪੈਂਤੀ ਵਰ੍ਹੇ ਦੀ ਉਮਰ ਦੇ ਲੋਕ ਹੀ ਸ਼ਹਿਰਾਂ ਵਲ ਆ ਰਹੇ ਹਨ ਜਿਸ ਕਾਰਨ ਪਿੰਡਾਂ ਵਿਚ ਬੁੱਢੇ ਆਦਮੀਆਂ ਦੀ ਗਿਣਤੀ ਅਨੁਪਾਤ ਵਿਚ ਗੜਬੜ ਪੈਦਾ ਕਰ ਦਿੰਦੀ ਹੈ। ਉਥੇ ਨੌਜਵਾਨਾਂ ਦੀ ਗਿਣਤੀ ਬਹੁਤ ਘਟ ਜਾਂਦੀ ਹੈ ਅਤੇ ਸਿੱਟੇ ਵਜੋਂ ਨਵੇਂ ਵਿਚਾਰਾਂ ਜਾਂ ਪਰਿਵਰਤਨ ਦੀ ਗੁੰਜਾਇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਰਹਿੰਦੀ। ਪਰੰਪਰਾਵਾਂ ਜੜ੍ਹ ਅਤੇ ਪ੍ਰਤੀਗਾਮੀ ਰਵੱਈਆ ਅਖ਼ਤਿਆਰ ਕਰਨ ਕਰਨ ਲੱਗਦੀਆਂ ਹਨ।

ਉਦਯੋਗੀਕਰਣ, ਪਰਿਵਾਰ ਦੇ ਸਰੂਪ ਵਿਚ ਵੀ ਮਹੱਤਵਪੂਰਨ ਪਰਿਵਰਤਨ ਲਿਆਉਣ ਦਾ ਕਾਰਨ ਬਣਦਾ ਹੈ। ਪੇਂਡੂ-ਖੇਤੀਬਾੜੀ-ਸਮਾਜ ਇਕ ਵੱਡੀ ਇਕਾਈ ਹੁੰਦੀ ਹੈ ਜਿਸ ਵਿਚ ਕਈ ਪੀੜ੍ਹੀਆਂ ਇਕੱਠੀਆਂ ਰਹਿੰਦੀਆਂ ਹਨ। ਖੇਤ ਇਹੋ ਜਿਹੇ ਪਰਿਵਾਰ ਲਈ ਇਕ ਆਦਰਸ਼ਕ ਸਥਾਨ ਹੁੰਦਾ ਹੈ ਕਿਉਂਕਿ ਦੋਵੇਂ ਲਿੰਗਾਂ ਅਤੇ ਹਰ ਉਮਰ ਦੇ ਵਿਅਕਤੀਆਂ ਲਈ ਕੋਈ ਨਾ ਕੋਈ ਕੰਮ ਹੁੰਦਾ ਹੈ। ਪਰ ਜਦੋਂ ਪਰਿਵਾਰ ਸ਼ਹਿਰ ਵਿਚ ਚਲਾ ਜਾਂਦਾ ਹੈ ਅਤੇ ਉਦਯੋਗਿਕ ਕਿੱਤੇ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਥੇ ਅਜਿਹੇ ਪਰਿਵਾਰ ਦੇ ਬਹੁਤੇ ਮੈਂਬਰ ਇਕ ਤਰ੍ਹਾਂ ਨਾਲ ਬੋਝ ਬਣ ਜਾਂਦੇ ਹਨ। ਸਿੱਟੇ ਵਜੋਂ ਆਧੁਨਿਕੀਕਰਨ ਦੀ ਪ੍ਰਕ੍ਰਿਆ, ਸੰਯੁਕਤ-ਪਰਿਵਾਰ ਦੀ ਬਜਾਇ ਨਿਊਕਲੀਅਰ ਪਰਿਵਾਰ ਜਿਸ ਵਿਚ ਮਾਪੇ ਉਨ੍ਹਾਂ ਅਤੇਦੇ ਕੁਆਰੇ ਬੱਚੇ ਰਹਿੰਦੇ ਹਨ—ਨੂੰ ਵਿਕਸਿਤ ਕਰਦੀ ਹੈ। ਉਦਯੋਗ ਦੇ ਵਿਕਾਸ ਨਾਲ ਨੌਜਵਾਨ ਪੀੜ੍ਹੀ ਆਤਮ ਨਿਰਭਰ ਹੋਣ ਲੱਗਦੀ ਹੈ, ਇਸਤ੍ਰੀ ਦਾ ਸਟੇਟਸ ਉੱਚਾ ਹੋਣ ਲੱਗਦਾ ਹੈ ਅਤੇ ਸ੍ਵੈਇਛਿਤ ਵਿਆਹ-ਸੰਸਥਾ ਜਨਮ ਲੈਂਦੀ ਹੈ। ਇਸ ਤਰ੍ਹਾਂ ਉਦਯੋਗੀਕਰਣ ਦੀ ਪ੍ਰਕ੍ਰਿਆ, ਸਮਾਜ ਅਤੇ ਸਭਿਆਚਾਰ ਵਿਚ ਬਹੁਤ ਸਾਰੇ ਪਰਿਵਰਤਨਾਂ ਦਾ ਕਾਰਨ ਦਣਦੀ ਹੈ।

ਸ਼ਹਿਰੀਕਰਣ

ਸ਼ਹਿਰੀਕਰਣ ਦੀ ਪ੍ਰਕ੍ਰਿਆ, ਲੋਕਾਂ ਦੀ ਮਨੋਵਿਗਿਆਨਕ ਅਤੇ ਸਭਿਆਚਾਰਕ ਬਣਤਰ ਵਿਚ ਤਬਦੀਲੀ ਲੈ ਆਉਂਦੀ ਹੈ। ਸ਼ਹਿਰੀ ਜੀਵਨ ਪਿੰਡਾਂ ਤੋਂ ਆਏ ਲੋਕਾਂ ਦੀ ਜੀਵਨ-ਸ਼ੈਲੀ ਨੂੰ ਬਦਲ ਕੇ ਰੱਖ ਦਿੰਦਾ ਹੈ। ਉਦਾਹਰਣ ਲਈ। ਪਿੰਡ ਵਿਚ ਇਕ ਵਿਅਕਤੀ ਦੀ ਪਹਿਚਾਣ ਉਸ ਦੇ ਪਰਿਵਾਰ ਤੇ ਗੋਤ ਦੀ ਪਹਿਚਾਣ ਦੇ ਸੰਦਰਭ ਵਿਚ ਹੁੰਦੀ ਹੈ। ਸ਼ਾਇਦ ਹੀ ਕਦੇ ਕੋਈ ਪੇਂਡੂ ਵਿਅਕਤੀ ਰਾਸ਼ਟਰੀ ਨਿਸ਼ਾਨਿਆਂ ਬਾਰੇ ਸੋਚਦਾ ਹੋਵੇ। ਪਰ ਜਦੋਂ ਉਹ ਸ਼ਹਿਰ ਵਿਚ ਆਉਂਦਾ ਹੈ ਤਾਂ ਉਸਨੂੰ ਆਪਣਾ ਸਮੁੱਚਾ ਦ੍ਰਿਸ਼ਟੀਕੋਣ ਆਪਣੇ ਦੇਸ਼ ਨਾਲ ਜੋੜਨਾ ਪੈਂਦਾ ਹੈ। ਸਥਾਨਕਵਾਦ ਤੋਂ ਰਾਸ਼ਟਰਵਾਦ ਤਕ ਦਾ ਇਹ ਪਰਿਵਰਤਨ, ਸ਼ਹਿਰੀਕਰਣ ਦਾ ਇਕ ਪ੍ਰਮੁੱਖ ਲੱਛਣ ਹੈ।

ਪੇਂਡੂ ਅਤੇ ਸ਼ਹਿਰੀ ਜੀਵਨ ਵਿਚਲਾ ਇਕ ਹੋਰ ਫ਼ਰਕ, ਪਰਸਪਰ ਅੰਤਰ-ਕ੍ਰਿਆ ਦੇ ਸਰੂਪ ਨਾਲ ਸੰਬੰਧ ਰੱਖਦਾ ਹੈ। ਪੇਂਡੂ ਸੋਸਾਇਟੀ ਵਿਚ ਹਰ ਕੋਈ, ਦੂਸਰੇ ਨੂੰ ਨਿੱਜੀ ਰੂਪ ਵਿਚ ਜਾਣਦਾ ਹੁੰਦਾ ਹੈ। ਲੋਕ ਇਕ ਦੂਜੇ ਦੇ ਅਤੀਤ ਨੂੰ, ਉਨ੍ਹਾਂ ਦੀ ਰੁਚੀਆਂ ਤੇ ਵਿਸ਼ਿਸ਼ਟ-ਤਾਵਾਂ ਨੂੰ ਜਾਣਦੇ ਹੁੰਦੇ ਹਨ। ਕਿਸੇ ਲਈ ਕੁਝ ਵੀ ਛਿਪਿਆ ਨਹੀਂ ਹੁੰਦਾ। ਦੂਜੇ ਪਾਸੇ ਸ਼ਹਿਰ ਇਕ ਅਗਿਆਤ ਸਥਾਨ ਹੁੰਦਾ ਹੈ ਜਿਥੇ ਇਕ ਆਦਮੀ ਗੁਆਚ ਸਕਦਾ ਹੈ। ਲੋਕ ਇਕ ਅਜਿਹੀ ਸਥਿਤੀ ਵਿਚ ਫਸੇ ਹੁੰਦੇ ਹਨ ਕਿ ਉਨ੍ਹਾਂ ਨੂੰ ਅਗਿਆਤ ਲੋਕਾਂ ਨਾਲ ਸੰਪਰਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਾਉਣਾ ਪੈਂਦਾ ਹੈ। ਸਿਟੇ ਵਜੋਂ ਲੋਕ ਰਸਮੀ ਵਿਵਹਾਰ ਕਰਨਾ ਸਿੱਖ ਜਾਂਦੇ ਹਨ। ਕਿਸੇ ਨਵੇਂ ਪ੍ਰਵਾਸੀ ਲਈ ਇਹ ਸਭ ਕੁਝ ਬੜਾ ਤਕਲੀਫ਼ਦੇਹ ਹੁੰਦਾ ਹੈ। ਇਸ ਤੋਂ ਬਚਾਉ ਲਈ ਅਜਿਹਾ ਵਿਅਕਤੀ ਸ਼ਹਿਰ ਦੇ ਉਨ੍ਹਾਂ ਹਿੱਸਿਆਂ ਵਿਚ ਆਪਣਾ ਟਿਕਾਣਾ ਢੂੰਡਦਾ ਹੈ ਜਿਥੇ ਉਸ ਵਾਂਗ ਬਾਹਰੋਂ ਆ ਕੇ ਵੱਸੇ ਲੋਕਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਇਸ ਤਰ੍ਹਾਂ ਸ਼ਹਿਰ ਵਿਚ ਵੀ ਕੁਝ ਅਜਿਹੇ ਹਿੱਸੇ ਹੁੰਦੇ ਹਨ ਜਿਥੇ ਕਬੀਲੇਵਾਦੀ ਰਿਸ਼ਤੇ ਅਤੇ ਪੁਰਾਤਨ ਪਰੰਪਰਾਵਾਂ ਮੌਜੂਦ ਹੁੰਦੀਆਂ ਹਨ। ਇਹ ਹਿੱਸੇ ਨਵੇਂ ਆਗੰਤਕਾਂ ਨੂੰ ਸੁਖ ਅਤੇ ਸੁਰੱਖਿਆ ਪ੍ਰਦਾਨ ਕਰਦੇ ਹਨ। ਸ਼ਹਿਰ ਦੇ ਅਨਿੱਜੀ ਜੀਵਨ (Impersonality) ਨੂੰ ਆਪਣੇ ਅਨੁਕੂਲ ਢਾਲਣ ਲਈ ਸ਼ਹਿਰੀ ਲੋਕ ਕੁਝ ਛੋਟੀਆਂ-ਛੋਈਆਂ ਸੰਸਥਾਵਾਂ ਜਾਂ ਕਲੱਬਾਂ ਵਗੈਰਾ ਬਣਾ ਲੈਂਦੇ ਹਨ। ਇਹ ਸੰਸਥਾਵਾਂ ਵਾਲੰਟਰੀ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਆਧਾਰ ਸ਼ਹਿਰ ਵਿਚ ਦੂਰ-ਦੁਰੇਡੀਆਂ ਥਾਵਾਂ ਤੇ ਵੱਸੇ ਲੋਕਾਂ ਦੀਆਂ ਸਾਂਝੀਆਂ ਦਿਲ-ਚਸਪੀਆਂ ਹੁੰਦੀਆਂ ਹਨ। ਇਸ ਤਰ੍ਹਾਂ ਪਿੰਡ ਤੋਂ ਸ਼ਹਿਰ ਜਾ ਕੇ ਵੱਸਣ ਸਮੇਂ ਇਕ ਪ੍ਰਵਾਸੀ ਵਿਅਕਤੀ ਕੁਝ ਪਰਿਵਰਤਨ ਮਹਿਸੂਸ ਕਰਦਾ ਹੈ ਜਿਸ ਨੂੰ ਅਸੀਂ ਲੋਕ-ਸਭਿਆਚਾਰ ਤੋਂ ਸ਼ਹਿਰੀ-ਸਭਿਆਚਾਰ ਵਿਚਲਾ ਪਰਿਵਰਤਨ ਕਹਿ ਸਕਦੇ ਹਾਂ।

ਪੱਛਮੀਕਰਣ

ਆਧੁਨਿਕੀਕਰਣ ਦਾ ਇਕ ਪੱਖ ਪੱਛਮੀਕਰਣ (Westernization) ਹੈ। ਇਸ ਸੰਕਲਪ ਤੋਂ ਸਾਡਾ ਭਾਵ ਕੁਝ ਉਨ੍ਹਾਂ ਸਭਿਆਚਾਰਕ ਵਿਉਂਤਾਂ ਨੂੰ ਅਪਨਾਉਣਾ ਹੈ ਜਿਹੜੀਆਂ ਪੱਛਮੀ ਸਮਾਜ ਵਿਚ ਪ੍ਰਚਲਿਤ ਹਨ। ਆਧੁਨਿਕੀਕਰਣ ਦੇ ਕੁਝ ਹੋਰ ਪੱਖ ਸ਼ਹਿਰੀ ਜੀਵਨ ਅਤੇ ਉਦਯੋਗ ਨਾਲ ਸੰਬੰਧ ਰੱਖਦੇ ਹਨ। ਪਰ ਪੱਛਮੀਕਰਣ ਦੀ ਰੁਚੀ ਇਕ ਮਾਨਸਿਕ ਪ੍ਰਵਿਰਤੀ ਹੈ ਜੋ ਜੀਵਨ-ਮੁੱਲਾਂ, ਵਿਸ਼ਵਾਸਾਂ ਅਤੇ ਦ੍ਰਿਸ਼ਟੀਕੋਣਾਂ ਵਿਚ ਪਰਿਵਰਤਨ ਲਿਆਉਣ ਦਾ ਕਾਰਨ ਬਣਦੀ ਹੈ। ਇਸ ਪ੍ਰਕ੍ਰਿਆ ਵਿਚ ਸਭ ਤੋਂ ਪ੍ਰਮੁੱਖ ਪ੍ਰਭਾਵ ਮਾਸ-ਮੀਡੀਆ ਦਾ ਹੈ। ਬਾਹਰਲੀ ਦੁਨੀਆਂ ਨਾਲ ਸੰਚਾਰ ਹੋਣ ਦੀ ਸੂਰਤ ਵਿਚ, ਦੂਰ-ਦੁਰੇਡੀਆਂ ਥਾਵਾਂ ਤੇ ਬੈਠੇ ਹੋਏ ਲੋਕ ਜੀਵਨ ਦੇ ਨਵੇਂ ਤੇ ਪ੍ਰਤਿਸ਼ਠਿਤ ਮਾਡਲ ਤੋਂ ਜਾਣੂ ਹੋ ਜਾਂਦੇ ਹਨ। ਨਵੇਂ ਉਤਪਾਦਨ ਅਤੇ ਵਸਤਾਂ ਲੋਕਾਂ ਨੂੰ ਮਿਲਣ ਲੱਗਦੀਆਂ ਹਨ ਅਤੇ ਇਨ੍ਹਾਂ ਨਾਲ ਇਕ ਉੱਚੀ ਪ੍ਰਤਿਸ਼ਠਾ ਜੁੜ ਜਾਂਦੀ ਹੈ। ਕੁਝ ਮਾਨਵ ਵਿਗਿਆਨੀਆਂ ਨੇ ਇਹ ਨੋਟ ਕੀਤਾ ਹੈ ਕਿ ਰੈਫਰਿਜਰੇਟਰ ਜਾਂ ਕਲਰ ਟੀ. ਵੀ. ਕੁਝ ਉਨ੍ਹਾਂ ਥਾਵਾਂ ਤੇ ਬੈਠੇ ਲੋਕਾਂ ਨੇ ਵੀ ਹਾਸਲ ਕੀਤੇ ਹੋਏ ਸਨ, ਜਿੱਥੇ ਬਿਜਲੀ ਨਹੀਂ ਸੀ ਜਾਂ ਜਿੱਥੇ ਟੀ. ਵੀ. ਸੰਚਾਰ-ਸੇਵਾ ਉਪਲੱਬਧ ਨਹੀਂ ਸੀ। ਇਹ ਨਵਾਂ ਪਦਾਰਥਕ ਸਭਿਆਚਾਰ ਲੋਕਾਂ ਦੇ ਜੀਵਨ-ਮੁੱਲਾਂ ਵਿਚ ਨਵੀਆਂ ਤਬਦੀਲੀਆਂ ਲੈ ਆਉਂਦਾ ਹੈ। ਪੱਛਮੀ ਸਭਿਆਚਾਰ ਦੇ ਫੈਲਾਉ ਨਾਲ ਸੰਬੰਧਿਤ ਇਕ ਹੋਰ ਪੱਖ ਇਹ ਹੈ ਕਿ ਪਦਾਰਥਕ ਪ੍ਰਗਤੀ ਅਤੇ ਜੀਵਨ-ਮੁੱਲਾਂ ਵਿਚ ਸੰਤੁਲਨ ਵਿਗੜ ਜਾਂਦਾ ਹੈ। ਇਸ ਨੂੰ ਕਲਚਰਲ ਲੈਗ (Cultural Lag) ਦਾ ਨਾਮ ਦਿੱਤਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨੂੰ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਉਦਯੋਗੀਕਰਣ ਲਈ ਪੱਛਮੀਕਰਣ ਕੋਈ ਲਾਜ਼ਮੀ ਸ਼ਰਤ ਨਹੀਂ। ਉਦਯੋਗਿਕ ਸਮਾਜ ਦਾ ਕੋਈ ਵੀ ਇਕ ਮਾਡਲ ਅਜਿਹਾ ਨਹੀਂ ਹੈ ਜੋ ਸਾਰੀ ਦੁਨੀਆਂ ਵਿਚ ਪ੍ਰਚਲਿਤ ਹੋਵੇ। ਹਰ ਸਭਿਆਚਾਰ ਦੀਆਂ ਆਪਣੀਆਂ ਪਰੰਪਰਾਵਾਂ ਹੁੰਦੀਆਂ ਹਨ। ਆਪਣਾ ਵੱਖਰਾ ਇਤਿਹਾਸ ਅਤੇ ਇਸਦੀਆਂ ਵੱਖਰੀਆਂ ਦਿਸ਼ਾਵਾਂ ਹੁੰਦੀਆਂ ਹਨ। ਇਹ ਭਿੰਨਤਾਵਾਂ ਕਿਸੇ ਸਭਿਆਚਾਰ ਦੇ ਉਦਯੋਗੀਕਰਣ ਦੀ ਪ੍ਰਕਿਰਿਆ ਉੱਤੇ ਆਪਣਾ ਪ੍ਰਭਾਵ ਪਾਉਂਦੀਆਂ ਹਨ। ਉਦਾਹਰਣ ਲਈ ਪੱਛਮੀ ਸਭਿਆਚਾਰ ਵਿਚ ਪ੍ਰਾਪਤ (Ascribed) ਸਟੇਟੱਸ ਦੀ ਬਜਾਇ ਕਮਾਏ ਸਟੇਟੱਸ (Achieved Status) ਉੱਤੇ ਬਲ ਦਿੱਤਾ ਜਾਣ ਲੱਗਾ ਹੈ। ਇਸ ਨੂੰ ਅਸੀਂ ਮੈਰਿਟ-ਸਿਸਟਮ ਦਾ ਨਾਮ ਵੀ ਦੇ ਸਕਦੇ ਹਾਂ। ਪੱਛਮੀ ਸਮਾਜ ਵਿਚ ਭਾਈ-ਭਤੀਜਾਵਾਦ (Nepotism) ਨਹੀਂ ਮਿਲਦਾ ਕਿਉਂਕਿ ਉੱਥੇ ਮੈਰਿਟ ਤੋਂ ਬਗ਼ੈਰ ਕਿਸੇ ਤਰ੍ਹਾਂ ਦੀ ਕੋਈ ਤਰੱਕੀ ਦੇਣ ਦੀ ਪ੍ਰਥਾ ਨਹੀਂ ਹੈ। ਪਰੰਤੂ ਜਾਪਾਨ ਵਿਚ, ਜਿੱਥੇ ਕਿ ਉਦਯੋਗੀਕਰਣ ਦਾ ਪੂਰਾ ਵਿਕਾਸ ਹੋ ਚੁੱਕਾ ਹੈ, ਅਜਿਹਾ ਨਹੀਂ ਹੈ। ਉੱਥੇ ਕਿਸੇ ਫੈਕਟਰੀ ਵਿਚ ਕੰਮ ਕਰਨ ਵਾਲੇ ਸਾਰੇ ਲੋਕ ਇਕ ਹੀ ਪਰਿਵਾਰ ਦੇ ਹੋ ਸਕਦੇ ਹਨ ਅਤੇ ਬਹੁਤੀ ਵਾਰ ਇਵੇਂ ਹੀ ਹੁੰਦਾ ਹੈ। ਇਸ ਤਰ੍ਹਾਂ ਉੱਥੇ ਫੈਕਟਰੀ ਮੈਨੇਜਮੈਂਟ ਦਾ ਸੰਕਲਪ, ਪੱਛਮ ਨਾਲੋਂ ਬਿਲਕੁੱਲ ਵੱਖਰਾ ਹੈ। ਇਹ ਉਦਾਹਰਣ ਸਿੱਧ ਕਰਦੀ ਹੈ ਕਿ ਉਦਯੋਗ, ਕਿਸੇ ਸਭਿਆਚਾਰ ਦੇ ਮੁੱਲ-ਵਿਧਾਨ ਨੂੰ ਪੱਛਮੀ ਮਾਡਲ ਅਨੁਸਾਰ ਪੂਰੀ ਤਰ੍ਹਾਂ ਰੂਪਾਂਤਰਿਤ ਕਰਨ ਤੋਂ ਬਿਨਾ ਵੀ ਵਧ-ਫੁਲ ਸਕਦਾ ਹੈ। ਭਾਵੇਂ ਇਹ ਸੱਚ ਹੈ ਕਿ ਪੱਛਮੀ ਜੀਵਨ-ਮੁੱਲ, ਉਦਯੋਗ ਦੇ ਵਿਕਾਸ ਲਈ ਵਧੇਰੇ ਸਮਰੱਥ ਸਿੱਧ ਹੋ ਸਕਦੇ ਹਨ ਪਰ ਤਾਂ ਵੀ ਕਿਸੇ ਸਭਿਆਚਾਰ ਦੀ ਅਜਿਹੀ ਲਚਕ ਨੂੰ ਪਹਿਚਾਣ ਲੈਣਾ ਬੜਾ ਜ਼ਰੂਰੀ ਹੈ ਜਿਸ ਦੁਆਰਾ ਮੁਕੰਮਲ ਰੁਪਾਂਤਰਣ ਤੋਂ ਬਿਨਾ ਵੀ ਪਰਿਵਰਤਨ ਲਿਆਂਦੇ ਜਾ ਸਕਦੇ ਹਨ।

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਪਰਿਵਰਤਨ ਹਰ ਸਭਿਆਚਾਰ ਦਾ ਇਕ ਪ੍ਰਮੁੱਖ ਲੱਛਣ ਹੈ। ਭਾਵੇਂ ਕਿਸੇ ਸਮਾਜ ਵਿਚ ਪਰਿਵਰਤਨ ਦੀ ਦਰ ਵੱਧ ਘੱਟ ਹੋ ਸਕਦੀ ਹੈ। ਕਿਸੇ ਸਭਿਆਚਾਰ ਵਿਚ ਇਹ ਦਰ ਇਨ੍ਹਾਂ ਪੱਖਾਂ ਉੱਤੇ ਆਧਾਰਿਤ ਹੈ: ਕੋਈ ਸਭਿਆਚਾਰ ਕਿਤਨੀ ਲਚਕ ਰੱਖਦਾ ਹੈ, ਜਾਂ ਕਿਸੇ ਵਿਸ਼ੇਸ਼ ਸਮੇਂ ਉਸ ਸਭਿਆਚਾਰ ਦੀ ਵਿਸ਼ੇਸ਼ ਲੋੜ ਅਤੇ ਮੌਜੂਦਾ ਸਭਿਆਚਾਰਕ ਪੈਮਾਨਿਆਂ ਤੇ ਕਿਸੇ ਨਵੇਂ ਝੁਕਾਉ ਦੇ ਫਿੱਟ ਬੈਠਣ ਦੀ ਯੋਗਤਾ। ਸਭਿਆਚਾਰਕ ਪਰਿਵਰਤਨ ਭਾਵੇਂ ਕਿੰਨੇ ਵੀ ਲਾਭਦਾਇਕ ਕਿਉਂ ਨਾ ਹੋਣ, ਪਹਿਲਾਂ-ਪਹਿਲ ਇਨ੍ਹਾਂ ਨੂੰ ਸਵੀਕਾਰ ਕਰਨਾ ਕਾਫ਼ੀ ਔਖਾ ਹੁੰਦਾ ਹੈ। ਕਈ ਵਾਰ ਇਹ ਇਕ ਸਮਾਜਕ ਸਮੱਸਿਆ ਦਾ ਰੂਪ ਧਾਰਣ ਕਰ ਲੈਂਦੇ ਹਨ। ਪਰ ਕਿਉਂਕਿ ਅਸੀਂ ਸਭਿਆਚਾਰਕ ਪਰਿਵਰਤਨ ਦੀ ਰੌਅ ਨੂੰ ਉਲਟਾ ਨਹੀਂ ਸਕਦੇ, ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀਆਂ ਤਕਨੀਕੀ, ਸਮਾਜ-ਵਿਗਿਆਨੀ, ਮਨੋਵਿਗਿਆਨੀ ਅਤੇ ਮਾਨਵ ਵਿਗਿਆਨੀ ਖੋਜਾਂ ਰਾਹੀਂ ਪਰਿਵਰਤਨ ਦੇ ਇਸ ਅਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਸਮਝਣ ਦੀ ਚੇਸ਼ਟਾ ਕਰੀਏ। ਕਿਉਂਕਿ ਪਰਿਵਰਤਨ ਚਾਹੇ ਸਾਨੂੰ ਕਿੰਨਾ ਵੀ ਤੱਤਾ ਜਾਂ ਤਿੱਖਾ ਕਿਉਂ ਨਾ ਪ੍ਰਤੀਤ ਹੋਵੇ, ਇਹ ਸਦਾ ਪਰਿਸਥਿਤੀਆਂ ਦੇ ਅਨੁਕੂਲ ਅਤੇ ਆਮ ਤੌਰ ਤੇ ਪ੍ਰਗਤੀਸ਼ੀਲ ਹੁੰਦਾ ਹੈ। ਇਹ ਅਰੁਕ ਹੈ ਅਤੇ ਉਤਨੀ ਦੇਰ ਤੱਕ ਚੱਲਦਾ ਰਹੇਗਾ ਜਦੋਂ ਤੱਕ ਧਰਤੀ ਉੱਤੇ ਮਨੁੱਖੀ ਜੀਵਨ ਕਾਇਮ ਹੈ। ਕੋਈ ਵੀ ਚੀਜ਼ —ਇਥੋਂ ਤੱਕ ਕਿ ਐਟਮੀ ਯੁੱਧ ਵੀ ਮਨੁੱਖੀ ਸਭਿਆਚਾਰ ਦਾ ਵਿਨਾਸ਼ ਨਹੀਂ ਕਰ ਸਕਦਾ।

ਸਹਾਇਕ ਪੁਸਤਕਾਵਲੀ

Aberle, David F., *The Peyote Religion among the Navaho*, Chicago : Aldine, 1966.

Herskovits, Melville J, *Acculturation : The Study of Culture Contact*, New York : J. J. Augustin, 1938.

Mead, Margaret, *The Changing Culture of an Indian Tribe*, New York : Columbia University Press, 1932.

Moore, Wilbert E., *The Impact of Industry*, Englewood Cliffs, N. J. : Prentice Hall, 1965.

Toffler, Alvin, *Future Shok*, New York : Bantam Book, 1970.

Worsley, Peter, *The Trumpet Shall Sound : A Study of Cargo Cults in Melanesia*, New York : Schocken Books, 1968.

Wallace, Anthony F. C., "Revitalization Movements", *American Anthroplogist*, 58 : 264-81, 1956.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਅਤੇ ਲੋਕਯਾਨ

'ਫ਼ੋਕਲੋਰ' (Folklore) ਪਦ ਦਾ ਸਰਵ-ਪ੍ਰਥਮ ਪ੍ਰਯੋਗ 1846 ਈ. ਵਿਚ ਵਿਲੀਅਮ ਜੌਨ ਥਾਮਸ ਨੇ ਆਪਣੇ ਇਕ ਪੱਤਰ ਵਿਚ ਕੀਤਾ। ਇਸ ਤੋਂ ਸਿਰਫ਼ 5 ਵਰ੍ਹੇ ਪਿੱਛੋਂ ਹੀ 1851 ਈ. ਵਿਚ ਇਕ ਪੁਸਤਕ ਪ੍ਰਕਾਸ਼ਿਤ ਹੋਈ ਜਿਸ ਦੇ ਸ਼ੀਰਸ਼ਕ ਵਿਚ 'ਫ਼ੋਕਲੋਰ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਸੀ। ਇਸ ਪੁਸਤਕ ਦਾ ਨਾਮ ਸੀ— The Dialect and Folklore of Northamponshire। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਅੱਜ ਅਸੀਂ ਜਿਸ ਫ਼ੋਕਲੋਰ ਸੰਬੰਧੀ ਚਰਚਾ ਕਰ ਰਹੇ ਹਾਂ ਉਸ ਦਾ ਜਨਮ 19ਵੀਂ ਸਦੀ ਦੇ ਅੱਧ-ਵਿਚਕਾਰ ਜਿਹੇ ਜਾ ਕੇ ਹੋਇਆ। ਅੰਗਰੇਜ਼ੀ ਸ਼ਬਦ 'ਫ਼ੋਕਲੋਰ' ਲਈ ਪੰਜਾਬੀ ਵਿਚ ਬਹੁਤ ਸਾਰੇ ਸ਼ਬਦ ਪ੍ਰਯੋਗ ਕੀਤੇ ਜਾ ਰਹੇ ਹਨ। ਡਾ. ਵਣਜਾਰਾ ਬੇਦੀ ਇਸ ਸੰਕਲਪ ਨੂੰ 'ਲੋਕ-ਧਾਰਾ' ਦਾ ਨਾਮ ਦਿੰਦਾ ਹੈ, ਡਾ. ਹਰਿਭਜਨ ਸਿੰਘ ਨੇ ਇਸ ਸੰਕਲਪ ਵਾਸਤੇ 'ਲੋਕ ਵੇਦ' ਸ਼ਬਦ ਵਰਤਣ ਦੀ ਸਿਫ਼ਾਰਸ਼ ਕੀਤੀ ਹੈ ਅਤੇ ਡਾ. ਕਰਨੈਲ ਸਿੰਘ ਥਿੰਦ ਨੇ ਇਸ ਸੰਕਲਪ ਲਈ 'ਲੋਕਯਾਨ' ਦਾ ਪ੍ਰਯੋਗ ਕੀਤਾ ਹੈ। ਡਾ. ਥਿੰਦ ਵੱਲੋਂ ਇਸ ਖੇਤਰ ਵਿਚ ਕੀਤੇ ਜਾ ਰਹੇ ਕੰਮ ਸਦਕਾ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਉਸ ਦੀ ਪੁੱਛ-ਪ੍ਰਤੀਤ ਹੋਣ ਸਦਕਾ ਪੰਜਾਬੀ ਦੇ ਅਕਾਦਮਿਕ ਹਲਕਿਆਂ ਵਿਚ 'ਫ਼ੋਕਲੋਰ' ਵਾਸਤੇ 'ਲੋਕਯਾਨ' ਸ਼ਬਦ ਦਾ ਪ੍ਰਯੋਗ ਵਧੇਰੇ ਮਾਤਰਾ ਵਿਚ ਕੀਤਾ ਜਾ ਰਿਹਾ ਹੈ।

ਜੇ ਅਸੀਂ ਲੋਕਯਾਨ ਦੀ ਪਰਿਭਾਸ਼ਾ ਕਰੀਏ ਤਾਂ ਇਸ ਵਿਚ 'ਮੌਖਿਕਤਾ' ਦਾ ਤੱਤ ਵਧੇਰੇ ਮਹੱਤਵਪੂਰਣ ਜਾਪਦਾ ਹੈ। ਪਰੰਤੂ ਐਲਨ ਡੰਡੀਜ਼ ਦਾ ਵਿਚਾਰ ਹੈ ਕਿ ਇਸ ਮਾਪ ਦੰਡ ਨੂੰ ਅਪਨਾਉਣ ਨਾਲ ਸਿਧਾਂਤਕ ਪੱਧਰ ਤੇ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਜਿਸ ਸਭਿਆਚਾਰ ਵਿਚ ਭਾਸ਼ਾ ਦਾ ਕੋਈ ਲਿਖਤੀ ਰੂਪ ਨਹੀਂ ਹੈ, ਉਸ ਵਿਚ ਲਗਭਗ ਸਾਰਾ ਸੰਚਾਰ ਮੌਖਿਕ ਰੂਪ ਵਿਚ ਹੀ ਕੀਤਾ ਜਾਂਦਾ ਅਤੇ ਅਜਿਹੇ ਸਭਿਆਚਾਰਾਂ ਵਿਚ, ਭਾਸ਼ਾ, ਸ਼ਿਕਾਰ ਦੀਆਂ ਵਿਧੀਆਂ ਜਾਂ ਵਿਆਹ ਦੇ ਨੇਮ ਆਦਿਕ ਪੁਸ਼ਤ-ਦਰ-ਪੁਸ਼ਤ ਮੌਖਿਕ ਰੂਪ ਵਿਚ ਹੀ ਤੁਰਦੇ ਹਨ, ਪਰ ਸ਼ਾਇਦ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਲੋਕਯਾਨ-ਸ਼ਾਸਤਰੀ ਇਸ ਤਰ੍ਹਾਂ ਦੀ ਸਭਿਆਚਾਰਕ ਸਾਮਗਰੀ ਨੂੰ ਲੋਕਯਾਨ ਵਿਚ ਸ਼ਾਮਲ ਕਰਨ ਲਈ ਤਿਆਰ ਹੋਵੇ। ਦੂਸਰੀ ਗੱਲ ਇਹ ਹੈ ਕਿ ਲੋਕਯਾਨ ਦੇ ਬਹੁਤ ਸਾਰੇ ਰੂਪ ਮੌਖਿਕ ਦੇ ਉਲਟ ਕੇਵਲ ਲਿਖਤੀ ਰੂਪ ਵਿਚ ਹੀ ਵਿਕਸਤ ਹੁੰਦੇ ਹਨ। ਜਿਵੇਂ ਆਟੋਗ੍ਰਾਫ ਪੁਸਤਕ ਵਾਲੇ ਕਾਵਿ ਬੰਦ, ਹਾਸ਼ੀਆ ਟਿੱਪਣੀਆਂ, ਖ਼ੁਤਬੇ ਅਤੇ ਪਰੰਪਰਾਗਤ ਚਿੱਠੀਆਂ ਆਦਿ। ਪੇਸ਼ਾਵਰ ਲੋਕਯਾਨ-ਸ਼ਾਸਤਰੀ, ਕਿਸੇ ਲੋਕ-ਕਹਾਣੀ ਜਾਂ ਕਾਵਿ-ਗਾਥਾ ਨੂੰ ਸਿਰਫ਼ ਇਸੇ ਕਰਕੇ ਲੋਕਯਾਨ ਦੇ ਖੇਤਰ ਵਿਚੋਂ ਬਾਹਰ ਨਹੀਂ ਕੱਢਦਾ ਕਿ ਇਸ ਦਾ ਕਦੇ ਨਾ ਕਦੇ ਪ੍ਰਕਾਸ਼ਿਤ ਜਾਂ ਲਿਖਤੀ ਰੂਪ ਵਿਚ ਸੰਚਾਰ ਹੋਇਆ ਹੈ। ...ਮੌਖਿਕ ਸੰਚਾਰ ਵਾਲੇ ਮਾਪ ਦੰਡ ਸੰਬੰਧੀ ਤੀਸਰੀ ਸਮੱਸਿਆ ਇਹ ਹੈ ਕਿ ਲੋਕਯਾਨ ਦੇ ਕੁਝ ਰੂਪ ਸਰੀਰਕ ਹਰਕਤਾਂ 'ਤੇ ਨਿਰਭਰ ਹੁੰਦੇ ਹਨ। ਅਰਥਾਤ ਇਹ ਗੱਲ ਸੰਦੇਹ ਵਾਲੀ ਹੈ ਕਿ ਲੋਕਨਾਚ, ਖੇਡਾਂ ਤੇ ਸੈਨਤਾਂ ਮੌਖਿਕ ਰੂਪ ਵਿਚ ਅੱਗੇ ਤੁਰਦੀਆਂ ਹੋਣ। (ਸੰਕਰਸੇਨ ਗੁਪਤਾ ਦੁਆਰਾ ਉਧ੍ਰਿਤ, ਲੋਕਯਾਨ ਅਧਿਐਨ, ਸੰਪਾ. ਕਰਨੈਲ ਸਿੰਘ ਥਿੰਦ, ਅੰਮ੍ਰਿਤਸਰ, ਪੰਨਾ 32) ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਲੋਕਯਾਨ ਤੋਂ ਬਿਨਾ ਹੋਰ ਵੀ ਅਜਿਹੀ ਬਹੁਤ ਸਾਰੀ ਸਾਮਗਰੀ ਹੈ, ਜਿਸ ਦਾ ਸੰਚਾਰ ਮੌਖਿਕ ਰੂਪ ਵਿਚ ਹੀ ਹੁੰਦਾ ਹੈ। ਸੋ ਮੌਖਿਕ ਸੰਚਾਰ ਦਾ ਮਾਪਦੰਡ ਹੀ ਲੋਕਯਾਨ ਨੂੰ ਅਲੋਕਯਾਨ ਤੋਂ ਵੱਖਰਿਆਉਣ ਲਈ ਕਾਫ਼ੀ ਹੈ।

ਡਾ. ਸੰਕਰਸੇਨ ਗੁਪਤਾ ਅਨੁਸਾਰ ਲੋਕਯਾਨ ਵਿਚ ਸ਼ਬਦ 'ਪਰੰਪਰਾ' ਹੀ ਇਸ ਦਾ ਧੁਰਾ ਜਾਪਦਾ ਹੈ। ਪਰੰਪਰਾ ਨਾਲ ਮੇਲ ਤੋਂ ਬਿਨਾ ਲੋਕਯਾਨ ਜੀਵਿਤ ਹੀ ਨਹੀਂ ਰਹਿ ਸਕਦਾ। 'ਲੋਕਯਾਨ' ਪਦ ਵੀ ਵਰਤੋਂ ਦੋ ਪੱਧਰਾਂ ਉੱਪਰ ਹੁੰਦੀ ਹੈ। ਪਹਿਲੇ, ਲੋਕ ਜੀਵਨ ਨਾਲ ਸੰਬੰਧਿਤ ਅਜਿਹੀ ਸਾਮਗਰੀ ਨੂੰ ਲੋਕਯਾਨ ਦੀ ਸੰਗਿਆ ਦਿੱਤੀ ਜਾਂਦੀ ਹੈ, ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੁੰਦੀ ਹੈ ਅਤੇ ਪਰੰਪਰਾਗਤ ਰੂਪ ਵਿਚ ਅੱਗੇ ਚਲਦੀ ਹੋਈ ਲੋਕ ਪ੍ਰਵਾਨਗੀ ਰਾਹੀਂ ਇਕ ਪੀੜ੍ਹੀ ਨੂੰ ਦੂਜੀ ਪੀੜ੍ਹੀ ਪਾਸੋਂ ਵਿਰਸੇ ਵਿਚ ਮਿਲਦੀ ਹੈ। ਦੂਜੇ, ਲੋਕਯਾਨ ਨੂੰ ਇਤਿਹਾਸ, ਤਰਕ-ਸ਼ਾਸਤਰ ਅਤੇ ਰਾਜਨੀਤੀ-ਸ਼ਾਸਤਰ ਵਾਂਗ ਇਕ ਸੁਤੰਤਰ ਅਨੁਸ਼ਾਸਨ ਵਜੋਂ ਗ੍ਰਹਿਣ ਕਰ ਲਿਆ ਜਾਂਦਾ ਹੈ। ਇਸ ਪੱਧਰ ਉੱਪਰ ਲੋਕਯਾਨਿਕ ਸਾਮਗਰੀ ਦੇ ਨਾਲ-ਨਾਲ ਉਸ ਦਾ ਅਧਿਐਨ ਵੀ ਸ਼ਾਮਲ ਹੁੰਦਾ ਹੈ। ਸ਼ਾਇਦ ਇਸੇ ਭਾਵਨਾ ਅਧੀਨ ਫ਼ੋਕਲੋਰ ਸੋਸਾਇਟੀ ਲੰਦਨ ਨੇ ਲੋਕਯਾਨ ਨੂੰ 'ਪਰੰਪਰਾ ਦੀ ਸਾਇੰਸ' ਕਿਹਾ ਹੈ। ਦੋਨੋਂ ਪੱਧਰਾਂ ਦੇ ਅੰਤਰ ਨੂੰ ਸਮਝਦਿਆਂ ਹੋਇਆਂ ਇਹ ਧਾਰਨਾ ਵੀ ਅਪਣਾਈ ਜਾ ਸਕਦੀ ਹੈ ਕਿ 'ਲੋਕਯਾਨ' ਪਦ ਨੂੰ ਲੋਕ-ਜੀਵਨ ਨਾਲ ਸੰਬੰਧਿਤ ਕਰਨ ਤੱਕ ਸੀਮਿਤ ਰੱਖ ਲਿਆ ਜਾਵੇ ਅਤੇ ਅਜਿਹੀ ਸਾਮਗਰੀ ਦੇ ਅਧਿਐਨ ਨੂੰ ਲੋਕਯਾਨ-ਸ਼ਾਸਤਰ (The Science of Folklore) ਦਾ ਨਾਮ ਦੇ ਦਿੱਤਾ ਜਾਏ। (ਡਾ. ਕਰਨੈਲ ਸਿੰਘ ਥਿੰਦ, ਭੂਮਿਕਾ, ਪੰਜਾਬੀ ਲੋਕਯਾਨ ਕ੍ਰਿਤ ਡਾ. ਇਕਬਾਲ ਕੌਰ, ਪੰਨਾ 5.)

ਸਭਿਆਚਾਰ ਦੇ ਸੰਬੰਧ ਵਿਚ ਲੋਕਯਾਨ ਦੇ ਮਹੱਤਵ ਸੰਬੰਧੀ ਟਿੱਪਣੀ ਕਰਦਾ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਥਿੰਦ ਲਿਖਦਾ ਹੈ, "ਲੋਕਯਾਨ ਸ਼ਾਸਤਰ ਪ੍ਰਾਪਤ ਸਾਮਗਰੀ ਦੀ ਖੋਜ ਰਾਹੀਂ ਮਨੁੱਖੀ ਸੰਸਕ੍ਰਿਤੀ ਦਾ ਇਤਿਹਾਸ ਰੂਪਮਾਨ ਕਰਦਾ ਹੈ, ਜਿਹੜਾ ਲੋਕਮਾਨਸ ਦੀ ਸਾਮੂਹਿਕ ਭਾਵਨਾ ਵਿਚੋਂ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਲੋਕਯਾਨ ਸਮਾਜ-ਵਿਗਿਆਨ ਦੇ ਖੇਤਰ ਵਿਚ ਲੋਕ-ਚਿੱਤ ਅਤੇ ਅਭਿਆਸ ਨਾਲ ਸੰਬੰਧਿਤ ਇਕ ਅਜਿਹਾ ਸ਼ਾਸਤਰ ਹੈ ਜੋ ਸਭਿਅਤਾ ਅਤੇ ਇਤਿਹਾਸ ਦਾ ਅਧਿਐਨ ਵੀ ਕਰਦਾ ਹੈ ਤੇ ਵਿਆਖਿਆ ਵੀ । ਇਸੇ ਕਾਰਨ ਪ੍ਰਸਿੱਧ ਲੋਕਯਾਨ ਸ਼ਾਸਤਰੀ ਏ. ਐਚ. ਕ੍ਰੂਪੇ ਲੋਕਯਾਨ ਨੂੰ ਇਕ ਇਤਿਹਾਸਕ ਵਿਗਿਆਨ ਮੰਨਦਾ ਹੈ ਕਿਉਂ ਜੋ ਇਸ ਦੀ ਵੱਡੀ ਦੇਣ ਮਨੁੱਖੀ ਜੀਵਨ ਦੀ ਵਿਆਖਿਆ ਅਤੇ ਇਤਿਹਾਸ ਦੀ ਜਾਣਕਾਰੀ ਹੈ।" (ਡਾ. ਥਿੰਦ, ਉਕਤ ਉਧ੍ਰਿਤ)

ਰਿਚਰਡਜ਼ ਡੋਰਸਨ ਨੇ 'ਫ਼ੋਕਲੋਰ ਐਂਡ ਫ਼ੋਕਲਾਈਫ਼' ਪੁਸਤਕ ਦੀ ਭੂਮਿਕਾ ਵਿਚ ਲੋਕਯਾਨ ਅਧਿਐਨ ਦੀਆਂ ਪ੍ਰਚਲਿਤ ਪ੍ਰਣਾਲੀਆਂ ਦਾ ਉਲੇਖ ਹੇਠ ਲਿਖੇ ਅਨੁਸਾਰ ਕੀਤਾ ਹੈ :

1. ਇਤਿਹਾਸਕ-ਭੂਗੋਲਿਕ
2. ਇਤਿਹਾਸਕ-ਪੁਨਰ ਸਿਰਜਣਾਤਮਕ
3. ਵਿਚਾਰਧਾਰਾਇਕ
4. ਪ੍ਰਕਾਰਜਾਤਮਕ
5. ਮਨੋਵਿਸ਼ਲੇਸ਼ਣਾਤਮਕ
6. ਸੰਰਚਨਾਤਮਕ
7. ਪਾਰ-ਸਾਂਸਕ੍ਰਿਤਕ
8. ਲੋਕ-ਸਾਂਸਕ੍ਰਿਤਕ
9. ਜਨ-ਸਾਂਸਕ੍ਰਿਤਕ
10. ਹੈਮਿਸਫ਼ੈਰਿਕ
11. ਸੰਦਰਭਮੂਲਕ

ਇਨ੍ਹਾਂ ਤੋਂ ਬਿਨਾ ਲੋਕਯਾਨ ਅਧਿਐਨ ਦੀਆਂ ਹੋਰ ਵੀ ਬਹੁਤ ਸਾਰੀਆਂ ਵਿਧੀਆਂ ਹੋ ਸਕਦੀਆਂ ਹਨ। ਲੋਕਯਾਨ ਦਾ ਅਧਿਐਨ ਅਸਲ ਵਿਚ ਲੋਕ-ਜੀਵਨ ਦਾ ਅਧਿਐਨ ਹੀ ਹੈ। ਲੋਕ ਗੀਤ, ਲੋਕ-ਨਾਚ, ਲੋਕ-ਖੇਡਾਂ, ਲੋਕ ਤਮਾਸ਼ੇ, ਲੋਕ-ਗਾਥਾਵਾਂ, ਨਿਝੰਧਰ ਆਦਿਕ ਸਾਮਗਰੀ ਲੋਕਯਾਨ ਦਾ ਕਾਰਜ ਖੇਤਰ ਬਣਦੀ ਹੈ। ਲੋਕ-ਗੀਤਾਂ ਸੰਬੰਧੀ ਕਾਫ਼ੀ ਕੰਮ ਹੋ ਚੁੱਕਾ ਹੈ ਕਿਉਂਕਿ ਇਹਨਾਂ ਵਿਚ ਲੋਕਾਂ ਦਾ ਜੀਵਨ ਵਧੇਰੇ ਸਪਸ਼ਟ ਰੂਪ ਵਿਚ ਧੜਕਦਾ ਹੋਇਆ ਸੁਣਿਆ ਜਾਂਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ, "ਕਿਸੇ ਜਾਤੀ ਦੇ ਸਭਿਆਚਾਰ ਦੇ ਨੈਣ-ਨਕਸ਼, ਉਸ ਦੀ ਰਹਿਤ ਬਹਿਤ, ਸੋਚਾਂ, ਮਨੌਤਾਂ ਅਤੇ ਵਿਵਹਾਰ ਆਪਣੇ ਸੁੱਚੇ ਸੁੱਚੇ ਰੂਪ ਵਿਚ ਲੋਕ ਗੀਤਾਂ ਵਿਚ ਹੀ ਸੁਰੱਖਿਅਤ ਹੁੰਦੇ ਹਨ। ਲੋਕ-ਦਿਲਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਵਾਜ਼ ਹੋਣ ਕਰਕੇ ਲੋਕ ਗੀਤਾਂ ਵਿਚ ਉਭਰਦੀਆਂ ਸੁਰਾਂ ਹੀ ਕਿਸੇ ਜਾਤੀ ਦੇ ਅਚੇਤ ਮਨ ਦਾ ਸੰਸਕਾਰ ਬਣਦੀਆਂ ਹਨ। ਇਸ ਪੱਖੋਂ ਕਿਸੇ ਸਭਿਆਚਾਰ ਵਿਚ ਬਿਖਰੇ ਹਰ ਤਰ੍ਹਾਂ ਦੇ ਲੋਕ-ਗੀਤ, ਭਾਵੇਂ ਉਹਨਾਂ ਵਿਚ ਸਾਹਿਤਿਕ ਰੰਗ ਪੇਤਲਾ ਹੋਵੇ ਜਾਂ ਸੰਗਣਾ-ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹੁੰਦੇ ਹਨ। ਇਹ ਕਿਸੇ ਸਭਿਆਚਾਰ ਦੀ ਰੂੜ੍ਹੀ ਨੂੰ ਆਪਣੇ ਅੰਦਰ ਸਮੋਈ ਰੱਖਦੇ ਹਨ।" (ਡਾ. ਵਣਜਾਰਾ ਬੇਦੀ, ਭੂਮਿਕਾ, ਲੋਕ ਕਾਵਿ ਦੀ ਸਿਰਜਨ-ਪ੍ਰਕਿਰਿਆ ਕ੍ਰਿਤ ਡਾ. ਨਾਹਰ ਸਿੰਘ, ਚੰਡੀਗੜ੍ਹ, ਪੰਨਾ 10)

ਲੋਕਯਾਨਿਕ ਅਧਿਐਨ ਵਿਚੋਂ ਅਜਿਹੀਆਂ ਕਿਰਤਾਂ ਵਧੇਰੇ ਮਹੱਤਵਪੂਰਨ ਹਨ ਜਿਹੜੀਆਂ ਸੰਦਰਭਮੂਲਕ ਵਿਧੀ ਦਾ ਪ੍ਰਯੋਗ ਕਰਦੀਆਂ ਹਨ ਅਰਥਾਤ ਜਿਨ੍ਹਾਂ ਵਿਚ ਇਹ ਦੱਸਿਆ ਜਾਂਦਾ ਹੈ ਕਿ ਕਿਹੜਾ ਲੋਕ-ਗੀਤ ਜਾਂ ਲੋਕ-ਕਹਾਣੀ ਕਿਹੋ ਜਿਹੇ ਸੰਦਰਭ ਵਿਚ ਪੇਸ਼ ਕੀਤੇ ਜਾਂਦੇ ਹਨ, ਇਨ੍ਹਾਂ ਦੀ ਪੇਸ਼ਕਾਰੀ ਦਾ ਪ੍ਰਯੋਜਨ ਕੀ ਹੁੰਦਾ ਹੈ ਅਤੇ ਇਨ੍ਹਾਂ ਨੂੰ ਕਿਹੜਾ ਅਤੇ ਕਿਸ ਨੂੰ ਸੁਣਾਉਂਦਾ ਹੈ। ਕਈ ਸਭਿਆਚਾਰਾਂ ਵਿਚ ਕੋਈ ਇਕ ਕਹਾਣੀ ਇਸਤਰੀ ਹੀ ਸੁਣਾਉਂਦੀ ਹੈ, ਕੋਈ ਹੋਰ ਇਕ ਪੁਰਸ਼ ਸੁਣਾਉਂਦਾ ਅਤੇ ਇਸੇ ਤਰ੍ਹਾਂ ਕੋਈ ਕਹਾਣੀ ਦੋ ਹਮਉਮਰ ਨੌਜਵਾਨਾਂ ਵਿਚ ਹੀ ਸੁਣੀ-ਸਮਝੀ ਜਾਂਦੀ ਹੈ।

ਲੋਕ-ਕਹਾਣੀਆਂ ਲਗਭਗ ਉਸੇ ਸਮੇਂ ਤੋਂ ਸੁਣਾਈਆਂ ਜਾ ਰਹੀਆਂ ਹਨ ਜਦ ਤੋਂ ਸਭਿਆਚਾਰ ਦੀ ਉਤਪਤੀ ਹੋਣੀ ਸ਼ੁਰੂ ਹੋਈ ਹੈ। ਅੱਜ ਵੀ ਇਹ ਉਸੇ ਤਰ੍ਹਾਂ ਸੁਣੀਆਂ-ਸੁਣਾਈਆਂ ਜਾ ਰਹੀਆਂ ਹਨ। ਡੰਡੀਜ਼ (1968) ਅਨੁਸਾਰ ਮੌਖਿਕ ਲੋਕ-ਬ੍ਰਿਤਾਂਤ ਦੀਆਂ ਤਿੰਨ ਪ੍ਰਮੁੱਖ ਕੜੀਆਂ ਹਨ—ਮਿੱਥਾਂ, ਜੋ ਇਕ ਆਲੌਕਿਕ ਬ੍ਰਿਤਾਂਤ ਹਨ ਅਤੇ ਜੋ ਉਸ ਕਾਲ ਵਿਚ ਸੈੱਟ ਕੀਤੀਆਂ ਜਾਂਦੀਆਂ ਹਨ ਜਦੋਂ ਅਜੇ ਸ੍ਰਿਸ਼ਟੀ-ਰਚਨਾ ਸ਼ਾਇਦ ਹੋਈ ਵੀ ਨਹੀਂ ਸੀ। ਇਹ ਧਰਤੀ, ਪ੍ਰਾਣੀ ਅਤੇ ਆਦਿਭੌਤਿਕ ਦੇ ਮੁੱਢਲੇ ਸੰਬੰਧਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਲੋਕ-ਕਹਾਣੀਆਂ ਦੂਰ ਅਤੀਤ ਨਾਲ ਸੰਬੰਧ ਰੱਖਦੀਆਂ ਹਨ ਅਤੇ ਇਹ 'ਇਕ ਵਾਰ ਦੀ ਗੱਲ ਹੈ' ਦੇ ਅੰਦਾਜ਼ ਨਾਲ ਸ਼ੁਰੂ ਹੁੰਦੀਆਂ ਹਨ। ਇਹ ਕਿਸੇ ਇਕ ਵਿਅਕਤੀ ਦੇ ਨਿੱਜੀ ਲਕਸ਼ ਦੀ ਪੂਰਤੀ ਹਿੱਤ ਕੀਤੇ ਗਏ ਪਰਾਕ੍ਰਮਾਂ ਨੂੰ ਬਿਆਨ ਕਰਦੀਆਂ ਹਨ! ਨਿਜ਼ੰਧਰ-ਕਥਾਵਾਂ (Legends) ਇਕ ਨਿਸ਼ਚਿਤ ਇਤਿਹਾਸਕ ਕਾਲ ਨਾਲ ਸੰਬੰਧ ਰੱਖਦੀਆਂ ਹਨ। ਇਹ ਆਦਿ ਭੌਤਿਕ ਦੀ ਵਿਆਖਿਆ ਜਾਂ ਰੀਤੀ ਰਿਵਾਜਾਂ ਅਥਵਾ ਨੈਤਿਕ ਮੁੱਲਾਂ ਦੀ ਸਾਰਥਿਕਤਾ ਦਰਸਾਉਂਦੀਆਂ ਹਨ।

ਲੋਕਯਾਨ ਦੇ ਬਹੁਤੇ ਨਮੂਨੇ ਵਿਅਕਤੀਗਤ ਪ੍ਰਯਤਨਾਂ ਦੀ ਬਜਾਇ ਸਮੂਹਿਕ ਪ੍ਰਯਤਨਾਂ ਦਾ ਪ੍ਰਤੀਫਲ ਹੁੰਦੇ ਹਨ। ਇਹ ਮੌਖਿਕ ਰੂਪ ਵਿਚ ਸੰਚਰਿਤ ਹੁੰਦੇ ਹਨ ਅਤੇ ਇਹੀ ਕਾਰਣ ਹੈ ਕਿ ਇਨ੍ਹਾਂ ਵਿਚ ਤਬਦੀਲੀ ਦੀ ਗੁੰਜਾਇਸ਼ ਸਦਾ ਬਣੀ ਰਹਿੰਦੀ ਹੈ। ਪਰੰਤੂ ਕੁਝ ਸਭਿਆਚਾਰ ਦੂਜਿਆਂ ਦੀ ਤੁਲਨਾ ਵਿਚ ਘੱਟ ਉਦਾਰ ਹੁੰਦੇ ਹਨ। ਐਸਕੀਮੋ ਲੋਕ ਜਦ ਵੀ ਆਪਣੇ ਬੱਚਿਆਂ ਪਾਸੋਂ ਲੋਕਯਾਨ ਦੀ ਸ਼ਾਬਦਿਕ ਕਲਾ ਦਾ ਕੋਈ ਨਮੂਨਾ ਸੁਣ ਰਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੇ ਹਨ ਤਾਂ ਉਹ ਇਸ ਪੱਖੋਂ ਸਦਾ ਬੜੇ ਚੇਤੰਨ ਰਹਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਇਸ ਸ਼ਾਬਦਿਕ ਕਲਾ ਵਿਚ ਕੋਈ ਪਰਿਵਰਤਨ ਤਾਂ ਨਹੀਂ ਲਿਆ ਰਹੇ। ਪਰੰਤੂ ਪੰਜਾਬੀ ਲੋਕਯਾਨ ਨਾਲ ਸੰਬੰਧਿਤ ਵੱਖ-ਵੱਖ ਸ਼ਾਬਦਿਕ ਕਲਾਵਾਂ ਵਿਚ ਤਬਦੀਲੀ ਦੀ ਕਾਫ਼ੀ ਗੁੰਜਾਇਸ਼ ਰਹੀ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬੀ ਸਭਿਆਚਾਰ ਕੁਝ ਹੋਰ ਸਭਿਆਚਾਰਾਂ ਦੀ ਤੁਲਣਾ ਵਿਚ ਵਧੇਰੇ ਉਦਾਰ ਹੈ।

ਪੰਜਾਬੀ ਲੋਕਯਾਨ ਪਰੰਪਰਾ ਦਾ ਸਭ ਤੋਂ ਵੱਡਾ ਅਤੇ ਵਿਆਪਕ ਭਾਗ ਪੰਜਾਬੀ ਲੋਕ-ਗੀਤਾਂ ਦਾ ਹੈ। ਪੰਜਾਬੀ ਲੋਕ-ਗੀਤਾਂ ਵਿਚ ਪੰਜਾਬੀ ਸਭਿਆਚਾਰ ਦਾ ਲਗਭਗ ਹਰ ਪੱਖ ਬੜੇ ਸਪਸ਼ਟ ਰੂਪ ਵਿਚ ਧੜਕਦਾ ਸੁਣਿਆ ਜਾ ਸਕਦਾ ਹੈ। ਕਈ ਵਾਰ ਤਾਂ ਇਕ ਹੀ ਲੋਕ-ਗੀਤ ਵਿਚ ਸਭਿਆਚਾਰ ਨਾਲ ਜੁੜੇ ਬਹੁਤ ਸਾਰੇ ਪੱਖ ਅਭਿਵਿਅਕਤ ਹੁੰਦੇ ਵੇਖੇ ਗਏ ਹਨ। ਕਿਉਂਕਿ ਸਭਿਆਚਾਰ ਇਕ ਸੰਯੁਕਤ-ਸਮੁੱਚ ਹੈ, ਇਸ ਲਈ ਇਸ ਦੇ ਕਿਸੇ ਇਕ ਅੰਗ ਨੂੰ ਸਮੁੱਚ ਨਾਲੋਂ ਅਲੱਗ ਕਰਕੇ ਵੇਖਣਾ ਜੇ ਇਕ ਅਸੰਭਵ ਕਾਰਜ ਨਹੀਂ ਤਾਂ ਇਹ ਇਕ ਕਠਿਨ ਕਾਰਨ ਜ਼ਰੂਰ ਸਿੱਧ ਹੁੰਦਾ ਹੈ। ਉਦਾਹਰਣ ਲਈ ਅਸੀਂ ਇਕ ਨਿਮਨਲਿਖਿਤ ਗੀਤ ਦਾ ਅਧਿਐਨ ਕਰਦੇ ਹਾਂ :

ਦਿਉਰ ਭਾਬੀਆਂ ਲੱਖ ਲੱਖ ਹੱਸਦੇ
ਕੀ ਗੋਲੀ ਸੀ ਮਾਰੀ।
ਜੇ ਹੱਸਦੇ ਨੇ ਕਰ ਲੀ ਮਸ਼ਕਰੀ
ਤੂੰ ਕੀ ਹੋ ਗਈ ਮਾੜੀ।
ਹਾੜੀ ਸੁਧੇ ਵੰਡਾ ਲਊ ਸਾਊਣੀ
ਭੋਂ ਵੰਡਾ ਲਊ ਸਾਰੀ।
ਫੇਰ ਵੰਡਾ ਲਊ ਟੂੰਬਾਂ ਛੱਲੇ
ਆਹ ਬੂਥਾ ਨਹੀਂ ਰਹਿਣਾ।
ਮੈਂ ਸਮਝਾ ਦੂੰਗਾ
ਤੂੰ ਕੀ ਬੋਲ ਕੇ ਲੈਣਾ।

ਉਕਤ ਲੋਕ-ਗੀਤ ਵਿਚ ਪਤੀ ਆਪਣੀ ਪਤਨੀ ਨੂੰ ਸਮਝਾਉਂਦਾ ਹੈ ਕਿ ਜੇ ਉਸ ਦੇ ਦਿਉਰ (ਪਤੀ ਦੇ ਛੋਟੇ ਭਰਾ) ਨੇ ਉਸ ਨਾਲ ਕੋਈ ਮਾੜੀ/ਅਸ਼ਲੀਲ ਹਰਕਤ ਕਰ ਵੀ ਲਈ ਹੈ ਤਾਂ ਕੋਈ ਗੱਲ ਨਹੀਂ। ਕਿਉਂਕਿ ਉਸ ਦੇ ਨਾਲ ਲੜਿਆਂ ਉਨ੍ਹਾਂ ਨੂੰ ਆਰਥਿਕ ਤੌਰ ਤੇ ਨੁਕਸਾਨ ਹੋਵੇਗਾ। ਅੱਧੀ ਜ਼ਮੀਨ ਵੰਡ ਕੇ ਉਸ ਨੂੰ ਦੇਣੀ ਪਵੇਗੀ ਅਤੇ ਘਰ ਦੀ ਹੋਰ ਸਾਰੀ ਜਾਇਦਾਦ ਵਿਚੋਂ ਵੀ ਉਹ ਅੱਧਾ ਹਿੱਸਾ ਵੰਡਾ ਕੇ ਲੈ ਜਾਵੇਗਾ। ਇਸ ਤਰ੍ਹਾਂ ਇਹ ਲੋਕ-ਗੀਤ ਨਾ ਕੇਵਲ ਦਿਉਰ-ਭਾਬੀ ਦੇ ਰਿਸ਼ਤੇ ਦੀ ਹੀ ਤਰਜਮਾਨੀ ਕਰਦਾ ਹੈ ਸਗੋਂ ਮਾਲਵੇ ਦੀ ਪਰਿਵਾਰਿਕ ਸੰਰਚਨਾ, ਆਰਥਿਕ ਪ੍ਰਬੰਧ ਅਤੇ ਨੈਤਿਕ ਮੁੱਲ ਵਿਧਾਨ ਬਾਰੇ ਵੀ ਬੜੀ ਜ਼ਰੂਰੀ ਅਤੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਲੋਕ ਗੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਕੋਈ ਵੀ ਭਾਬੀ ਪਹਿਲੇ ਪਹਿਲ ਦਿਉਰ ਦੀਆਂ ਕਾਮੁਕ ਸ਼ਰਾਰਤਾਂ ਨੂੰ ਚੰਗਾ ਨਹੀਂ ਸਮਝਦੀ ਪਰ ਫਿਰ ਵੀ ਉਹ ਜਿਵੇਂ-ਜਿਵੇਂ ਪਰਿਵਾਰ ਦੀਆਂ ਆਰਥਿਕ ਜ਼ਰੂਰਤਾਂ ਨੂੰ ਸਮਝਦੀ ਚਲੀ ਜਾਂਦੀ ਹੈ। ਉਵੇਂ-ਉਵੇਂ ਦਿਉਰ ਦੀਆਂ ਅਜਿਹੀਆਂ ਹਰਕਤਾਂ ਪ੍ਰਤੀ ਉਸ ਦਾ ਰਵੱਈਆ ਉਦਾਰ ਹੁੰਦਾ ਚਲਾ ਜਾਂਦਾ ਹੈ। ਪਤੀ, ਪਤਨੀ ਨੂੰ ਕੇਵਲ ਇਤਨਾ ਕੁ ਹੀ ਮਹੱਤਵ ਦਿੰਦਾ ਹੈ, ਜਿੱਥੋਂ ਤੱਕ ਉਹ ਆਪਣੀ ਨਿੱਜੀ ਮਿਹਨਤ ਦੁਆਰਾ ਪਰਿਵਾਰ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ ਅਤੇ ਪਤੀ 'ਵਾਸਤੇ' ਮੁੰਡੇ ਜੰਮ ਕੇ ਉਸ ਨੂੰ 'ਵਾਰਿਸ' ਪ੍ਰਦਾਨ ਕਰਦੀ ਹੈ। ਜਿਹੜੀ ਪਤਨੀ ਇਹ ਦੋਵੇਂ ਕੰਮ ਨਹੀਂ ਕਰ ਸਕਦੀ, ਉਸ ਦੀ ਘਰ ਵਿਚ ਕੋਈ ਪੁੱਛ-ਪ੍ਰਤੀਤ ਨਹੀਂ ਰਹਿੰਦੀ ਅਤੇ ਜਲਦੀ ਹੀ ਉਸ ਦੀ ਜਗ੍ਹਾ ਕੋਈ ਹੋਰ ਔਰਤ ਪਤਨੀ ਦੀ ਜ਼ੁਮੇਵਾਰੀ ਸੰਭਾਲ ਲੈਂਦੀ ਹੈ।

ਪੰਜਾਬੀ ਲੋਕ-ਗੀਤਾਂ ਵਿਚ ਸਭਿਆਚਾਰਕ ਇਕਸੁਰਤਾ ਦੇ ਵੀ ਬੜੇ ਸਪਸ਼ਟ ਝਲਕਾਰੇ ਮਿਲਦੇ ਹਨ। ਪੰਜਾਬੀ ਸਭਿਆਚਾਰ ਨੂੰ ਆਮ ਤੌਰ ਤੇ ਇਕ ਸੁਮਿਸ਼ਰਿਤ ਸਭਿਆਚਾਰ (Composite-Culture) ਵੀ ਕਿਹਾ ਜਾਂਦਾ ਹੈ। ਇਸ ਦੀ ਇਕ ਬੜੀ ਜੀਵੰਤ ਉਦਾਹਰਣ ਨਿਮਨਲਿਖਤ ਲੋਕ-ਗੀਤ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ :

ਆ ਵਣਜਾਰਿਆ ਵੰਗਾਂ ਵਾਲਿਆ
ਕਿੱਥੇ ਤਾਂ ਤੇਰੇ ਘਰ ਵੇ।
ਵੰਗਾਂ ਬਲੌਰੀ ਚਾੜ੍ਹੀਂ ਮੇਰੇ
ਨਾਮਾਂ ਪਹਿਲੋਂ ਫੜ ਵੇ।
ਭੀੜੀ ਵੰਗ ਬਚਾ ਕੇ ਚਾੜ੍ਹੀਂ
ਮੈਂ ਜਾਮਾਂਗੀ ਮਰ ਵੇ।
ਮਾਰ ਕੇ ਹਾਕਾਂ ਕੱਠੀਆਂ ਕਰ ਲੈ
ਕਿਉਂ ਫਿਰਦੈਂ ਦਰ ਦਰ ਵੇ।
ਛੱਲੇ, ਛਾਪਾਂ, ਲੌਂਗ ਆਰਸੀ
ਸਭਨਾਂ ਦਾ ਮੁੱਲ ਕਰ ਵੇ।
ਤੀਆਂ ਦੇ ਦਿਨ ਥੋੜ੍ਹੇ ਰਹਿਗੇ
ਜਾਣਾ ਸਹੁਰੇ ਘਰ ਵੇ।
ਸੱਸ ਕੁਪੱਤੀ ਮਿਹਣੇ ਮਾਰੇ
ਨਣਦ ਪੈਂਦੀ ਆ ਲੜ ਵੇ।
ਲੱਖ ਦਾਤੇ ਦਾ ਰੋਟ ਪਕਾ ਕੇ
ਸੁੱਖਣਾਂ ਆਈ ਵਰ ਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈਦਰ ਸ਼ੇਖ ਦੀਆਂ ਭਰ ਕੇ ਚੌਕੀਆਂ
ਨ੍ਹਾਤੀ ਅੰਬਰਸਰ ਵੇ ।
ਸਾਰੀਆਂ ਗੱਲਾਂ ਦੀ ਜੜ੍ਹ ਵੱਢ ਕੇ
ਪਾ ਲਿਆ ਗਾਤਰਾ ਗਲ ਵੇ ।
'ਕਾਲਣ' ਮੈਂ ਬਣ ਗੀ
ਹੁਣ ਨਾ ਕਿਸੇ ਦਾ ਡਰ ਵੇ ।

ਪੰਜਾਬੀ ਸਭਿਆਚਾਰ ਨੂੰ ਪ੍ਰਵਾਹਿਤ ਕਰਨ ਵਿਚ ਤ੍ਰਿੰਝਣ ਦਾ ਇਕ ਮਹੱਤਵਪੂਰਣ ਯੋਗਦਾਨ ਹੈ । ਸਰੋਜਿਨੀ ਨਾਇਡੂ ਨੇ ਇਕ ਥਾਂ ਲਿਖਿਆ ਹੈ "ਸਦੀਆਂ ਤੋਂ ਕਈ ਚਰਖੇ ਤੇ ਖੱਡੀ ਦੀ ਉਪਮਾ ਦੇਂਦੇ ਆ ਰਹੇ ਹਨ । ਹੋਣੀ ਆਪਣੇ ਚਰਖੇ 'ਤੇ ਤੰਦਾਂ ਕੱਢ ਕੱਢ ਮਨੁੱਖ ਦੀ ਕਿਸਮਤ ਉਣ ਰਹੀ ਹੈ । ਰਿਗਵੇਦ ਦੇ ਕਵੀ ਨੇ ਆਪਣੇ ਦੇਵਤਿਆਂ ਪ੍ਰਤੀ ਪੁਰਾਤਨ ਤੰਦ ਕੱਢੇ ਜਾਣ ਦੀ ਪ੍ਰਾਰਥਨਾ ਕੀਤੀ ਤੇ ਥਾ ਥਾਂ ਅਮੁੱਕ ਨਿਕਲਦੀ ਤੰਦ ਦੇ ਇਸ ਤਰ੍ਹਾਂ ਸੋਹਲੇ ਗਾਏ : "ਪਿਤਾ ਵਾਂਗ ਉਹ ਆਪਣਾ ਵਿਰਸਾ ਧਰਤੀ ਉੱਤੇ ਛੱਡ ਗਏ ਹਨ, ਜਿਵੇਂ ਚਰਖੇ ਵਿਚੋਂ ਲਗਾਤਾਰ ਤੰਦ ਨਿਕਲਦੀ ਆਉਂਦੀ ਹੈ ।" ਅਥਰਵ-ਵੇਦ ਵਿਚ ਉਸ ਯੁਵਕ ਵਰ ਦਾ ਚਿੱਤਰ ਕਿਤਨਾ ਭਾਵਪੂਰਤ ਹੈ, ਜਿਸ ਨੂੰ ਵਿਆਹ ਦੇ ਪਹਿਲੇ ਦਿਨ ਆਪਣੀ ਲਾੜੀ ਦੇ ਹੱਥਾਂ ਦਾ ਬਣਿਆ ਜਾਮਾ ਪਹਿਨਣ ਨੂੰ ਮਿਲਿਆ । (ਪੰਜਾਬ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ 220) ਤ੍ਰਿੰਝਣ ਨਾਲ ਸੰਬੰਧਤ ਗੀਤਾਂ ਵਿਚ ਇਕ ਪੰਜਾਬੀ ਮੁਟਿਆਰ ਦੀ ਕਰੁਣ-ਸਥਿਤੀ ਨੂੰ ਵਿਭਿੰਨ ਧਰਾਤਲਾਂ ਵਿਚ ਰੱਖ ਕੇ ਵੇਖਣ ਦਾ ਪ੍ਰਯਾਸ ਕੀਤਾ ਗਿਆ ਹੈ । ਉਦਾਹਰਣ ਲਈ :

ਘੂੰ ਘੂੰ ਚਰਖੜਾ
ਮੈਂ ਲਾਲ ਪੂਣੀ ਕੱਤਾਂ ਕਿ ਨਾ ?
ਕੱਤ ਬੀਬੀ ਕੱਤ
ਕੱਤ ਬੀਬੀ ਕੱਤ

ਲੰਮਾ ਮੇਰਾ ਦੁੱਖੜਾ
ਮੈਂ ਦੁੱਖੜਾ ਦੱਸਾਂ ਕਿ ਨਾ ?
ਦੱਸ ਬੀਬੀ ਦੱਸ
ਦੱਸ ਬੀਬੀ ਦੱਸ

ਦੂਰ ਮੇਰੇ ਸਹੁਰੇ
ਮੈਂ ਸਹੁਰੇ ਘਰ ਵੱਸਾਂ ਕਿ ਨਾ ?
ਵੱਸ ਬੀਬੀ ਵੱਸ
ਵੱਸ ਬੀਬੀ ਵੱਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਤ ਮੇਰਾ ਨਿਆਣਾ
ਮੈਂ ਨਿਆਣੇ ਘਰ ਵੱਸਾਂ ਕਿ ਨਾ ?
ਵੱਸ ਬੀਬੀ ਵੱਸ
ਵੱਸ ਬੀਬੀ ਵੱਸ

ਪੰਜਾਬੀ ਲੋਕਯਾਨ ਨਾਲ ਸੰਬੰਧਿਤ ਕਲਾ ਖੇਤਰ ਵਿਚ ਫੁਲਕਾਰੀ ਦਾ ਜ਼ਿਕਰ ਵਿਸ਼ੇਸ਼ ਤੌਰ ਤੇ ਉਲੇਖਯੋਗ ਹੈ। 'ਫੁਲਕਾਰੀ' ਦੇ ਅਰਥ ਹਨ : ਫੁੱਲ ਕੱਢਣਾ ਇਸੇ ਤਰ੍ਹਾਂ ਦੇ ਇਕ ਕੱਪੜੇ ਨੂੰ ਬਾਗ਼ ਵੀ ਕਹਿੰਦੇ ਹਨ। ਫੁਲਕਾਰੀ ਉੱਤੇ ਕੱਢੇ ਵੇਲ, ਬੂਟੇ ਅਤੇ ਫੁੱਲ ਸਚਮੁੱਚ ਹੀ ਬਾਗ਼ ਦਾ ਰੂਪ ਲੱਗਦੇ ਹਨ। ਫੁਲਕਾਰੀ ਕਲਾ ਦੇ ਪੰਜਾਬ ਵਿਚ ਵਿਕਸਿਤ ਹੋਣ ਬਾਰੇ ਕਈ ਰਾਵਾਂ ਹਨ। ਕਈਆਂ ਦਾ ਖ਼ਿਆਲ ਹੈ ਕਿ ਕਸ਼ਮੀਰ ਵਿਚ ਆ ਕੇ ਵੱਸਣ ਵਾਲੇ ਈਰਾਨੀ ਮੁਸਲਮਾਨ ਇਸ ਹੁਨਰ ਨੂੰ ਆਪਣੇ ਨਾਲ ਭਾਰਤ ਵਿਚ ਲਿਆਏ। ਈਰਾਨ ਵਿਚ ਇਸ ਨੂੰ 'ਗੁਲਕਾਰੀ' ਕਹਿੰਦੇ ਹਨ। ਕਈਆਂ ਦਾ ਇਹ ਵੀ ਵਿਚਾਰ ਹੈ ਕਿ ਮੱਧ-ਏਸ਼ੀਆ ਤੋਂ ਭਾਰਤ ਵਿਚ ਪ੍ਰਵੇਸ਼ ਕਰਨ ਵਾਲੇ ਜੱਟ ਅਤੇ ਗੁੱਜਰ ਲੋਕ ਫੁਲਕਾਰੀ ਦੀ ਕਲਾ ਨੂੰ ਆਪਣੇ ਨਾਲ ਲਿਆਏ ਸਨ।

ਫੁਲਕਾਰੀ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ, ਜਿੰਨ੍ਹਾਂ ਦਾ ਵਰਤੇ ਗਏ ਕੱਪੜੇ ਅਤੇ ਕਢਾਈ ਦੀ ਸ਼ੈਲੀ ਅਨੁਸਾਰ ਨਾਮਕਰਣ ਹੋਇਆ ਹੈ, ਜਿਵੇਂ ਚੋਪ, ਸੁੱਬ੍ਹਰ, ਤਿਲ-ਪੱਤਰਾ, ਨੀਲਕ, ਘੁੰਗਟ ਬਾਗ਼, ਅਤੇ ਛੱਮਾਸ ਆਦਿਕ। ਫੁਲਕਾਰੀ ਕੱਢਣਾ ਮਹਿਜ਼ ਇਕ ਲਾਭਦਾਇਕ ਕਲਾ ਹੀ ਨਹੀਂ ਸੀ ਬਲਕਿ ਇਸ ਨਾਲ ਧਾਰਮਿਕ ਅਤੇ ਮਾਨਸਿਕ ਸੰਸਕਾਰ ਵੀ ਜੁੜੇ ਰਹਿੰਦੇ ਹਨ। ਚੋਪ ਕੱਢਣ ਲਈ ਕੋਈ ਸ਼ੁਭ ਦਿਨ ਚੁਣਿਆ ਜਾਂਦਾ ਸੀ। ਘਰ ਝਾੜਿਆ ਸੰਵਾਰਿਆ ਜਾਂਦਾ ਸੀ ਅਤੇ ਲਿੱਪੇ ਪੋਚੇ ਵਿਹੜੇ ਉੱਤੇ ਰੰਗ ਬਰੰਗੀਆਂ ਦਰੀਆਂ ਵਿਛਾ ਕੇ ਪ੍ਰਾਰਥਨਾ ਕੀਤੀ ਜਾਂਦੀ, ਗੁੜ ਤੇ ਖੋਪਾ ਵੰਡਿਆ ਜਾਂਦਾ, ਆਮੰਤ੍ਰਿਤ ਕੀਤੀਆਂ ਹੋਈਆਂ ਕੁੜੀ ਦੀ ਸਹੇਲੀਆਂ ਦੇ ਸੱਜੇ ਗੁੱਟ ਉੱਤੇ ਮੌਲੀ ਬੰਨ੍ਹੀ ਜਾਂਦੀ। ਇਸ ਪਿੱਛੋਂ ਢੋਲਕੀ ਦੀ ਤਾਲ ਉੱਤੇ ਇਸਤ੍ਰੀਆਂ ਸੁਹਾਗ ਦਾ ਗੀਤ ਛੇੜਦੀਆਂ ਅਤੇ ਨਾਨੀ ਚੋਪ ਉੱਤੇ ਪਹਿਲਾ ਤੋਪਾ ਭਰਦੀ। ਫਿਰ ਸਭ ਲੋਕ ਨਾਨੀ ਤੇ ਦੋਹਤੀ ਨੂੰ ਸ਼ੁਭ ਇਛਾਵਾਂ ਭੇਟ ਕਰਦੇ। ਇਸ ਤਰ੍ਹਾਂ ਫੁਲਕਾਰੀ ਦੀ ਸ਼ੁਰੂਆਤ ਹੁੰਦੀ ਸੀ। ਇਹ ਇਕ ਤਰ੍ਹਾਂ ਨਾਲ ਕੁੜੀ ਦੇ ਵਿਆਹੁਣ-ਯੋਗ ਹੋਣ ਦਾ ਪ੍ਰਥਮ ਪ੍ਰਤੀਕ ਹੁੰਦੀ ਸੀ। ਫੁਲਕਾਰੀ ਕੱਢਦੀ ਕੁੜੀ ਰੰਗ-ਸੁਰੰਗੇ ਜਿਉਮੈਟ੍ਰੀਕਲ ਡਿਜ਼ਾਈਨਾਂ ਨੂੰ ਆਪਣੀ ਆਗਾਮੀ ਜ਼ਿੰਦਗੀ ਦਾ ਇਕ ਬਲਿਊ-ਪ੍ਰਿੰਟ ਤਿਆਰ ਕਰਦੀ ਸੀ। ਉਹ ਜੋ ਬਾਗ਼ ਕੱਢਦੀ ਸੀ, ਉਸ ਦੇ ਇਕ-ਇਕ ਧਾਗੇ ਵਿਚ ਉਸ ਦੀ ਆਗ਼ਾਮੀ ਜ਼ਿੰਦਗੀ ਦੇ ਨਕਸ਼ ਉਲੀਕੇ ਹੁੰਦੇ ਹਨ। ਬਾਗ਼ ਉਸ ਲਈ ਇਕ ਸਜਾਵਟੀ ਓਢਣ ਨਾ ਰਹਿ ਕੇ ਇਕ ਪੂਰੀ ਜ਼ਿੰਦਗੀ ਦਾ ਪ੍ਰਤੀਕ ਬਣ ਜਾਂਦਾ ਸੀ। ਸ਼ੇਖ ਫ਼ਰੀਦ ਨੇ ਵੀ ਦੁਨੀਆਂ ਨੂੰ ਇਕ 'ਸੁਹਾਵੇ ਬਾਗ਼' ਨਾਲ ਹੀ ਉਪਮਾਂ ਦਿੱਤੀ ਸੀ। ਪੰਜਾਬੀ ਦੇ ਲੋਕ ਗੀਤਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਫੁਲਕਾਰੀ' ਦਾ ਜ਼ਿਕਰ ਥਾਂ-ਪੁਰ ਥਾਂ ਆਉਂਦਾ ਹੈ ; ਜਿਵੇਂ :

ਫੁਲਕਾਰੀ ਸਾਡੀ ਰੇਸ਼ਮੀ, ਉੱਤੇ ਚਮਕਣ ਮੋਰ ।
ਗੱਲਾਂ ਤੁਹਾਡੀਆਂ ਮਿੱਠੀਆਂ ਅੰਦਰੋਂ ਦਿਲ ਨੇ ਹੋਰ ।...

ਹੁਸਨ ਗੋਰੀ ਦਾ ਚੋ ਚੋ ਪੈਂਦਾ ਜਿਉਂ ਮਾਖਿਓਂ ਮਖਿਆਰੀ ਦਾ ।
ਨੈਣ ਗੋਰੀ ਦੇ ਕੱਜਲਾ ਪਾਇਆ ਡਾਢਾ ਰੰਗ ਫੁਲਕਾਰੀ ਦਾ ।

ਲੋਕਯਾਨ ਕਿਸੇ ਸਭਿਆਚਾਰ ਦੇ ਕੇਵਲ ਸਮਾਜਕ, ਪਰਿਵਾਰਿਕ ਪ੍ਰਬੰਧ ਦੀ ਹੀ ਜਾਣਕਾਰੀ ਨਹੀਂ ਦਿੰਦਾ ਸਗੋਂ ਉਸ ਦੇ ਰਾਜਨੈਤਿਕ ਸਭਿਆਚਾਰ ਦੀ ਬੁਣਤਰ ਅਤੇ ਬਣਤਰ ਬਾਰੇ ਵੀ ਬੜੀ ਪ੍ਰਮਾਣਿਕ ਅਤੇ ਅਹਿਮ ਜਾਣਕਾਰੀ ਮੁਹੱਈਆ ਕਰਦਾ ਹੈ । ਪੰਜਾਬੀ ਲੋਕਯਾਨ ਵਿਚ ਬਹੁਤ ਸਾਰੀਆਂ ਲੋਕੋਕਤੀਆਂ ਅਤੇ ਸੂਕਤੀਆਂ ਮਿਲਦੀਆਂ ਹਨ, ਜਿਹੜੀਆਂ ਇਥੋਂ ਦੇ ਲੋਕਾਂ ਦੀਆਂ ਰਾਜਨੈਤਿਕ ਆਕਾਂਖਿਆਵਾਂ ਦੀ ਤਰਜਮਾਨੀ ਕਰਦੀਆਂ ਹਨ । ਜਿਵੇਂ 'ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ' । ਜਾਂ, 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ ।' 'ਦੋ ਦਿਨ ਘੱਟ ਜੀਣਾ ਪਰ ਜੀਣਾ ਅਣਖ ਦੇ ਨਾਲ ।' ਇਸੇ ਤਰ੍ਹਾਂ 'ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ ।' ਇਨ੍ਹਾਂ ਲੋਕੋਕਤੀਆਂ ਵਿਚ ਪੰਜਾਬ ਦੇ ਰਾਜਨੈਤਿਕ ਸਭਿਆਚਾਰ ਨਾਲ ਸੰਬੰਧਿਤ ਬਹੁਤ ਸਾਰੇ ਮੁੱਲਪਰਕ ਸੰਕਲਪ ਜੁੜੇ ਹੋਏ ਹਨ । ਇਹ ਸੰਕਲਪ ਚਾਹੇ ਮੱਧਕਾਲੀਨ ਰਾਜਨੈਤਿਕ ਵਿਵਸਥਾ ਵਿਚੋਂ ਉਤਪੰਨ ਹੋਏ ਹਨ ਪਰ ਅਜੇ ਤੱਕ ਇਨ੍ਹਾਂ ਨੂੰ ਸਮਝੇ/ਪਹਿਚਾਣੇ ਬਗੈਰ ਪੰਜਾਬ ਦੇ ਰਾਜਨੈਤਿਕ ਸਭਿਆਚਾਰ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ ।

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਲੋਕਯਾਨ ਕਿਸੇ ਸੁਸਾਇਟੀ ਦੇ ਸਭਿਆਚਾਰ ਨੂੰ ਸਮਝਣ ਵਿਚ ਸਭ ਤੋਂ ਵੱਧ ਕਾਰਗਰ ਹਿੱਸਾ ਪਾਉਂਦਾ ਹੈ । ਇਸ ਵਿਚ ਕਿਸੇ ਸਭਿਆਚਾਰ ਦੀਆਂ ਲਗਭਗ ਸਾਰੀਆਂ ਸੰਸਥਾਵਾਂ ਬੜੇ ਸੱਚੇ-ਸੁੱਚੇ ਰੂਪ ਵਿਚ ਸਾਂਭੀਆਂ ਰਹਿੰਦੀਆਂ ਹਨ । ਜੇ ਅਸੀਂ ਲੋਕਯਾਨ ਦੇ ਵੱਖ-ਵੱਖ ਰੂਪਕਾਰਾਂ ਦਾ ਇਤਿਹਾਸਕ ਅਧਿਐਨ ਕਰ ਸਕੀਏ ਤਾਂ ਅਸੀਂ ਸਭਿਆਚਾਰ ਅਤੇ ਪਰਿਵਰਤਨ ਦੇ ਸੰਕਲਪ ਦਾ ਵੀ ਬੜਾ ਵਿਧੀਵਤ ਅਧਿਐਨ ਕਰ ਸਕਦੇ ਹਾਂ । ਕਿਉਂਕਿ ਲੋਕਯਾਨ ਦੇ ਕਿਸੇ ਰੂਪਾਕਾਰ ਵਿਚ ਕੋਈ ਚਿਹਨਕ/ਮੋਟਿਫ਼ ਜਿਵੇਂ-ਜਿਵੇਂ ਬਦਲਦਾ ਹੈ, ਉਸ ਦੀ ਤਬਦੀਲੀ ਸਭਿਆਚਾਰ ਦੇ ਪਰਿਵਰਤਨ ਦੀ ਗਵਾਹ ਬਣਦੀ ਚਲੀ ਜਾਂਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਹਜ ਸ਼ਾਸਤ੍ਰ ਤੇ ਸਮਾਜ-ਸਭਿਆਚਾਰਕ ਇਤਿਹਾਸ

ਸੁਹਜ-ਸ਼ਾਸਤ੍ਰ ਦੀ ਇਕ ਲੰਬੀ ਪਰੰਪਰਾ ਹੈ। ਇਸ ਦੇ ਵਿਕਾਸ ਦੌਰਾਨ ਕੇਵਲ ਸੁਹਜ-ਸ਼ਾਸਤ੍ਰੀ ਮਾਨਤਾਵਾਂ ਬਦਲਦੀਆਂ ਰਹੀਆਂ ਹਨ ਬਲਕਿ ਸਵਾਲਾਂ ਦਾ ਉਹ ਸਿਲਸਿਲਾ ਵੀ ਬਦਲਦਾ ਰਿਹਾ ਹੈ ਜਿਹੜਾ ਅਸੀਂ ਇਸ ਦੇ ਵਿਸ਼ੈ-ਖੇਤਰ ਅਤੇ ਪ੍ਰਯੋਜਨ ਨੂੰ ਨਿਰਧਾਰਿਤ ਕਰਨ ਸਮੇਂ ਵਰਤਦੇ ਰਹੇ ਹਾਂ। ਪੂਰਵ-ਪਲੈਟੋ ਯੁਗ ਦੇ ਯੂਨਾਨੀ ਦਾਰਸ਼ਨਿਕ ਸੁਹਜ-ਸ਼ਾਸਤ੍ਰ ਨੂੰ ਇਕ ਅਜਿਹਾ ਦਰਸ਼ਨ ਮੰਨਦੇ ਸਨ ਜਿਸ ਦੁਆਰਾ ਜੀਵਨ ਦੀ ਮੁਕੰਮਲ ਤਸਵੀਰ ਪੇਸ਼ ਕੀਤੀ ਜਾਂਦੀ ਸੀ। ਸੁਕਰਾਤ ਦੇ ਯੁਗ ਵਿਚ ਇਸ ਦਾ ਸੰਬੰਧ ਨੀਤੀ-ਸ਼ਾਸਤ੍ਰ ਨਾਲ ਜੁੜ ਗਿਆ। ਪਲੈਟੋ ਨੇ ਕਲਾ ਉਤੇ ਸਟੇਟ ਦੇ ਨਿਯੰਤ੍ਰਣ ਦਾ ਸਵਾਲ ਉਠਾਇਆ। ਅਰਸਤੂ ਨੇ ਸੁਹਜ ਸ਼ਾਸਤ੍ਰ ਨੂੰ ਕਾਵਿ-ਸ਼ਾਸਤ੍ਰ ਨਾਲ ਸੰਬੰਧਤ ਕਰਕੇ ਦੇਖਿਆ। ਮੱਧ-ਯੁਗ ਦੇ ਦੌਰਾਨ ਵੀ ਸੁਹਜ-ਸ਼ਾਸਤ੍ਰ ਦਾ ਸੰਕਲਪ ਪਰਿਵਰਤਨਸ਼ੀਲ ਰਿਹਾ ਹੈ। ਕਦੇ ਇਹ ਧਰਮ-ਸ਼ਾਸਤ੍ਰ ਦਾ ਇਕ ਅੰਗ ਬਣਿਆ (ਥਾਮਸ ਐਕੁਇਨਾ); ਕਦੇ ਇਸ ਨੇ ਪ੍ਰਕ੍ਰਿਤੀ ਅਤੇ ਕਲਾ ਦੇ ਸੰਬੰਧਾਂ ਦਾ ਨਿਰੀਖਣ ਕੀਤਾ (ਦਾ ਵਿੰਚੀ), ਕਦੇ ਇਸ ਨੇ ਕਲਾ ਵਿਚ ਕੇਵਲ ਸੁਹਜ ਦੇ ਅਧਿਐਨ ਤਕ ਹੀ ਆਪਣੇ ਆਪ ਨੂੰ ਸੀਮਿਤ ਕਰ ਲਿਆ ਅਤੇ ਵਿਸ਼ਵ-ਵਿਆਪੀ ਸਪਿਰਟ ਦੇ ਸਮੁੱਚੇ ਢਾਂਚੇ ਵਿਚ ਕਲਾ ਦੇ ਸਥਾਨ ਤੇ ਮਹੱਤਵ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ (ਹੇਗਲ); ਕਦੇ ਇਸ ਨੇ ਮਨੁੱਖ ਅਤੇ ਇਸ ਦੇ ਅਸਤਿਤਵ ਨਾਲ ਸੰਬੰਧਿਤ ਸਾਰੇ ਸਵਾਲਾਂ ਨੂੰ ਆਪਣੇ ਘੇਰੇ ਵਿਚ ਲੈਣ ਦੀ ਕੋਸ਼ਿਸ਼ ਕੀਤੀ (ਚਰਨੇਸ਼ਵਸਕੀ) ਅਤੇ ਕਦੇ ਇਸ ਨੇ ਕਲਾ ਦੀਆਂ ਵੱਖ-ਵੱਖ ਪ੍ਰਵਿਰਤੀਆਂ ਅਤੇ ਸਕੂਲਾਂ ਨੂੰ ਇਕ ਸਿਧਾਂਤਿਕ ਆਧਾਰ ਕਰਨ ਦਾ ਯਤਨ ਕੀਤਾ (ਬੈਲਿੱਸਕੀ, ਦੋਬਰੋਲਿਯੂਬੋਵ, ਚਰਨੇਸ਼ਵਸਕੀ ਆਦਿ)। ਮਾਰਕਸਵਾਦੀ ਸੁਹਜ-ਸ਼ਾਸਤ੍ਰ, ਮਨੁੱਖੀ ਕਰਮ ਖੇਤਰ ਵਿਚੋਂ ਪ੍ਰਾਪਤ ਹੋਣ ਵਾਲੇ ਜਗਤ ਬੋਧ ਦੇ ਸੁਹਜਮਈ ਪੱਖਾਂ ਦੀ ਸਮਾਜਕ ਭੂਮਿਕਾ ਉੱਤੇ ਵਧੇਰੇ ਬਲ ਦਿੰਦਾ ਹੈ। ਇਸ ਅਨੁਸਾਰ ਸੁਹਜ-ਸ਼ਾਸਤ੍ਰ ਗਿਆਨ ਦੀ ਉਹ ਸ਼ਾਖਾ ਹੈ ਜਿਹੜੀ ਮਾਨਵੀ ਮੁੱਲਾਂ— ਇਨ੍ਹਾਂ ਦੀ ਸਿਰਜਣਾ, ਪ੍ਰਤੱਖਣਾ ਅਤੇ ਵਿਆਖਿਆ ਆਦਿ— ਦੀ ਇਤਿਹਾਸਕ ਤੌਰ ਤੇ ਨਿਸ਼ਚਿਤ ਹੋਣੀ ਨਾਲ ਆਪਣਾ ਸਰੋਕਾਰ ਰੱਖਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਹਜ-ਸ਼ਾਸਤ੍ਰ ਨੇ ਆਪਣੀ ਵਿਕਾਸ-ਯਾਤਰਾ ਦੌਰਾਨ ਪੰਜ ਸੈਧਾਂਤਿਕ ਮਾਡਲਾਂ ਨੂੰ ਜਨਮ ਦਿੱਤਾ ਹੈ।

ਪਹਿਲਾ ਮਾਡਲ (ਵਸਤੂਮੁਖ ਆਦਰਸ਼ਵਾਦ) : ਸੁਹਜ ਉਸ ਸਮੇਂ ਪ੍ਰਗਟ ਹੁੰਦਾ ਹੈ ਜਦੋਂ ਦੈਵੀ ਸ਼ਕਤੀਆਂ ਰੂਪਮਾਨ ਹੋਣ।

ਦੂਜਾ ਮਾਡਲ (ਆਤਮਮੁਖ ਆਦਰਸ਼ਵਾਦ) : ਸੁਹਜ ਉਸ ਸਮੇਂ ਪ੍ਰਗਟ ਹੁੰਦਾ ਹੈ ਜਦੋਂ ਵਿਅਕਤੀ ਦੀ ਆਤਮਿਕ ਅਮੀਰੀ ਜੀਵਨ ਉਤੇ ਛਾ ਜਾਂਦੀ ਹੈ।

ਤੀਜਾ ਮਾਡਲ (ਦ੍ਵੈਤਵਾਦ) : ਸੁਹਜ, ਵਸਤੂਮੁਖ ਅਤੇ ਆਤਮਮੁਖ ਦੇ ਸੰਜੋਗ ਦੁਆਰਾ ਪੈਦਾ ਹੁੰਦਾ ਹੈ।

ਚੌਥਾ ਮਾਡਲ (ਪਰਾਭੌਤਿਕ ਪਦਾਰਥਵਾਦ) : ਇਸ ਅਨੁਸਾਰ ਸੁਹਜ ਵਸਤਾਂ ਦੇ ਪ੍ਰਾਕ੍ਰਿਤਿਕ ਲੱਛਣਾਂ ਉਤੇ ਆਧਾਰਿਤ ਰਹਿੰਦਾ ਹੈ ਜਿਵੇਂ ਰੰਗ, ਰੂਪ, ਵਿਉਂਤਬੰਦੀ ਆਦਿ। ਇਸ ਮਾਡਲ ਵਿਚ ਬਹੁਤ ਸਾਰੀਆਂ ਊਣਤਾਈਆਂ ਹਨ ਜਿਨ੍ਹਾਂ ਸਦਕਾ ਇਕ ਮਾਡਲ ਦੇ ਰੂਪ ਵਿਚ ਇਹ ਆਪਣੀ ਸਾਰਥਿਕਤਾ ਖੋਹ ਬੈਠਦਾ ਹੈ। (ਜੇ ਸੁਹਜ ਵਸਤਾਂ ਦੇ ਭੌਤਿਕ ਜਾਂ ਰਸਾਇਣਿਕ ਗੁਣਾਂ-ਲੱਛਣਾਂ ਵਿਚ ਹੀ ਮੌਜੂਦ ਹੈ ਤਾਂ ਇਸ ਦਾ ਅਧਿਐਨ ਸੁਹਜ-ਸ਼ਾਸਤ੍ਰ ਦੀ ਬਜਾਇ ਪ੍ਰਾਕ੍ਰਿਤਿਕ ਵਿਗਿਆਨਾ ਦੁਆਰਾ ਕੀਤਾ ਜਾਣਾ ਚਾਹੀਦਾ ਹੈ।)

ਪੰਜਵਾਂ ਮਾਡਲ (ਦਵੰਦਾਤਮਕ ਪਦਾਰਥਵਾਦ) : ਇਹ ਸੁਹਜ ਨੂੰ ਘਟਨਾ ਵਸਤੂ-ਜਗਤ ਦਾ ਇਕ ਵਸਤੂਮੁੱਖ ਲੱਛਣ ਮੰਨਦਾ ਹੈ ਜਿਹੜਾ ਇਨ੍ਹਾਂ ਦੇ ਕਿਸੇ ਸਮਾਜ ਜਾਂ ਮਨੁੱਖਤਾ ਨਾਲ ਸੰਬੰਧਾਂ ਦੁਆਰਾ ਪੈਦਾ ਹੁੰਦਾ ਹੈ।

ਸੁੰਦਰਤਾ ਅਤੇ ਸੁਹਜ-ਸ਼ਾਸਤ੍ਰ

ਸੁੰਦਰਤਾ ਦੀ ਪਰਿਭਾਸ਼ਾ ਸੁਹਜ-ਸ਼ਾਸਤ੍ਰ ਦਾ ਇਕ ਕੇਂਦਰੀ ਸਰੋਕਾਰ ਬਣਿਆ ਰਿਹਾ ਹੈ। ਪਿਛਲੇ ਸਮੇਂ ਵਿਚ ਤਾਂ ਸੁਹਜ-ਸ਼ਾਸਤ੍ਰ ਨੂੰ ਸੁੰਦਰਤਾ ਦਾ ਸ਼ਾਸਤ੍ਰ ਕਿਹਾ ਜਾਂਦਾ ਰਿਹਾ ਹੈ। ਅਜੇ ਵੀ ਕਈ ਥਾਵਾਂ ਤੇ ਸੁਹਜ-ਸ਼ਾਸਤ੍ਰ ਦੀ ਇਹੀ ਪਰਿਭਾਸ਼ਾ ਚਲੀ ਆਉਂਦੀ ਹੈ। ਪਰ ਅਸਲ ਵਿਚ ਸੁਹਜ-ਸ਼ਾਸਤ੍ਰ ਇਕ ਅਜਿਹਾ ਵਿਗਿਆਨ ਹੈ ਜੋ ਵਾਸਤਵਿਕ ਦੁਨੀਆਂ ਬਾਰੇ ਮਨੁੱਖ ਦੇ ਸੁਹਜਮਈ ਬੋਧ ਨਾਲ ਸੰਬੰਧ ਰੱਖਦਾ ਹੈ। ਇਸ ਦੇ ਨਾਲ-ਨਾਲ ਇਹ ਕਲਾ ਦੇ ਵਿਕਾਸ ਅਤੇ ਕਲਾ ਦੀ ਸਿਰਜਣ ਪ੍ਰਕ੍ਰਿਆ ਦੀ ਸੈਧਾਂਤਿਕ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ। ਤਾਂ ਵੀ ਸੁਹਜ-ਸ਼ਾਸਤ੍ਰ ਅਤੇ ਸੁੰਦਰਤਾ ਦਾ ਸੰਬੰਧ ਬੜਾ ਪੁਰਾਣਾ ਅਤੇ ਪੱਕਾ ਹੈ। ਸੁੰਦਰਤਾ ਨੂੰ ਜਾਨਣ-ਸਮਝਣ ਤੋਂ ਬਿਨਾਂ ਕਿਸੇ ਵੀ ਸੁਹਜਮਈ ਪ੍ਰਕਿਆ ਦੀ ਵਿਆਖਿਆ ਬੜੀ ਮੁਸ਼ਕਿਲ ਹੈ।

ਸੁੰਦਰਤਾ ਦੇ ਸਾਰ-ਤੱਤ ਨੂੰ ਪਰਿਭਾਸ਼ਿਤ ਕਰਨਾ ਕਾਫ਼ੀ ਜਟਿਲ ਕਾਰਜ ਹੈ। ਜੀਵਨ ਕਲਾ ਵਿਚ ਅਸੀਂ ਸੁੰਦਰਤਾ ਦੇ ਨਿਰੂਪਣ ਦੀਆਂ ਬੜੀਆਂ ਵੱਖ-ਵੱਖ ਉਦਾਹਰਣਾਂ ਦਾ ਸਾਹਮਣਾ ਕਰਦੇ ਹਾਂ ਜੋ ਇਕ ਦੂਜੀ ਨਾਲ ਬਿਲਕੁਲ ਵੀ ਮੇਲ ਨਹੀਂ ਖਾਂਦੀਆਂ ਹੁੰਦੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਵੇਂ : ਮਨੁੱਖ ਦੀ ਆਤਮਿਕ ਸੁੰਦਰਤਾ ਅਤੇ ਮਨੁੱਖਾਂ ਨੂੰ ਸਰੂਰ ਦੇਣ ਵਾਲੇ ਕਿਸੇ ਪੋਜ਼ ਵਿਚ, ਰੁੱਖ ਦੇ ਕਿਸੇ ਫੁੱਲ-ਪੱਤੇ ਜਾਂ ਕਲਾ ਦੇ ਕਿਸੇ ਸ਼ਾਹਕਾਰ ਵਿਚ ਕੋਈ ਸਮਾਨਤਾ ਨਜ਼ਰ ਨਹੀਂ ਆਉਂਦੀ। ਇਹ ਸਾਰੀਆਂ ਚੀਜ਼ਾਂ ਯਥਾਰਥ ਦੇ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਹਨ ਅਤੇ ਇਨ੍ਹਾਂ ਦਰਮਿਆਨ ਰੂਪਗਤ ਸਮਾਨਤਾਵਾਂ ਢੂੰਡ ਸਕਣਾ ਲਗਪਗ ਅਸੰਭਵ ਕਾਰਜ ਹੈ। ਤੁਲਨਾਤਮਕ ਰੂਪ ਵਿਚ ਇਹ ਕਾਫ਼ੀ ਸੌਖਾ ਕੰਮ ਹੈ ਕਿ ਆਪਣੇ ਵਾਸਤਵਿਕ ਜਗਤ ਵਿਚੋਂ ਸੁੰਦਰਤਾ ਦੇ ਨਿਰੂਪਣ ਦੀਆਂ ਕੁਝ ਝਾਕੀਆ ਚੁਣ ਲਈਏ ਜਾਂ ਉਨ੍ਹਾਂ ਵਸਤਾਂ ਦੇ ਨਾਮ ਗਿਣਨ ਲੱਗੀਏ ਜੋ ਸਾਨੂੰ ਸੁਹਜਾਤਮਕ ਆਨੰਦ ਦਿੰਦੀਆਂ ਹਨ ਪਰ ਜਦੋਂ ਇਨ੍ਹਾਂ ਸਵਾਲਾਂ ਨਾਲ ਸਾਹਮਣਾ ਹੁੰਦਾ ਹੈ ਕਿ ਇਹ ਝਾਕੀਆਂ ਜਾਂ ਵਸਤਾਂ ਕਿਉਂ ਸੁੰਦਰ ਹਨ, ਜਿਹੜਾਂ ਤੱਤ ਇਨ੍ਹਾਂ ਨੂੰ ਸੁੰਦਰ ਬਣਾਉਂਦਾ ਹੈ ਅਤੇ ਸੁੰਦਰਤਾ ਦਾ ਸੁਭਾਉ ਕੀ ਹੈ—ਤਾਂ ਸਾਨੂੰ ਜਵਾਬ ਦੇਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਕਲਾ : ਸਮਾਜਕ ਚੇਤਨਾ ਦਾ ਇਕ ਰੂਪ

ਮਾਰਕਸ ਨੇ ਆਪਣੇ ਇਕ ਮਹੱਤਵ ਪੂਰਨ ਗ੍ਰੰਥ 'ਥੀਸਿਜ਼ ਆਨ ਫਿਊਰਬਾਖ਼' ਵਿਚ ਚਿੰਤਨ ਅਤੇ ਸਮਾਜਕ ਅਮਲ ਦੇ ਦਰਮਿਆਨ ਇਕ ਸੰਬੰਧ ਸਥਾਪਿਤ ਕੀਤਾ ਹੈ। ਇਸ ਅਨੁਸਾਰ ਮਨੁੱਖੀ ਮਨ ਦੀ ਸੰਰਚਨਾ ਉਸ ਦੇ ਕੰਮ ਦੀ ਸੰਰਚਨਾ ਉਤੇ ਆਧਾਰਿਤ ਹੁੰਦੀ ਹੈ। ਮਨੁੱਖੀ ਕਾਰਜ ਵਿਚ ਆਉਣ ਵਾਲੇ ਪਰਿਵਰਤਨ ਉਸ ਦੀ 'ਸਾਈਕੀ' ਵਿਚ ਪਰਿ-ਵਰਤਨ ਲਿਆਉਣ ਦਾ ਕਾਰਨ ਬਣਦੇ ਹਨ। ਪਸ਼ੂਆਂ ਦੀ ਜੀਵਨ-ਜਾਚ ਅਨੁਕੂਲਣ (adaptive) ਦੇ ਸਿੱਧਾਂਤ ਉੱਤੇ ਆਧਾਰਿਤ ਹੁੰਦੀ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਮਾਨਸਿਕ ਸੰਰਚਨਾ ਇਸੇ ਸਿਧਾਂਤ ਉਤੇ ਆਧਾਰਿਤ ਰਹਿੰਦੀ ਹੈ। ਪਰੰਤੂ ਮਨੁੱਖ, ਰੂਪਾਂਤਰਣ ਲਈ ਕੰਮ ਕਰਦਾ ਹੈ ਅਤੇ ਇਸ ਤਰ੍ਹਾਂ ਉਸ ਦੀ ਮਾਨਸਿਕ ਸੰਰਚਨਾ ਬਣਤਰ ਅਤੇ ਪ੍ਰਕਾਰਜ ਦੀ ਦੀ ਦ੍ਰਿਸ਼ਟੀ ਤੋਂ ਪਸ਼ੂਆਂ ਨਾਲੋਂ ਵਿਲੱਖਣ ਬਣ ਗਈ ਹੈ। ਬਹੁਤਾ ਸਮਾਂ ਇਹ ਵਿਚਾਰ ਬਣਿਆ ਰਿਹਾ ਹੈ ਕਿ ਮਨੁੱਖੀ ਮਨ ਇਕ ਦਰਪਣ ਵਾਂਗ ਹੈ ਜੋ ਜਗਤ ਅਤੇ ਜੀਵਨ ਦੇ ਪ੍ਰਤੀਬਿੰਬ ਪੇਸ਼ ਕਰਦਾ ਹੈ। ਇਸ ਗੱਲ ਵਲ ਧਿਆਨ ਨਹੀਂ ਦਿੱਤਾ ਗਿਆ ਕਿ ਮਨੁੱਖੀ ਚੇਤਨਾ ਕ੍ਰਿਆਸ਼ੀਲ ਹੈ ਅਤੇ ਇਹ ਰੂਪਾਂਤਰਣ ਦੇ ਸਮਰੱਥ ਹੈ।

ਮਾਰਕਸ ਨੇ ਆਪਣੇ ਸਿਧਾਂਤ ਰਾਹੀਂ ਇਸ ਗੱਲ ਵਲ ਧਿਆਨ ਦਿਵਾਇਆ ਕਿ ਆਪਣੇ ਕੰਮ ਵਿਚ ਰੁੱਝਾ ਹੋਇਆ ਵਿਅਕਤੀ, ਪਸ਼ੂਆਂ ਨਾਲੋਂ ਮੂਲਕ ਤੌਰ ਤੇ ਵੱਖਰਾ ਹੈ। ਇਕ ਪਸ਼ੂ ਆਪਣੀ ਜ਼ਾਤੀ ਦੇ ਤਕਾਜ਼ਿਆਂ ਅਨੁਸਾਰ ਸਿਰਜਣਾ ਕਰਦਾ ਹੈ। ਇਕ ਮੁਰਗੀ ਆਪਣੇ ਅੰਡੇ ਉੱਤੇ ਉਸ ਸਮੇਂ ਤਕ ਬੈਠੀ ਰਹੇਗੀ ਜਦੋਂ ਤਕ ਕਿ ਉਸ ਵਿਚੋਂ ਚੂਚਾ ਨਹੀਂ ਨਿਕਲ ਆਉਂਦਾ। ਜੇ ਉਸ ਅੰਡੇ ਦੀ ਜਗ੍ਹਾ ਇਕ ਪੱਥਰ ਦਾ ਗੋਲ ਟੁਕੜਾ ਰੱਖ ਦਿੱਤਾ ਜਾਵੇ ਤਾਂ ਵੀ ਉਹ ਉਸ ਉੱਤੇ ਉਸੇ ਤਰ੍ਹਾਂ ਬੈਠੀ ਰਹੇਗੀ ਕਿਉਂਕਿ ਉਸ ਦੀ ਕ੍ਰਿਆ ਪ੍ਰਯੋਜਨਮਈ ਹੋਣ ਨਾਲੋਂ ਫ਼ਿਤਰਤੀ (Instincitive) ਵਧੇਰੇ ਹੈ। ਮੁਰਗੀ ਉਸ 'ਪ੍ਰੋਗਰਾਮ' ਦੇ ਨਿਰਵਾਹ ਲਈ ਕੰਮ ਕਰ ਰਹੀ ਹੈ ਜੋ ਉਸ ਨੂੰ ਕੁਦਰਤ ਵਲੋਂ ਮਿਲਿਆ ਹੋਇਆ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਜਿਸ ਵਿਚ ਉਸ ਦੀਆਂ ਕਿਰਤੀਆਂ ਵਾਲੀ ਪ੍ਰਕ੍ਰਿਆ ਦਾ ਅਨੁਭਵ ਵੀ ਸ਼ਾਮਿਲ ਹੈ। ਪਰੰਤੂ ਮਨੁੱਖ ਆਪਣੇ ਕੰਮ ਨੂੰ, ਨਾ ਕੇਵਲ ਆਪਣੀਆਂ ਜ਼ਰੂਰਤਾਂ ਅਨੁਸਾਰ, ਬਲਕਿ ਆਪਣੇ ਕਿੱਤੇ ਦੀ ਪ੍ਰਕ੍ਰਿਤੀ ਅਨੁਸਾਰ ਬਦਲ ਸਕਦਾ ਹੈ। ਇਸੇ ਲਈ ਮਾਰਕਸ ਕਹਿੰਦਾ ਹੈ ਕਿ ਮਨੁੱਖ, ਸੁੰਦਰਤਾ ਦੇ ਨਿਯਮਾਂ ਅਨੁਸਾਰ ਸਿਰਜਣਾ ਕਰਦਾ ਹੈ। ਇਸ ਵਿਸ਼ੇ ਦੀ ਵਿਆਖਿਆ ਕਰਦਾ ਹੋਇਆ ਉਹ ਲਿਖਦਾ ਹੈ ਕਿ ਇਕ ਪਸ਼ੂ ਕਿਸੇ ਪਦਾਰਥ ਨੂੰ ਆਪਣੀ ਜ਼ਾਤੀ ਦੀਆਂ ਲੋੜਾਂ ਤੇ ਪੈਮਾਨਿਆਂ ਅਨੁਸਾਰ ਰੂਪ-ਆਕਾਰ ਦਿੰਦਾ ਹੈ ਜਦੋਂ ਕਿ ਮਨੁੱਖ ਕਿਸੇ ਵੀ ਜ਼ਾਤੀ ਦੇ ਪੈਮਾਨਿਆਂ ਅਨੁਸਾਰ ਸਿਰਜਣਾ ਕਰ ਸਕਦਾ ਹੈ।

ਕਾਰਲ ਮਾਰਕਸ ਅਤੇ ਐਂਗਲਜ਼ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਸਮਾਜਕ ਪੱਖਾਂ ਵਿਚੋਂ ਜਿਹੜੇ ਸਮਾਜਕ ਚੇਤਨਾ ਦੇ ਰੂਪਾਂ ਦੇ ਵਿਕਾਸ ਨੂੰ ਨਿਰਧਾਰਿਤ ਕਰਦੇ ਹਨ। ਉਦਪਾਤਨ ਦੇ ਜ਼ਰੀਏ ਸਭ ਤੋਂ ਪ੍ਰਮੁੱਖ ਹਨ। ਬੋਧ ਦੀ ਪ੍ਰਕ੍ਰਿਆ ਵਿਚ ਤਿੰਨ ਤੱਤ ਅੰਤਰ-ਕ੍ਰਿਆ ਰਚਾਉਂਦੇ ਹਨ :

(1) ਵਸਤੂ, ਜਿਸ ਦਾ ਬੋਧ ਕੀਤਾ ਜਾ ਰਿਹਾ ਹੈ;

(2) ਆਤਮ ਅਤੇ ਉਸ ਦੀ ਕ੍ਰਿਆ, ਜੋ ਬੋਧ ਕਰ ਰਿਹਾ ਹੈ ਅਤੇ ਜਿਸ ਮੰਤਵ ਲਈ ਕਰ ਰਿਹਾ ਹੈ;

(3) ਰੂਪ, ਜਿਸ ਤਰ੍ਹਾਂ ਅਤੇ ਜਿਸ ਰੂਪ ਰਾਹੀਂ ਬੋਧ ਹੋ ਰਿਹਾ ਹੈ। ਦੁਨੀਆਂ ਅਤੇ ਮਨੁੱਖ ਦੀ ਆਂਤਰਿਕ ਜ਼ਿੰਦਗੀ ਇਤਨੀ ਅਮੀਰ ਅਤੇ ਵਿਭਿੰਨ ਹੈ ਕਿ ਇਨ੍ਹਾਂ ਦੋਹਾਂ ਦੁਆਰਾ ਸਮਾਜਕ ਚੇਤਨਾ ਦੇ ਬਹੁਤ ਸਾਰੇ ਰੂਪ ਸਿਰਜੇ ਜਾ ਰਹੇ ਹਨ। ਦਰਸ਼ਨ, ਕਲਾ, ਨੀਤੀ-ਸ਼ਾਸਤ੍ਰ, ਧਰਮ, ਰਾਜਨੈਤਿਕ ਅਤੇ ਕਾਨੂੰਨੀ ਵਿਚਾਰਧਾਰਾ— ਕੁਝ ਅਜਿਹੇ ਰੂਪ ਹਨ ਜਿਹੜੇ ਜਗਤ ਦੇ ਬੋਧ ਅਤੇ ਪਹਿਚਾਣ ਦੁਆਰਾ ਹੋਂਦ ਵਿਚ ਆਏ ਹਨ।

ਸਮਾਜਕ ਚੇਤਨਾ ਦੇ ਇਨ੍ਹਾਂ ਸਾਰੇ ਰੂਪਾਂ ਵਿਚ ਕੁਝ ਸਮਾਨਤਾਵਾਂ ਵੀ ਹਨ :

ਪਹਿਲੀ, ਮਨੁੱਖ ਦੀ ਬੌਧਿਕ ਅਤੇ ਸਭਿਆਚਾਰਕ ਜ਼ਿੰਦਗੀ ਠੋਸ ਇਤਿਹਾਸਕ ਪਰਿਸਥਿਤੀਆਂ ਵਿਚੋਂ ਵਿਕਸਿਤ ਹੁੰਦੀ ਹੈ। ਸਮਾਜਕ ਪ੍ਰਾਣੀ, ਸਮਾਜਕ ਚੇਤਨਾ ਦੇ ਸਾਰੇ ਰੂਪਾਂ ਦਾ ਇਕ ਪਦਾਰਥਕ ਆਧਾਰ ਹੈ ਅਤੇ ਇਹ ਸਾਰੇ ਰੂਪ ਆਰਥਿਕ ਸਿਸਟਮ ਉੱਤੇ ਆਧਾਰਿਤ ਹਨ।

ਦੂਜੀ, ਸਮਾਜਕ ਚੇਤਨਾ ਦੇ ਇਹ ਸਾਰੇ ਰੂਪ ਕਿਸੇ ਹੱਦ ਤਕ ਖ਼ੁਦਮੁਖ਼ਤਿਆਰ ਵੀ ਹਨ। ਇਸ ਗੱਲ ਦੀ ਸਿੱਧੀ ਇਸ ਤੱਥ ਦੁਆਰਾ ਹੁੰਦੀ ਹੈ ਕਿ ਕਲਾ ਦੇ ਵਿਕਾਸ ਦੇ ਧਰਾਤਲ ਕਈ ਵਾਰ ਆਰਥਿਕ ਵਿਕਾਸ ਦੇ ਧਰਾਤਲਾਂ ਨਾਲੋਂ ਵੱਖਰੇ ਹੁੰਦੇ ਹਨ। ਸ਼ੈਕਸਪੀਅਰ ਦੇ ਯੁਗ ਵਿਚ ਇੰਗਲੈਂਡ ਆਰਥਿਕ ਤੌਰ ਤੇ ਕਾਫ਼ੀ ਪਛੜਿਆ ਹੋਇਆ ਦੇਸ ਸੀ। ਉਨ੍ਹੀਵੀਂ ਸਦਾ ਦਾ ਰੂਸ ਆਰਥਿਕ ਪਛੜੇਵੇਂ ਦੇ ਬਾਵਜੂਦ ਕਲਾ ਦੇ ਖੇਤਰ ਵਿਚ ਨਵੀਆਂ ਸਿਖਰਾਂ ਛੋਹ ਰਿਹਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜੀ, ਸਮਾਜਕ ਚੇਤਨਾ ਦੇ ਸਾਰੇ ਰੂਪ ਕੇਵਲ ਜੀਵਨ ਨੂੰ ਪ੍ਰਤੀਬਿੰਬਤ ਹੀ ਨਹੀਂ ਕਰਦੇ ਬਲਕਿ ਜੀਵਨ ਉੱਤੇ ਪ੍ਰਭਾਵ ਵੀ ਪਾਉਂਦੇ ਹਨ । ਅਤੇ ਆਖਰੀ, ਇਨ੍ਹਾਂ ਸਾਰੇ ਰੂਪਾਂ ਵਿਚ ਪਹਿਚਾਣ (Cognition) ਦੀ ਪ੍ਰਕ੍ਰਿਆ ਚਿਤਵਨ (Contemplation) ਤੋਂ ਸੋਚਣ ਅਤੇ ਸੋਚਣ ਤੋਂ ਕਰਮ ਤਕ ਪਹੁੰਚਦੀ ਹੈ ।

ਸਮਾਜਕ ਚੇਤਨਾ ਦੇ ਇਕ ਵਿਲੱਖਣ ਰੂਪ ਵਿਚ ਕਲਾ, ਪ੍ਰਾਕ੍ਰਿਤਕ ਜਗਤ ਅਤੇ ਮਨੁੱਖ ਦੇ ਸਮਾਜਕ ਰਿਸ਼ਤਿਆਂ ਵਿਚੋਂ ਪੈਦਾ ਹੁੰਦੀ ਹੈ । ਆਦਿ ਕਲਾ ਵਿਚ ਇਹ ਤੱਥ ਬੜੇ ਉਜਾਗਰ ਰੂਪ ਵਿਚ ਪ੍ਰਗਟ ਹੁੰਦਾ ਹੈ ਕਿਉਂਕਿ ਉਸ ਸਮੇਂ ਲੋਕ ਸਮਾਜਕ ਵਿਕਾਸ ਦੇ ਕਾਫ਼ੀ ਨੀਵੇਂ ਪੱਧਰ ਤੇ ਖੜੇ ਸਨ । ਸ਼ਿਕਾਰੀ ਕਬੀਲਿਆਂ ਦੀ ਕਲਾ ਵਿਚਲੇ ਬਿੰਬ ਪਸ਼ੂਆਂ ਦੇ ਜਗਤ ਨਾਲ ਸੰਬੰਧ ਰੱਖਦੇ ਹਨ । ਇਸ ਵਿਚ ਵੇਲ-ਬੂਟਿਆਂ ਨਾਲ ਸੰਬੰਧਿਤ ਮੋਟਿਫ਼ਾਂ ਦੀ ਅਣਹੋਂਦ ਹੈ ਕਿਉਂਕਿ ਅਜੇ ਇਹ ਲੋਕ ਖੇਤੀ ਬਾੜੀ ਦੇ ਹੁਨਰ ਤੋਂ ਅਣਜਾਣ ਸਨ । ਵਧੇਰੇ ਵਿਕਸਿਤ ਸਭਿਅਤਾਵਾਂ ਵਿਚ ਵੀ ਕਲਾ ਅਤੇ ਸਮਾਜਕ ਵਿਕਾਸ ਦੇ ਧਰਾਤਲਾਂ ਵਿਚ ਸੰਬੰਧ-ਸੂਤਰ ਦਿਖਾਈ ਦਿੰਦੇ ਹਨ । ਪਰ ਇਹ ਸੰਬੰਧ ਸਿਧ-ਪਧਰੇ ਨਹੀਂ ਹੁੰਦੇ । ਸਮਾਜਕ ਸੰਘਰਸ਼ ਇਨ੍ਹਾਂ ਨੂੰ ਕਾਫ਼ੀ ਜਟਿਲ ਬਣਾ ਦਿੰਦਾ ਹੈ । ਇਸ ਤੋਂ ਬਿਨਾਂ ਕਲਾ ਦਰਸ਼ਨ, ਨੀਤੀ ਸ਼ਾਸਤਰ, ਰਾਜਨੀਤੀ, ਧਰਮ ਅਤੇ ਸਮਾਜਕ ਚੇਤਨਾ ਦੇ ਹੋਰ ਰੂਪਾਂ ਤੋਂ ਬਿਨਾਂ ਪੂਰਵ ਵਿਕਸਿਤ ਪਰੰਪਰਾ ਤੋਂ ਵੀ ਪ੍ਰਭਾਵਿਤ ਹੁੰਦੀ ਹੈ ।

ਮਨੁੱਖੀ ਜੀਵਨ ਦੀ ਕੋਈ ਘਟਨਾ ਜਿਤਨੀ ਵੀ ਵੱਧ ਗੁੰਝਲਦਾਰ ਅਤੇ ਮਹੱਤਵਪੂਰਨ ਹੋਵੇਗੀ, ਉਤਨੀ ਹੀ ਇਹ ਸੁੰਦਰਤਾ ਦੁਆਰਾ ਵਧੇਰੇ ਡੂੰਘੀ ਤਰ੍ਹਾਂ ਵਿੰਨ੍ਹੀ ਜਾਵੇਗੀ। ਆਪਣੀਆਂ ਸਿਰਜਣਾਤਮਕ ਕੋਸ਼ਿਸ਼ਾਂ ਵਿਚ ਮਨੁੱਖ ਜਿਤਨਾ ਉਪਰ ਉੱਠਦਾ ਜਾਵੇਗਾ, ਉਤਨੀ ਹੀ ਇਨ੍ਹਾਂ ਕੋਸ਼ਿਸ਼ਾਂ ਵਿਚ ਸੁੰਦਰਤਾ ਦੇ ਨਿਯਮਾਂ ਦੀ ਭੂਮਿਕਾ ਵਧਦੀ ਚਲੀ ਜਾਵੇਗੀ । ਉਸ ਦੀ ਸਿਰਜਣਾ ਦੇ ਸਿੱਟੇ ਜਿਤਨੇ ਸੰਪੂਰਨ ਹੋਣਗੇ, ਉਤਨੀ ਹੀ ਉਸ ਦੀ ਸਿਰਜਣਾ ਸੁੰਦਰ ਹੋਵੇਗੀ । ਸੁੰਦਰਤਾ ਸੰਬੰਧੀ ਮਨੁੱਖ ਦੀਆਂ ਧਾਰਣਾਵਾਂ ਸਮਾਜਕ ਜੀਵਨ ਦੇ ਸਮੁੱਚੇ ਵਿਕਾਸ ਅਤੇ ਮਨੁੱਖਾਂ ਦੀ ਜੀਵਨ ਜਾਚ ਦੁਆਰਾ ਬਣਦੀਆਂ ਵਿਗਸਦੀਆਂ ਹਨ । ਇਸੇ ਤਰ੍ਹਾਂ ਇਤਿਹਾਸਕ ਪਰਿਸਥਿਤੀਆਂ, ਸਮਾਜ ਦੀ ਵਰਗ-ਸੰਰਚਨਾ ਅਤੇ ਰਾਸ਼ਟਰੀ ਪਰੰਪਰਾਵਾਂ ਵੀ ਸੁਹਜ-ਸੰਕਲਪ ਦੇ ਵਿਕਸਿਤ ਹੋਣ ਵਿਚ ਨਿਰਣੈਕਾਰੀ ਭੂਮਿਕਾ ਨਿਭਾਉਂਦੀਆਂ ਹਨ ।

ਸੁਹਜ ਸੰਕਲਪ ਦੀ ਇਤਿਹਾਸਕ ਪ੍ਰਕ੍ਰਿਰਤੀ ਕਲਾ ਵਿਚ ਸਭ ਤੋਂ ਸਪੱਸ਼ਟ ਰੂਪ ਵਿਚ ਪ੍ਰਗਟ ਹੁੰਦੀ ਹੈ । ਆਦਿ ਕਬੀਲਿਆਂ ਦੀ ਕਲਾ ਦੇ ਵਿਸ਼ਲੇਸ਼ਣ ਵਿਚ ਨਿਪੁਣ ਸਮੀਖਿਆਕਾਰਾਂ ਨੇ ਦਰਸਾਇਆ ਹੈ ਕਿ ਸਮੇਂ ਤੇ ਸਥਾਨ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਨਾਲੋਂ ਬਹੁਤ ਦੂਰ ਰਹਿਣ ਵਾਲੇ ਲੋਕਾਂ ਵਿਚ ਸੁਹਜ ਦੇ ਸਮਾਨ ਸੰਕਲਪ ਵਿਕਸਿਤ ਹੋਏ ਕਿਉਂਕਿ ਉਹ ਜੀਵਨ ਵਿਚ ਸਮਾਨ ਸਥਿਤੀਆਂ ਭੋਗ ਰਹੇ ਸਨ ਅਤੇ ਇਸੇ ਲਈ ਉਹ ਲਗਪਗ ਇਕੋ ਜਿਹੇ ਸਭਿਆਚਾਰਕ ਧਰਾਤਲ ਉਤੇ ਪਹੁੰਚੇ । ਪੁਰਾਤਨ ਯੂਨਾਨੀ ਲੋਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਜੀਵਨ ਇਕ ਸੁਰਤਾਲ ਵਿਚ ਬੱਝਾ ਹੋਇਆ ਸੀ ਅਤੇ ਇਸੇ ਲਈ ਉਨ੍ਹਾਂ ਨੇ ਇਸ ਨੂੰ ਸੁੰਦਰ ਕਿਹਾ। ਯੂਨਾਨੀ ਸੁਹਜ-ਸ਼ਾਸਤ੍ਰੀਆਂ ਲਈ ਸੁੰਦਰਤਾ ਅਤੇ ਸੁਰਤਾਲ ਇਕ ਦੂਜੇ ਤੋਂ 'ਅਨਿੱਖੜ' ਸਨ। ਮਧਯੁਗ ਵਿਚ ਭਵਿਤਾ (Sublimity) ਦੇ ਸੰਕਲਪ ਨੇ ਪ੍ਰਮੁੱਖ ਮਹੱਤਵ ਪ੍ਰਾਪਤ ਕਰ ਲਿਆ ਅਤੇ ਸੁੰਦਰਤਾ ਦੂਜੇ ਸਥਾਨ ਤੇ ਰਹਿ ਗਈ। ਇਸ ਯੁਗ ਦੀ ਕਲਾ ਵਿਚ ਮਨੁੱਖੀ ਸਰੀਰ ਦੀ ਸੁੰਦਰਤਾ ਦੀ ਬਜਾਇ ਅਧਿਆਤਮਕ ਅਤੇ ਦੈਵੀ ਸੱਚ ਨੂੰ ਨਿਰੂਪਿਤ ਕੀਤਾ ਗਿਆ। ਪੁਨਰ-ਜਾਗ੍ਰਿਤੀ ਕਾਲ ਵਿਚ ਮਨੁੱਖੀ ਅਸਤਿਤਵ ਫਿਰ ਤੋਂ ਸੁਹਜ-ਸ਼ਾਸਤ੍ਰ ਦੇ ਕੇਂਦਰ ਵਿਚ ਆ ਗਿਆ ਅਤੇ ਇਸ ਯੁਗ ਦੀ ਕਲਾ ਵਿਚ ਧਰਤੀ ਦੀ ਠੋਸ ਸੁੰਦਰਤਾ ਨੂੰ ਉਜਾਗਰ ਕੀਤਾ ਗਿਆ। ਇਸ ਕਾਲ ਵਿਚ ਮਨੁੱਖ ਆਪਣੇ ਸਮੁੱਚੇ ਆਤਮਿਕ ਗੁਣਾਂ ਅਤੇ ਸਰੀਰਕ ਸੰਪੂਰਨਤਾ ਦੁਆਰਾ ਸੁੰਦਰਤਾ ਦੇ ਪ੍ਰਤੀਮਾਨ ਵਜੋਂ ਪ੍ਰਗਟ ਹੁੰਦਾ ਹੈ। ਕਲਾਸਿਕੀ ਯੁਗ ਵਿਚ ਸੁੰਦਰਤਾ ਦਾ ਵਿਵੇਕਸ਼ੀਲ ਵਿਚਾਰ ਪ੍ਰਸਤੁਤ ਕੀਤਾ ਗਿਆ। ਸਿਰਫ਼ ਉਸੇ ਨੂੰ ਸੁੰਦਰ ਮੰਨਿਆ ਗਿਆ ਜੋ ਵਿਵੇਕਮਈ ਸੀ। ਸੁੰਦਰਤਾ ਦਾ ਰੋਮਾਂਟਿਕ ਸੰਕਲਪ ਉਸੇ ਨੂੰ ਸੁੰਦਰ ਮੰਨਦਾ ਸੀ ਜਿਸ ਦਾ ਸੰਬੰਧ ਦੈਵੀ ਜਾਂ ਆਦਰਸ਼ਕ ਯਥਾਰਥ ਨਾਲ ਜੁੜਿਆ ਹੋਇਆ ਸੀ। ਯਥਾਰਥਵਾਦੀ ਕਲਾ ਵਿਚ ਸੁੰਦਰਤਾ ਦਾ ਖੇਤਰ ਕਾਫ਼ੀ ਫੈਲ ਗਿਆ। ਇਸ ਸੰਕਲਪ ਦੁਆਰਾ ਜੀਵਨ ਦੀ ਸੁਹਜਾਤਮਕ ਅਮੀਰੀ ਨੂੰ ਸਮਝਣ ਵਿਚ ਬੜੀ ਵਿਆਪਕ ਮੱਦਦ ਮਿਲੀ। ਇਸ ਕਲਾ ਨੇ ਸੁਹਜ ਦੇ ਨਵੇਂ ਪ੍ਰਤੀਮਾਨ ਸਿਰਜੇ। ਵਾਸਤਵਿਕ ਜਗਤ ਉਪਰ ਆਪਣਾ ਧਿਆਨ ਸੁਚੇਤ ਰੂਪ ਕੇਂਦ੍ਰਿਤ ਕਰਕੇ ਯਥਾਰਥਵਾਦੀ ਕਲਾਕਾਰਾਂ ਨੇ ਸੁੰਦਰਤਾ ਦੇ ਉਸ ਸੰਕਲਪ ਨੂੰ ਪੇਸ਼ ਕੀਤਾ ਜੋ ਗਤੀਸ਼ੀਲ ਜੀਵਨ ਦੀ ਮੁਕੰਮਲ ਅਤੇ ਭਰੀ-ਪੂਰੀ ਤਸਵੀਰ ਪੇਸ਼ ਕਰਦਾ ਸੀ।

ਮਾਰਕਸਵਾਦੀ ਸੁਹਜ-ਸ਼ਾਸਤ੍ਰ ਨੇ ਸੁੰਦਰਤਾ ਦੀ ਇਕ ਸੁਹਜ-ਮੁੱਲ ਵਜੋਂ ਵਿਗਿਆਨਕ ਵਿਆਖਿਆ ਪੇਸ਼ ਕੀਤੀ ਹੈ। ਆਤਮਮੁਖ ਆਦਰਸ਼ਵਾਦੀ, ਜੋ ਸੁਹਜ-ਮੁੱਲਾਂ ਦੀ ਵਸਤੂਗਤ ਪ੍ਰਕਿਰਤੀ ਨੂੰ ਅਸਵੀਕਾਰ ਕਰਦੇ ਹਨ ਅਤੇ ਵਸਤੂਮੁਖ ਆਦਰਸ਼ਵਾਦੀ, ਜੋ ਸੁਹਜ-ਮੁੱਲਾਂ ਦੀ ਵਸਤੂਮੁਖ ਪ੍ਰਕਿਰਤੀ ਨੂੰ ਅਧਿਆਤਮਕ ਯਥਾਰਥ ਨਾਲ ਸੰਬੰਧਿਤ ਕਰਦੇ ਹਨ— ਦੀ ਤੁਲਣਾ ਵਿਚ ਮਾਰਕਸਵਾਦੀ ਸੁਹਜ-ਸ਼ਾਸਤ੍ਰ ਸੁੰਦਰਤਾ ਦੀ ਵਸਤੂਮੁਖ ਪ੍ਰਕਿਰਤੀ ਨੂੰ ਸੁਦ੍ਰਿੜ੍ਹ ਬਣਾਉਂਦਾ ਹੈ। ਇਹ ਸੁਹਜ-ਸ਼ਾਸਤ੍ਰ ਆਪਣਾ ਵਿਵੇਚਨ ਇਸ ਧਾਰਣਾ ਤੋਂ ਸ਼ੁਰੂ ਕਰਦਾ ਹੈ ਕਿ ਸੁੰਦਰਤਾ ਦਾ ਸੰਕਲਪ ਵਿਅਕਤੀ ਦੇ ਸਮਾਜਕ-ਇਤਿਹਾਸਕ ਅਨੁਭਵ ਵਿਚੋਂ ਪੈਦਾ ਹੁੰਦਾ ਹੈ ਅਤੇ ਵਿਅਕਤੀ ਦਾ ਪ੍ਰਾਕਿਰਤਿਕ ਤੇ ਭੂਗੋਲਿਕ ਪਰਿਵੇਸ਼ ਵੀ ਉਸ ਦੇ ਸੁੰਦਰਤਾ ਦੇ ਸੰਕਲਪ ਉਪਰ ਪ੍ਰਭਾਵ ਪਾਉਂਦਾ ਹੈ। ਮਾਰਕਸ ਨੇ ਲਿਖਿਆ ਹੈ ਕਿ ਸਮਾਜਕ ਇਤਿਹਾਸਕ ਅਨੁਭਵ ਨੇ ਮਨੁੱਖੀ ਕੰਨਾਂ ਨੂੰ ਸੰਗੀਤ ਦਾ ਆਨੰਦ ਲੈਣ ਅਤੇ ਅੱਖਾਂ ਨੂੰ ਰੂਪ ਦੀ ਸੁੰਦਰਤਾ ਗ੍ਰਹਿਣ ਕਰਨ ਦੀ ਕਲਾ ਸਿਖਾਈ ਹੈ।

ਕਲਾ, ਸਭਿਆਚਾਰ ਤੇ ਸੁਹਜ ਸ਼ਾਸਤ੍ਰ

ਭਾਵੇਂ ਕਲਾ ਤੇ ਸਭਿਆਚਾਰ ਦੇ ਅਟੁੱਟ ਸੰਬੰਧਾਂ ਬਾਰੇ ਕਾਫ਼ੀ ਕਿਹਾ ਜਾ ਚੁੱਕਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਅਜੇ ਤਕ ਕਲਾ ਦੀ ਢੁੱਕਵੀਂ ਸਮਾਜਕ ਥਿਊਰੀ ਵਿਕਸਿਤ ਨਹੀਂ ਹੋ ਸਕੀ। ਸਮਾਜ ਸਭਿਆਚਾਰ ਵਿਗਿਆਨੀ ਕਲਾ ਦੀ ਵਿਆਖਿਆ, ਵੱਖ-ਵੱਖ ਸਮਾਜਾਂ ਵਿਚ ਉਨ੍ਹਾਂ ਦੇ ਮੁੱਲ ਤੇ ਮਹੱਤਵ ਦੇ ਆਧਾਰ ਤੇ ਕਰਦੇ ਰਹੇ ਹਨ। ਇਨ੍ਹਾਂ ਵਿਗਿਆਨੀਆਂ ਲਈ ਸਭਿਆਚਾਰਕ ਪੂਰਵਾਗ੍ਰਹਿ ਜਾਂ ਉਲਾਰ (Cultural bias) ਇਕ ਵੱਡੀ ਸਮੱਸਿਆ ਬਣੇ ਰਹੇ ਹਨ ਅਤੇ ਇਹ ਸਮੱਸਿਆ ਕਲਾ ਦੇ ਖੇਤਰ ਵਿਚ ਹੋਰ ਵੀ ਪੇਚੀਦਗੀਆਂ ਪੈਦਾ ਕਰ ਦਿੰਦੀ ਹੈ। ਸਭਿਆਚਾਰ-ਵਿਗਿਆਨੀਆਂ ਲਈ ਕਲਾ ਤੇ ਸਭਿਆਚਾਰ ਵਿਚਲੇ ਰਿਸ਼ਤੇ ਦੀ ਪ੍ਰਕਿਰਤੀ ਇਕ ਮੁੱਖ ਵਿਸ਼ਾ ਬਣਿਆ ਰਿਹਾ ਹੈ। ਕੀ ਸਾਰੇ ਸਭਿਆਚਾਰ ਵਿਚ ਕਲਾ ਹੈ? ਕਿਸੇ ਸਭਿਆਚਾਰ ਵਿਚ ਕਲਾ ਜੀਵਨ-ਸ਼ੈਲੀ ਨੂੰ ਕਿਵੇਂ ਅਤੇ ਕਿਥੋਂ ਤਕ ਪ੍ਰਭਾਵਿਤ ਕਰਦੀ ਹੈ? ਕਲਾ ਦੀ ਅਜਿਹੀ ਭੂਮਿਕਾ ਇਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਤਕ ਕਿਵੇਂ ਵਿਭਿੰਨ ਹੈ? ਇਹ ਕਿਥੋਂ ਤਕ ਸਮਾਨ ਹੈ?—ਇਹ ਕੁਝ ਇਹੋ ਜਿਹੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਢੂੰਡੇ ਤੋਂ ਬਿਨਾਂ ਕਲਾ ਤੇ ਸਭਿਆਚਾਰ ਦੇ ਸੰਬੰਧਾਂ ਨੂੰ ਠੀਕ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ।

ਆਪਣੇ ਸਭਿਆਚਾਰਾਂ ਤੋਂ ਬਿਨਾ ਦੂਜੇ ਸਭਿਆਚਾਰਾਂ ਬਾਰੇ ਸਤਹੀ ਜਿਹੀ ਜਾਣਕਾਰੀ ਰੱਖਣ ਵਾਲੇ ਵਿਅਕਤੀ ਨੂੰ ਵੀ ਪਤਾ ਹੈ ਕਿ ਵੱਖਰੇ-ਵੱਖਰੇ ਮਨੁੱਖੀ ਸਮਾਜਾਂ ਵਿਚ ਕਲਾ, ਕਲਾਕਾਰਾਂ ਅਤੇ ਸਰੋਤਿਆਂ/ਪ੍ਰਸੰਸਕਾਂ ਨੂੰ ਦਿੱਤਾ ਜਾਣ ਵਾਲਾ ਮਹੱਤਵ ਵੱਖਰਾ-ਵੱਖਰਾ ਹੈ। ਹਰ ਵਿਅਕਤੀ ਵਿਚ ਵੀ ਕਲਾ ਕਿਰਤਾਂ ਨੂੰ ਸਮਝਣ ਅਤੇ ਇਨ੍ਹਾਂ ਦੀ ਪ੍ਰਸੰਸਾ ਕਰਨ ਦੀ ਸਮਰੱਥਾ ਵੱਖਰੀ-ਵੱਖਰੀ ਹੈ ਅਤੇ ਇਹ ਇਕ ਸਾਂਝੇ ਅਨੁਭਵ ਦੀ ਪੈਦਾਵਾਰ ਹੈ। ਕਲਾ ਦੀ ਸਮਝ, ਕਿਸੇ ਸਭਿਆਚਾਰ ਦੇ ਸਮੁੱਚੇ ਪ੍ਰਤੀਕ-ਸਿਸਟਮ ਦੀ ਸਮਝ ਵਿਚੋਂ ਹੀ ਵਿਕਸਿਤ ਹੋ ਸਕਦੀ ਹੈ। ਇਸ ਤਰ੍ਹਾਂ ਸਾਡਾ ਸਭਿਆਚਾਰਕ ਪਰਿਵੇਸ਼, ਕਲਾ ਪ੍ਰਤੀ ਸਾਡੀ ਸੰਵੇਦਨਾ ਦਾ ਰੂਪ ਨਿਰਧਾਰਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਇਸ ਤਰ੍ਹਾਂ ਕਲਾ ਨੂੰ ਸਭਿਆਚਾਰ ਤੋਂ ਨਖੇੜਿਆ ਨਹੀਂ ਜਾ ਸਕਦਾ। ਪਰ ਵਿਡੰਬਨਾ ਇਹ ਹੈ ਕਲਾਤਮਕ-ਪ੍ਰਕਿਰਿਆ ਦੇ ਪਰਿਣਾਮ ਅਰਥਾਤ ਕਿਸੇ ਕਲਾ ਕਿਰਤ ਨੂੰ ਸਭਿਆਚਾਰਕ ਸੰਦਰਭਾਂ ਤੋਂ ਹਟਾ ਕੇ/ਤੋੜ ਕੇ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ/ਜਾ ਸਕਦਾ ਹੈ। ਕਲਾ ਦੇ ਅਧਿਐਨ ਸਮੇਂ ਪੇਸ਼ ਆਉਣ ਵਾਲੀ ਇਕ ਹੋਰ ਮੁਸ਼ਕਿਲ ਇਹ ਹੈ ਕਿ ਦ੍ਰਿਸ਼ ਜਾਂ ਸ੍ਰਵਣੀ ਰੂਪ ਵਿਚ ਅਭਿਵਿਅਕਤ ਹੋਏ ਅਨੁਭਵਾਂ ਨੂੰ ਅਧਿਐਨ ਸਮੇਂ ਭਾਸ਼ਾ ਦਾ ਜਾਮਾ ਪਹਿਨਾਉਣਾ ਪੈਂਦਾ ਹੈ ਅਤੇ ਸ਼ਬਦ ਅਕਸਰ ਹੀ ਮੂਲ ਅਭਿਵਿਅਕਤੀ ਦੀ ਬਰਾਬਰੀ ਨਹੀਂ ਕਰ ਪਾਉਂਦੇ। ਕਲਾ ਕਿਸੇ ਸਭਿਆਚਾਰ ਦਾ ਮੁੱਢਲਾ ਦਸਤਾਵੇਜ਼ ਹੁੰਦੀ ਹੈ। ਇਹ ਕਲਾ-ਸਮੁੱਚ ਨੂੰ ਪੇਸ਼ ਕਰਦੀ ਹੈ ਅਤੇ ਇਸ ਦੇ ਕਿਸੇ ਅੰਸ਼ ਮੰਤਰ ਨਾਲ ਹੀ ਸੰਬੰਧਿਤ ਨਹੀਂ ਹੁੰਦੀ।

ਸਭਿਆਚਾਰ ਅਤੇ ਕਲਾ ਦੇ ਅਧਿਐਨ ਵਾਸਤੇ ਅਰਥ-ਸੰਚਾਰ ਦੀ ਸਮੱਸਿਆ ਵੀ ਇਕ ਕੇਂਦਰੀ ਭੂਮਿਕਾ ਨਿਭਾਉਂਦੀ ਹੈ। ਸਾਰੇ ਮਨੁੱਖ ਆਪਣੇ ਸਮੇਂ ਤੇ ਸਥਾਨ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰਜਣਾ ਹਨ । ਇਕ ਸਭਿਆਚਾਰ ਵਿਗਿਆਨੀ ਲਈ ਇਹ ਜ਼ਰੂਰੀ ਹੈ ਕਿ ਉਹ ਅਪਰਿਚਿਤ ਕਲਾਵਾਂ ਦੀ ਵਿਆਖਿਆ ਲਈ ਆਪਣੇ ਸਭਿਆਚਾਰ ਵਿਚ ਪ੍ਰਚਲਿਤ ਸੰਕਲਪਾਂ ਦਾ ਪ੍ਰਯੋਗ ਕਰਨ ਦੇ ਮੋਹ ਤੋਂ ਬਚੇ । ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਬੁਤਸਾਜ਼ੀ, ਮੁਖੌਟਾ-ਕਲਾ ਅਤੇ ਚਿੱਤਰ ਕਲਾ ਸੰਬੰਧੀ ਸਾਡੀਆਂ ਧਾਰਨਾਵਾਂ, ਦੂਜੇ ਸਭਿਆਚਾਰਾਂ ਵਿਚ ਵਿਕਸਿਤ ਧਾਰਨਾਵਾਂ ਤੋਂ ਕਾਫ਼ੀ ਵੱਖਰੀਆਂ ਹਨ । ਭਾਵੇਂ ਇਹ ਸਾਡੇ ਲਈ ਬਹੁਤ ਉਪਯੋਗੀ ਹਨ ਪਰ ਇਹ ਕਿਸੇ ਵੱਖਰੇ ਸਭਿਆਚਾਰਕ ਸੰਦਰਭ ਦੀ ਵਿਆਖਿਆ ਲਈ ਬਹੁਤੀਆਂ ਉਪਯੋਗੀ ਸਿੱਧ ਨਹੀਂ ਹੁੰਦੀਆਂ ।

ਤਾਂ ਵੀ ਪੱਛਮੀ ਲੋਕਾਂ ਲਈ ਆਦਿਕਾਲੀਨ ਕਲਾਵਾਂ, ਆਕ੍ਰਸ਼ਣ ਦਾ ਕੇਂਦਰ ਬਿੰਦੂ ਬਣੀਆਂ ਰਹੀਆਂ ਹਨ । ਪਿਛਲੀਆਂ ਕਈ ਸਦੀਆਂ ਤੋਂ ਆਦਿ ਕਲਾ ਨਾਲ ਸੰਬੰਧਿਤ ਵਸਤਾਂ ਦੀ ਪ੍ਰਾਪਤੀ ਇਕ ਸਟੇਟਸ-ਸਿੰਬਲ ਬਣੀ ਹੋਈ ਹੈ । ਬੇਸ਼ੱਕ ਇਹ ਵਸਤਾਂ ਆਪਣੇ ਸੁਹਜ-ਮੁੱਲ ਦੀ ਬਜਾਇ ਆਪਣੇ ਅਜਨਬੀ ਹੋਣ ਕਾਰਨ ਵਧੇਰੇ ਖਿੱਚ ਰੱਖਦੀਆਂ ਸਨ । ਪਰ ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਫਰਾਂਸ ਦੇ ਕੁਝ ਚਿੱਤਰਕਾਰਾਂ ਅਤੇ ਬੁੱਤਕਾਰਾਂ ਨੂੰ ਅਫ਼ਰੀਕਾ ਦੇ ਮੁਖੌਟਿਆਂ ਅਤੇ ਤਰਾਸ਼ੀਆਂ ਹੋਈਆਂ ਆਕ੍ਰਿਤੀਆਂ ਨੇ ਵਿਸ਼ੇਸ਼ ਰੂਪ ਵਿਚ ਆਕ੍ਰਸ਼ਿਤ ਕੀਤਾ । ਤਾਂ ਵੀ ਇਨ੍ਹਾਂ ਕਲਾ-ਕਿਰਤਾਂ ਦੇ ਪ੍ਰਤੀਕਮਈ ਲੱਛਣ, ਕਿਸੇ ਹੱਦ ਤੱਕ ਛਿਪੇ ਹੀ ਰਹੇ । ਇਹ ਪ੍ਰਤੀਕਮਈ ਲੱਛਣ ਕਿਸੇ ਸਭਿਆਚਾਰ ਵਿਸ਼ੇਸ਼ ਦੀ ਹੀ ਦੇਣ ਹੁੰਦੇ ਹਨ ਅਤੇ ਕੋਈ ਦੂਜਾ ਸਭਿਆਚਾਰ ਇਨ੍ਹਾਂ ਲੱਛਣਾਂ ਦੇ ਪ੍ਰਯੋਜਨ ਤੇ ਮਹੱਤਵ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਪਾਉਂਦਾ । ਇੱਥੋਂ ਤੱਕ ਕਿ ਜਦੋਂ ਕਈ ਵਾਰ ਇਕ ਹੀ ਮੋਟਿਫ਼ ਬਹੁਤ ਸਾਰੇ ਸਭਿਆਚਾਰਾਂ ਵਿਚ ਪ੍ਰਗਟ ਹੁੰਦਾ ਹੈ ਤਾਂ ਵੀ ਇਸ ਨਾਲ ਵੱਖਰੇ-ਵੱਖਰੇ ਭਾਵ ਜੁੜੇ ਹੁੰਦੇ ਹਨ । 'ਸਵਾਸਤਿਕ-ਮੋਟਿਫ਼' ਬਹੁਤ ਸਾਰੇ ਸਭਿਆਚਾਰਾਂ ਵਿਚ ਵੇਖਿਆ ਗਿਆ ਹੈ—ਪਰੰਤੂ ਭਾਰਤ, ਰੋਮ, ਚੀਨ ਅਤੇ ਜਰਮਨੀ ਆਦਿ ਦੇਸ਼ਾਂ ਵਿਚ ਇਸ ਦਾ ਮੁੱਲ ਅਤੇ ਮਹੱਤਵ ਵੱਖਰਾ-ਵੱਖਰਾ ਹੈ ।

ਪਿਛਲੇ ਕੁਝ ਸਮੇਂ ਤੋਂ ਆਦਿ ਕਲਾ ਨੇ ਸਭਿਆਚਾਰ ਵਿਗਿਆਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੋਇਆ ਹੈ ਪਰ ਨ੍ਰਿਤ, ਸੰਗੀਤ, ਲੋਕਯਾਨ, ਨਾਟਕ ਅਤੇ ਚਿੱਤਰ-ਆਦਿਕ ਕਲਾਵਾਂ ਵਲ ਕਾਫ਼ੀ ਘੱਟ ਧਿਆਨ ਦਿੱਤਾ ਗਿਆ ਹੈ । ਹੁਣ ਐਥਨੋਮਿਊਜ਼ੀ-ਕਾਲੋਜੀ, ਐਥਨੋਡਾਂਸ ਅਤੇ ਲੋਕਯਾਨਿਕ ਅਧਿਐਨ ਨੇ ਇਸ ਖੇਤਰ ਵਿਚ ਧਿਆਨ ਦੇਣਾ ਸ਼ੁਰੂ ਕੀਤਾ ਹੈ ਅਤੇ ਪੱਛਮੀ ਵਿਦਵਾਨ ਗੈਰ ਪੱਛਮੀ ਸ੍ਰੋਤਾਂ ਵਲ ਰੁਚਿਤ ਹੋਣ ਲੱਗੇ ਹਨ । ਗੈਰ-ਪੱਛਮੀ ਸਮਾਜਾਂ ਵਿਚ ਵਿਕਸਿਤ ਕਲਾਵਾਂ ਦਾ ਤੁਲਨਾਤਮਕ ਅਧਿਐਨ ਵੀ ਕੀਤਾ ਜਾਣ ਲੱਗਾ ਹੈ ਅਤੇ ਇਸ ਤਰ੍ਹਾਂ ਸੁਹਜ-ਸ਼ਾਸਤ੍ਰ ਦੀ ਪਰੰਪਰਾ ਨੂੰ ਸਭਿਆਚਾਰ ਨਾਲ ਜੋੜ ਕੇ ਵੇਖਣ ਦੀ ਰੁਚੀ ਵੱਧ ਰਹੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਸੰਹਾਰ

(1) ਕਲਾ ਵਿਸ਼ਵ-ਵਿਆਪੀ ਹੈ। ਇਹ ਹਰ ਸਭਿਆਚਾਰ ਵਿਚ ਹਰ ਸਮੇਂ, ਮੌਜੂਦ ਰਹੀ ਹੈ ਅਤੇ ਮੌਜੂਦ ਹੈ। ਸਭਿਆਚਾਰ ਵਿਗਿਆਨੀ ਕਲਾ ਨੂੰ ਸਭਿਆਚਾਰ ਨਾਲ ਜੋੜ ਕੇ ਵੇਖਣ ਵਿਚ ਦਿਲਚਸਪੀ ਲੈਂਦੇ ਹਨ। ਸਭਿਆਚਾਰ ਦੇ ਹੋਰ ਸਾਰੇ ਪਹਿਲੂਆਂ ਨਾਲੋਂ, ਕਲਾ ਇਸ ਲਈ ਵੀ ਅਦੁੱਤੀ ਹੈ ਕਿ ਇਸ ਨੂੰ ਸਭਿਆਚਾਰਕ ਸੰਦਰਭਾਂ ਨਾਲੋਂ ਨਖੇੜਿਆ ਜਾ ਸਕਦਾ ਹੈ। ਇਹ ਸਭਿਆਚਾਰ ਦੇ ਹੋਰ ਪੱਖਾਂ ਨਾਲੋਂ ਵਧੇਰੇ ਸੁਤੰਤਰ ਹੈ।

(2) ਗ਼ੈਰ-ਪੱਛਮੀ ਮੁਲਕਾਂ ਦੀਆਂ ਚੁੱਕੀਆਂ/ਨਖੇੜੀਆਂ ਜਾ ਸਕਣ ਵਾਲੀਆਂ ਕਲਾ ਕਿਰਤਾਂ ਨੂੰ ਪਹਿਲੇ ਪਹਿਲ ਉਤਸੁਕਤਾਵਸ ਇਕੱਤਰ ਕੀਤਾ ਗਿਆ ਸੀ। ਉਨ੍ਹੀਵੀਂ ਸਦੀ ਵਿਚ, ਆਦਿ ਕਲਾਵਾਂ ਜਿਵੇਂ ਕਿ ਸੰਗੀਤ ਅਤੇ ਮੌਖਿਕ ਸਾਹਿਤ ਨੂੰ ਲੱਭਿਆ ਗਿਆ ਅਤੇ ਇਨ੍ਹਾਂ ਨੂੰ ਇਕ ਕੁਦਰਤੀ, ਪੂਰਵ-ਉਦਯੋਗਿਕ ਅਤੇ ਸ਼ੁੱਧ ਦੁਨੀਆਂ ਦੇ ਪ੍ਰਤੀਕਾਂ ਵਜੋਂ ਪ੍ਰਤਿਸ਼ਠਿਤ ਕੀਤਾ ਗਿਆ। ਉਨ੍ਹੀਵੀਂ ਸਦੀ ਦੇ ਅੰਤ ਵਿਚ ਫਰਾਂਸ ਦੇ ਅਵਾਂਗਾਰਦ ਚਿੱਤਰਕਾਰਾਂ ਅਤੇ ਕਲਾਕਾਰਾਂ ਵੱਲੋਂ ਅਜਿਹੀਆਂ ਕਲਾ ਕਿਰਤਾਂ ਦਾ ਪ੍ਰਯੋਗ ਕੀਤਾ ਗਿਆ ਅਤੇ ਇਨ੍ਹਾਂ ਨੇ ਆਧੁਨਿਕ ਕਲਾ ਦਾ ਮੁੱਢ ਬੰਨ੍ਹਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ।

(3) ਇਕ ਸੰਚਾਰ-ਮਾਧਿਅਮ ਦੇ ਰੂਪ ਵਿਚ ਕਲਾ ਮਹੱਤਵਪੂਰਨ ਹੈ ਪਰ ਇਸ ਵਿਚ ਨਿਰੂਪਿਤ ਸੰਦੇਸ਼ ਦਾ ਸਹੀ ਅਰਥਬੋਧ ਪ੍ਰਾਪਤ ਕਰਨ ਲਈ ਸਾਨੂੰ ਇਸ ਦਾ ਸਭਿਆ-ਚਾਰਕ ਸੰਦਰਭ ਵਿਚ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ।

(4) ਕਲਾਵਾਂ ਕੇਵਲ ਵਿਸ਼ਵਵਿਆਪੀ ਹੀ ਨਹੀਂ ਬਲਕਿ ਇਹ ਬਹੁਵਿਮਾਵੀ (Multi-Dimensional) ਵੀ ਹਨ। ਕਈ ਵਾਰ ਇਕ ਕਲਾ ਰੂਪ, ਕਿਸੇ ਹੋਰ ਕਲਾ ਰੂਪ ਦੇ ਪ੍ਰਭਾਵ ਨੂੰ ਤਿੱਖਾ ਕਰਨ ਲਈ ਸਹਿਯੋਗੀ ਦੇ ਰੂਪ ਵਿਚ ਵੀ ਵਰਤਿਆ ਜਾਂਦਾ ਹੈ। ਹਰ ਥਾਂ ਮਨੁੱਖੀ ਇੰਦਰਿਆਵੀ ਪ੍ਰਤੱਖਣ, ਪ੍ਰਤਿਭਾਸ਼ੀਲ ਵਿਅਕਤੀਆਂ ਵੱਲੋਂ ਸਿਰਜੇ ਕਲਾ ਰੂਪਾਂ ਨਾਲ ਅੰਤਰ-ਕ੍ਰਿਆ ਰਚਾਉਂਦਾ ਹੈ ਅਤੇ ਇਸ ਪ੍ਰਤੱਖਣ ਵਿਚ ਸਭਿਆਚਾਰ ਦੁਆਰਾ ਸਿਰਜੇ ਸੁਹਜ ਮੁੱਲ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ।

(5) ਸੁਹਜ-ਮੁੱਲਾ (Aesthetic Categories) ਨੂੰ ਨਿਸ਼ਚਿਤ ਕਰਨ ਵਿਚ ਸਭਿਆਚਾਰ ਦੀ ਭੂਮਿਕਾ ਸਭ ਤੋਂ ਵੱਧ ਮਹੱਤਵਪੂਰਨ ਹੈ। ਇਸ ਲਈ ਕਿਸੇ ਇਕ ਸਭਿਆਚਾਰ ਵਿਚੋਂ ਪੈਦਾ ਹੋਏ ਸੁਹਜ-ਸ਼ਾਸਤ੍ਰ ਨੂੰ ਕਿਸੇ ਦੂਜੇ ਸਭਿਆਚਾਰ ਉੱਤੇ ਲਾਗੂ ਕਰਨ ਨਾਲ ਸਹੀ ਨਿਰਣਿਆਂ ਉੱਤੇ ਨਹੀਂ ਪਹੁੰਚਿਆ ਜਾ ਸਕਦਾ।

(6) ਸਭਿਆਚਾਰ ਦੇ ਹੋਰ ਧਰਾਤਲਾਂ ਵਾਂਗ ਸੁਹਜ-ਨਿਯਮ (Aesthetic Norms) ਵੀ ਪਰਿਵਰਤਨਸ਼ੀਲ ਹਨ। ਹਰ ਸਭਿਆਚਾਰ, ਹਰ ਸਮੇਂ ਇਕ ਨਵੇਂ ਸੁਹਜ-ਸ਼ਾਸਤ੍ਰ ਦੀ ਵੀ ਸਿਰਜਣਾ ਕਰ ਰਿਹਾ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(7) ਸਭਿਆਚਾਰ ਦੇ ਬਾਹਰੀ ਤੱਤਾਂ ਵਿਚਲੇ ਵਖਰੇਵਿਆਂ ਦੇ ਬਾਵਜੂਦ ਹਰ ਸਭਿਆਚਾਰ ਵਿਚ ਇਕ ਆਤਮਿਕ ਸਾਂਝ ਵੀ ਹੈ। ਇਹੀ ਆਤਮਿਕ ਸਾਂਝ, ਇਕ ਦੂਜੇ ਤੋਂ ਸਮੇਂ ਤੇ ਸਥਾਨ ਦੀ ਦ੍ਰਿਸ਼ਟੀ ਤੋਂ ਬਹੁਤ ਦੂਰ ਵੱਸੇ ਹੋਏ ਸਭਿਆਚਾਰਾਂ ਦੀਆਂ ਕਲਾ-ਕਿਰਤਾਂ ਅਤੇ ਸੁਹਜ-ਮੁੱਲਾਂ ਵਿਚ ਨੇੜਤਾ ਲਿਆਉਂਦੀ ਹੈ। ਕਲਾ ਦਾ ਸਭਿਆਚਾਰਕ ਅਧਿਐਨ ਇਨ੍ਹਾਂ ਨੇੜੇ ਲਿਆਉਣ ਵਾਲੇ ਸੂਰਤਾਂ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਇਉਂ ਲੋਕ-ਮਨ ਦੀ ਏਕਤਾ ਦੇ ਸੰਕਲਪ ਨੂੰ ਪਰਿਪੱਕ ਕਰਦਾ ਹੈ।

ਸਹਾਇਕ ਗ੍ਰੰਥਾਵਲੀ

Boas, F., *Race, Language and Culture*, Free Press, New York, 1940.

Borev, Yuri, *Aesthetics : A Text-Book*, Progress Publishers, Moscow, 1985.

Dundes, A., (Ed), *Everyman Hisway : Readings in Cultural Anthropology*, Englewood Cliffs, 1968.

Geertz, C., *The Interpretation of Cultures*, Basic Books, New York, 1973.

Levi-Strauss, C , *Structural Anthropology*, Basic Books, New York, 1963.

Lomax, "Song Structure and Social Structure" *Ethnology* 1962, (4), 425-451.

Marx, K., *Grundrisse*, Penguin, Harmonds worth, 1973.

Marx, K., and Engels, F., *The German Ideology*, Lawrence and wishart, London, 1970.

Zis, Avner, *Foundaiions of Marxist Aesthetics*, Progress Publishers, Moscow, 1977.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ

ਇਕ ਇਤਿਹਾਸਕ-ਸਾਹਿਤਿਕ ਵਿਸ਼ਲੇਸ਼ਣ

ਪੰਜਾਬੀ ਸਭਿਆਚਾਰ ਬਾਰੇ ਗੱਲ ਕਰਨ ਸਮੇਂ ਅਸੀਂ ਜਿਸ 'ਪੰਜਾਬ' ਸ਼ਬਦ ਦਾ ਪ੍ਰਯੋਗ ਕਰ ਰਹੇ ਹੁੰਦੇ ਹਾਂ, ਉਸ ਦਾ ਅਜੋਕੇ ਭੂਗੋਲਿਕ ਪੰਜਾਬ ਨਾਲ ਸਿੱਧਾ ਜਾਂ ਬਹੁਤਾ ਸੰਬੰਧ ਨਹੀਂ ਹੁੰਦਾ। ਅਸੀਂ ਪੰਜਾਂ ਦਰਿਆਵਾਂ ਦੇ ਦੇਸ਼ ਪੰਜਾਬ ਬਾਰੇ ਗੱਲ ਕਰ ਰਹੇ ਹੁੰਦੇ ਹਾਂ, ਜਿਸ ਦੇ ਲਹਿੰਦੇ ਵੱਲ ਸਿੰਧ ਦਰਿਆ ਵਹਿੰਦਾ ਸੀ ਅਤੇ ਚੜ੍ਹਦੇ ਵੱਲ ਜਮਨਾ। ਪੰਜਾਬ ਦੀਆਂ ਇਹ ਭੂਗੋਲਿਕ ਹੱਦਾਂ ਸਨ। ਇਨ੍ਹਾਂ ਦੇ ਦਰਮਿਆਨ ਪੰਜ ਦਰਿਆ ਵਹਿੰਦੇ ਸਨ : ਜਿਹਲਮ, ਝਨਾਂ, ਰਾਵੀ, ਬਿਆਸ ਅਤੇ ਸਤਲੁਜ। ਵੇਦਕ ਕਾਲ ਵਿਚ ਇਸ ਖਿੱਤੇ ਨੂੰ ਸਪਤ-ਸਿੰਧੂ ਵੀ ਕਿਹਾ ਜਾਂਦਾ ਸੀ। ਉਸ ਸਮੇਂ ਇਥੇ ਸਰਸਵਤੀ ਨੂੰ ਸ਼ਿਰੋਮਣੀ ਨਦੀ ਮੰਨਿਆ ਜਾਂਦਾ ਹੈ। ਅੱਜ ਕੱਲ੍ਹ ਸਰਸਵਤੀ ਬਹੁਤੀ ਉਜਾਗਰ ਨਹੀਂ ਰਹੀ ਅਤੇ ਇਕ ਵੱਡੇ ਚੋਅ ਦੀ ਸ਼ਕਲ ਧਾਰ ਕੇ ਘੱਗਰ ਵਿਚ ਰਲ ਜਾਂਦੀ ਹੈ।

ਪੰਜਾਬ, ਜਿਸ ਨੂੰ ਇਕ ਦੇਸ਼ ਵੀ ਕਿਹਾ ਜਾਂਦਾ ਰਿਹਾ ਹੈ, ਵਿਸ਼ਵ ਦੇ ਉਨ੍ਹਾਂ ਥੋੜ੍ਹੇ ਜਿਹੇ ਦੇਸ਼ਾਂ ਵਿਚੋਂ ਹੈ, ਜਿਨ੍ਹਾਂ ਨੂੰ ਆਪਣੇ ਸਭਿਆਚਾਰਕ ਵਿਰਸੇ ਉੱਤੇ ਬੜਾ ਯੋਗ ਮਾਣ ਹੈ। ਇਥੇ ਆਰੀਆ ਲੋਕਾਂ ਦੇ ਆਗਮਨ ਤੋਂ ਪਹਿਲਾਂ ਵੀ ਇਕ ਬੜਾ ਗੌਰਵਮਈ ਸਭਿਆਚਾਰ ਵਿਕਸਿਤ ਹੋ ਚੁੱਕਾ ਸੀ, ਜਿਸ ਦਾ ਕੁਝ ਅਨੁਮਾਨ ਹੜੱਪਾ ਅਤੇ ਸੰਘੋਲ ਦੀਆਂ ਖੁਦਾਈਆਂ ਤੋਂ ਲਗਾਇਆ ਜਾ ਸਕਦਾ ਹੈ। ਭੂਗੋਲਿਕ ਤੌਰ ਤੇ ਪੰਜਾਬ ਇਕ ਅਜਿਹੀ ਥਾਂ ਸਥਿਤ ਰਿਹਾ ਹੈ ਕਿ ਇਸ ਦੇ ਵਾਸੀਆਂ ਨੂੰ ਹਰ ਬਾਹਰਲੇ ਹਮਲਾਵਰ ਦਾ ਸਭ ਤੋਂ ਪਹਿਲਾਂ ਮੁਕਾਬਲਾ ਕਰਨਾ ਪਿਆ। ਇਸ ਤੱਥ ਨੇ ਪੰਜਾਬੀਆਂ ਨੂੰ ਐਸੇ ਹਠੀਲੇ ਸੂਰਬੀਰ ਬਣਾ ਦਿੱਤਾ ਹੈ ਜੋ ਹਰ ਰਣ-ਤੱਤੇ ਵਿਚ ਖੁਸ਼ੀ ਨਾਲ ਛਾਲਾਂ ਮਾਰਦੇ ਅਤੇ ਮੌਤ ਨੂੰ ਮਖੌਲਾਂ ਕਰਦੇ ਅੱਗੇ ਵਧਦੇ ਜਾਂਦੇ ਹਨ। ਇਹ ਪੰਜਾਬ ਦੇ ਦਰਿਆਵਾਂ ਵਾਂਗ ਸ਼ੂਕਦੇ ਅਤੇ ਇਸ ਦੀ ਉਪਜਾਊ ਧਰਤੀ ਦੀ ਤਰ੍ਹਾਂ ਖੁੱਲ੍ਹ-ਦਿਲੇ ਅਤੇ ਉਦਾਰ ਹਨ। ਇਹ ਵਲ-ਛਲ ਨਹੀਂ ਜਾਣਦੇ, ਹੱਥ ਨਹੀਂ ਅੱਡਦੇ, ਬਾਹਾਂ ਅਤੇ ਹਿੱਕ ਦੇ ਜ਼ੋਰ ਨਾਲ ਜੀਉਂਦੇ ਜਾਗਦੇ ਹਨ। (ਡਾ. ਗੰਡਾ ਸਿੰਘ, ਪੰਜਾਬ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1960, ਪੰਨਾ 2)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ ਦੇ ਵਿਸ਼ੇਸ਼ ਲੱਛਣਾਂ ਨੂੰ ਸਮਝਣ ਲਈ ਇਸ ਦੇ ਇਤਿਹਾਸ ਤੋਂ ਪਰਿਚਿਤ ਹੋਣਾ ਬੜਾ ਜ਼ਰੂਰੀ ਹੈ। ਪੰਜਾਬ ਦੇ ਜਿਸ ਇਤਿਹਾਸ ਦਾ ਹੁਣ ਤੱਕ ਪਤਾ ਲੱਗਾ ਹੈ, ਉਹ ਆਰੀਆ ਲੋਕਾਂ ਤੋਂ ਹੀ ਵਿਧੀਵਤ ਰੂਪ ਵਿਚ ਸ਼ੁਰੂ ਹੁੰਦਾ ਹੈ। ਬਹੁਤ ਸਾਰੇ ਵਿਦਿਵਾਨਾਂ ਦਾ ਵਿਚਾਰ ਹੈ ਕਿ ਆਰੀਆ ਲੋਕ ਰੂਸ ਦੇ ਦੱਖਣੋਂ ਮੱਧ-ਏਸ਼ੀਆ ਤੋਂ ਇਥੇ ਆ ਕੇ ਵੱਸੇ ਸਨ। ਕੁਝ ਭਾਰਤੀ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਇਹ ਆਰੰਭ ਤੋਂ ਹੀ ਉੱਤਰੀ ਭਾਰਤ ਦੇ ਵਾਸੀ ਸਨ ਅਤੇ ਇਥੋਂ ਲਹਿੰਦੇ ਵੱਲ ਗਏ ਸਨ। ਪ੍ਰਾਚੀਨ ਆਰੀਆ ਲੋਕਾਂ ਦੇ ਦੋ ਕਬੀਲੇ ਬੜੇ ਪ੍ਰਸਿੱਧ ਹੋਏ-ਸੂਰਜਬੰਸੀ ਅਤੇ ਚੰਦਰਬੰਸੀ। ਸੂਰਜ-ਬੰਸੀਆਂ ਵਿਚ ਸ੍ਰੀ ਰਾਮ ਚੰਦਰ ਬਹੁਤ ਪ੍ਰਸਿੱਧ ਹੋਇਆ। ਬਨਬਾਸ ਕੱਟ ਕੇ ਆਉਣ ਪਿੱਛੋਂ ਉਸ ਨੂੰ ਕੈਕਾਇ ਦੇਸ ਪ੍ਰਾਪਤ ਹੋਇਆ ਜੋ ਜਿਹਲਮ ਅਤੇ ਝਨਾਂ ਦੇ ਦਰਮਿਆਨ ਸੀ।

ਚੰਦਰ ਬੰਸੀਆਂ ਦਾ ਇਕ ਪ੍ਰਸਿੱਧ ਰਾਜਾ ਦੁਸ਼ਿਅੰਤ ਸੀ, ਜਿਸ ਨੇ ਕੰਨਵ ਰਿਸ਼ੀ ਦੀ ਬੇਟੀ ਸ਼ਕੁੰਤਲਾ ਨਾਲ ਵਿਆਹ ਕੀਤਾ ਇਸ ਵਿਆਹ ਵਿਚੋਂ ਰਾਜਕੁਮਾਰ ਭਰਤ ਦਾ ਜਨਮ ਹੋਇਆ, ਜਿਸ ਦੇ ਨਾਮ ਉੱਤੇ ਸਾਡੇ ਦੇਸ਼ ਦਾ ਨਾਮ ਭਾਰਤ ਪਿਆ ਦੱਸਿਆ ਜਾਂਦਾ ਹੈ। ਭਰਤ (2350-2300 ਪੂ. ਈ.) ਇਕ ਚਕ੍ਰਵਰਤੀ ਰਾਜਾ ਹੋਇਆ ਹੈ। ਜਿਸ ਦੀ ਛਵੀਂ ਪੀੜ੍ਹੀ ਵਿਚ ਹਸਤੀ ਨਾਮ ਦਾ ਇਕ ਰਾਜਾ ਪੈਦਾ ਹੋਇਆ, ਜਿਸ ਨੇ ਹਸਤਨਾਪੁਰ ਦੀ ਨੀਂਹ ਰੱਖੀ। ਇਸ ਘਰਾਣੇ ਵਿਚ ਰਾਜਾ ਸੰਵਰਣ ਪੈਦਾ ਹੋਇਆ, ਜਿਸ ਦਾ ਇਕ ਪੁੱਤਰ ਕੁਰੂ ਦੇ ਨਾਮ ਨਾਲ ਪ੍ਰਸਿੱਧ ਹੋਇਆ। ਕੁਰੂ ਦੀ ਔਲਾਦ ਨੂੰ ਕੌਰਵ ਕਿਹਾ ਜਾਣ ਲੱਗਾ ਅਤੇ ਉਸ ਦੇ ਨਾਮ ਤੇ ਸਰਸਵਤੀ ਦੇ ਇਲਾਕੇ ਦਾ ਨਾਮ ਕੁਰਕਸ਼ੇਤਰ ਪਿਆ। ਹਸਤਨਾਪੁਰ ਦੇ ਕੌਰਵ ਖਾਨਦਾਨ ਵਿਚ ਦੋ ਭਰਾ ਧ੍ਰਿਤਰਾਸ਼ਟਰ ਅਤੇ ਪਾਂਡਵ ਪੈਦਾ ਹੋਏ। ਧ੍ਰਿਤਰਾਸ਼ਟਰ ਦੇ ਪੁੱਤਰ ਦੁਰਯੋਜਨ ਅਤੇ ਪਾਂਡਵ ਦੇ ਪੰਜ ਪੁੱਤਰਾਂ ਦੇ ਦਰਮਿਆਨ ਰਾਜ ਅਧਿਕਾਰ ਦੀ ਪ੍ਰਾਪਤੀ ਲਈ ਇਕ ਬੜਾ ਭਿਆਨਕ ਯੁੱਧ ਕੁਰਕਸ਼ੇਤਰ ਦੇ ਮੈਦਾਨ ਵਿਚ ਹੋਇਆ, ਜਿਸ ਨੂੰ ਮਹਾਂਭਾਰਤ ਦਾ ਯੁੱਧ ਕਰਕੇ ਜਾਣਿਆ ਜਾਂਦਾ ਹੈ। ਇਤਿਹਾਸਕਾਰਾਂ ਨੇ ਇਸ ਯੁੱਧ ਦਾ ਸਮਾਂ 1400 ਪੂਰਵ ਈਸਵੀ ਨਿਸ਼ਚਿਤ ਕੀਤਾ ਹੈ।

ਮਹਾਂਭਾਰਤ ਦੇ ਯੁੱਧ ਉਪਰੰਤ ਨਾ ਕੇਵਲ ਪੰਜਾਬ ਸਗੋਂ ਸਮੁੱਚੇ ਭਾਰਤ ਵਿਚ ਬਹੁਤ ਸਾਰੇ ਰਾਜਨੈਤਿਕ ਪਰਿਵਰਤਨ ਆਏ। ਪੰਜਾਬ ਵਿਚ ਬਹੁਤ ਸਾਰੇ ਲੋਕ-ਰਾਜ (ਜਨਪਦ) ਸਥਾਪਿਤ ਹੋ ਗਏ। ਦੋ ਜਨਪਦ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹੋਏ। ਕੁਰੂ ਜਨਪਦ (ਕੁਰਕਸ਼ੇਤਰ ਦਾ ਇਲਾਕਾ) ਅਤੇ ਮਦਰ ਜਨਪਦ (ਰਾਵੀ ਅਤੇ ਝਨਾਂ ਦਾ ਇਲਾਕਾ ਜਿੱਥੇ ਮਦਰ ਲੋਕ ਵੱਸਦੇ ਸਨ)। ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਦੇ ਇਲਾਕੇ ਨੂੰ ਵੀ ਮਦਰ ਦੇਸ਼ ਵਿਚ ਹੀ ਗਿਣਿਆ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪ੍ਰਾਚੀਨ ਸਮੇਂ ਤੋਂ ਹੀ ਪੰਜਾਬ ਦਾ ਰਾਜਨੈਤਿਕ ਸਭਿਆਚਾਰ, ਗਣਤੰਤਰੀ ਮੁੱਲਾਂ ਪ੍ਰਤੀ ਆਕ੍ਰਸ਼ਿਤ ਰਿਹਾ ਹੈ।

ਇਸ ਉਪਰੰਤ ਪੰਜਾਬ ਉੱਪਰ ਵਿਦੇਸ਼ੀ ਹਮਲਾਵਰ ਆਉਣੇ ਸ਼ੁਰੂ ਹੋ ਗਏ। ਸਭ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਹਿਲਾਂ ਸਿਕੰਦਰ 326 ਪੂ. ਈ. ਵਿਚ ਪੰਜਾਬ ਵਿਚ ਆਇਆ। ਤਕਸ਼ਿਲਾ ਦੇ ਰਾਜੇ ਅੰਬੀ ਨੇ ਉਸ ਦੀ ਈਨ ਮੰਨ ਲਈ, ਜਿਸ ਕਾਰਣ ਉਸ ਨੇ ਬੜੀ ਆਸਾਨੀ ਨਾਲ ਸਿੰਧ ਪਾਰ ਕਰਕੇ ਰਾਜਾ ਪੋਰਸ (ਪੂਰੂ) ਦੇ ਕੈਕੇਇ ਦੇਸ਼ ਉੱਪਰ ਹੱਲਾ ਬੋਲ ਦਿੱਤਾ। ਰਾਜਾ ਪੋਰਸ ਨੂੰ ਤਾਂ ਉਸ ਨੇ ਜਿੱਤ ਲਿਆ ਪਰੰਤੂ ਰਾਵੀ ਲੰਘ ਕੇ ਪੈਰ ਪੈਰ ਤੇ ਪੰਜਾਬੀਆਂ ਨੇ ਉਸ ਦੀਆਂ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਜਿਸ ਦੇ ਸਿੱਟੇ ਵਜੋਂ ਉਹ ਬਿਆਸ ਤੋਂ ਹੀ ਵਾਪਸ ਮੁੜ ਗਿਆ।

ਸਿਕੰਦਰ ਪੰਜਾਬ ਵਿਚ ਆਪਣਾ ਰਾਜ ਪੱਕਾ ਨਾ ਕਰ ਸਕਿਆ। ਸਿਕੰਦਰ ਦੀ ਮੌਤ ਤੋਂ ਛੇਤੀ ਪਿੱਛੋਂ ਹੀ 324 ਪੂ. ਈ. ਵਿਚ ਚੰਦਰ ਗੁਪਤ ਮੋਰੀਆਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਉਸ ਦੇ ਪੜਪੋਤੇ ਅਸ਼ੋਕ ਨੇ ਇਕ ਬੜਾ ਵੱਡਾ ਰਾਜ ਸਥਾਪਤ ਕਰ ਲਿਆ ਸੀ, ਪਰ ਅਸ਼ੋਕ ਦੀ ਮੌਤ ਉਪਰੰਤ ਬਖ਼ਤਰੀਆ ਅਤੇ ਯੂਨਾਨੀਆਂ ਨੇ ਪੰਜਾਬ ਵਿਚ ਤਿੰਨ ਛੋਟੇ ਰਾਜ ਸਥਾਪਿਤ ਕਰ ਲਏ। ਇਨ੍ਹਾਂ ਨੂੰ ਗਣਰਾਜ ਕਿਹਾ ਜਾਂਦਾ ਸੀ। ਸਤਲੁਜ ਦੇ ਦੱਖਣ ਨੂੰ ਰੋਹਤਕ ਦੇ ਇਲਾਕੇ ਵਿਚ ਯੋਧੇਇ ਲੋਕਾਂ ਦਾ ਗਣਰਾਜ ਸੀ। ਇਸ ਬੰਸ ਦੇ ਲੋਕ ਹੁਣ ਵੀ ਹਰਿਆਣੇ ਅਤੇ ਭਟਿਆਣੇ ਵਿਚ ਵੱਸਦੇ ਹਨ ਅਤੇ ਜੋਹੀਆਂ ਕਰਕੇ ਪ੍ਰਸਿੱਧ ਹਨ। ਬਿਆਸ ਤੋਂ ਜਮਨਾ ਤੱਕ ਸ਼ਿਵਾਲਕ ਦੀ ਕੰਢੀ ਵਿਚ ਕੁਣਿੰਦ ਨਾਮ ਦਾ ਗਣਰਾਜ ਸੀ। ਮਲੋਈ ਜਾਤੀ ਦੇ ਲੋਕਾਂ ਦਾ ਗਣ ਯੂਨਾਨੀਆਂ ਦੇ ਦਬਾਉ ਕਰਕੇ ਮੁਲਤਾਨ ਤੋਂ ਉੱਠ ਕੇ ਪੰਜਾਬ ਨੂੰ ਛੱਡ ਗਿਆ ਅਤੇ ਚੰਬਲ ਨਦੀ ਦੇ ਕੰਢੇ ਜਾ ਵੱਸਿਆ। (ਡਾ. ਗੰਡਾ ਸਿੰਘ, ਉਹੀ ਪੁਸਤਕ, ਪੰਨਾ 22)

120 ਪੂ. ਈ. ਦੇ ਆਸਪਾਸ ਸ਼ਕ ਲੋਕਾਂ ਨੇ ਸਿੰਧ ਵਿਚ ਆ ਪੈਰ ਜਮਾਏ। ਇਸ ਕਰਕੇ ਸਿੰਧ ਦਾ ਨਾਮ ਸ਼ਕ-ਦੀਪ ਵੀ ਪੈ ਗਿਆ। ਫਿਰ ਸ਼ਕਾਂ ਨੇ ਦੂਰ-ਦੂਰ ਤੱਕ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਹਮਲਿਆਂ ਨਾਲ ਬਾਖ਼ਤਰੀ ਯੂਨਾਨੀਆਂ ਦੇ ਰਾਜਾਂ ਦੀ ਸਫ਼ਾਈ ਹੋ ਗਈ। ਪਰ ਸ਼ਕਾਂ ਦਾ ਰਾਜਸੀ ਜ਼ੋਰ ਵੀ ਬਹੁਤੀ ਦੇਰ ਤੱਕ ਸਥਾਪਿਤ ਨਾ ਰਹਿ ਸਕਿਆ। ਮਾਲਵ ਗਣ ਅਤੇ ਗੌਤਮੀ ਪੁੱਤਰ ਸ਼ਾਂਤ-ਕਰਣ (ਸਾਤਵਾਹਨ) ਨੇ ਰਲ ਕੇ ਸ਼ਕਾਂ ਨੂੰ ਉਜੈਨ ਦੇ ਸਥਾਨ ਤੇ ਹਰਾ ਦਿੱਤਾ ਅਤੇ ਆਪਣੀ ਜਿੱਤ ਦੀ ਖ਼ੁਸ਼ੀ ਵਿਚ ਬਿਕ੍ਰਮੀ ਸੰਮਤ ਚਲਾਇਆ।

ਇਸੇ ਸਮੇਂ ਕੁਸ਼ਾਨ ਲੋਕ ਗੰਧਾਰ ਵੱਲ ਆਉਣੇ ਸ਼ੁਰੂ ਹੋ ਗਏ। ਇਸੇ ਜਾਤੀ ਦੇ ਇਕ ਰਾਜੇ ਕਨਿਸ਼ਕ ਨੇ ਪਿਸ਼ਾਵਰ ਨੂੰ ਆਪਣੀ ਰਾਜਧਾਨੀ ਬਣਾ ਕੇ ਆਸਪਾਸ ਦੇ ਇਲਾਕੇ ਉੱਤੇ ਆਪਣਾ ਕਬਜ਼ਾ ਜਮਾ ਲਿਆ। ਇਨ੍ਹਾਂ ਦਾ ਹੀ ਇਕ ਰਾਜਾ ਵਿਮ ਕਪਿਸ਼ (30 ਈ.) ਹੋਇਆ ਹੈ ਜੋ ਪੰਜਾਬ ਵਿਚ ਸਿਰੀ ਕਪਿਸ਼ ਜਾਂ ਸਿਰਕੱਪ ਕਰਕੇ ਜਾਣਿਆ ਜਾਂਦਾ ਹੈ। ਕੁਸ਼ਾਨ ਰਾਜ ਪਿਸ਼ਾਵਰ ਵਿਚ ਤਾਂ ਭਾਵੇਂ 465 ਈ. ਤੱਕ ਚਲਦਾ ਰਿਹਾ ਪਰ ਪੰਜਾਬ ਵਿਚ 145-176 ਈ. ਦੇ ਦਰਮਿਆਨ ਹੂਣਾਂ ਨੇ ਇਸ ਨੂੰ ਬਿਲਕੁੱਲ ਮਿਟਾ ਕੇ ਰੱਖ ਦਿੱਤਾ। ਮਦਰ, ਕੁਣਿੰਦ, ਕੁਲੂਤ ਅਤੇ ਯੋਧੇਇ ਖ਼ਾਨਦਾਨਾਂ ਨੇ ਸਿਰ ਚੁੱਕ ਲਏ ਅਤੇ ਆਪਣੇ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਲਾਕਿਆਂ ਵਿਚ ਸੁਤੰਤਰ ਰਾਜ ਸਥਾਪਿਤ ਕਰ ਲਏ ।

ਪੰਜਵੀਂ ਸਦੀ ਦੇ ਅੰਤ ਜਾਂ ਛੇਵੀਂ ਦੇ ਆਰੰਭ ਵਿਚ ਹੂਣਾਂ ਦਾ ਜ਼ੋਰ ਕਾਫ਼ੀ ਵੱਧ ਗਿਆ ਅਤੇ ਉਨ੍ਹਾਂ ਨੇ ਪੰਜਾਬ ਤੋਂ ਅੱਗੇ ਲੰਘ ਕੇ ਹੋਰ ਇਲਾਕਿਆਂ ਉੱਤੇ ਵੀ ਕਬਜ਼ਾ ਕਰ ਲਿਆ । ਅੱਠਵੀਂ ਸਦੀ ਵਿਚ ਪ੍ਰਤੀਹਾਰ ਅਤੇ ਤੋਮਾਰ ਰਾਜਪੂਤਾਂ ਨੇ ਦੱਖਣ-ਪੂਰਬੀ ਪੰਜਾਬ ਵਿਚ ਪੈਰ ਜਮਾ ਲਏ । ਇਕ ਪੁਰਾਤਨ ਕਥਾ ਅਨੁਸਾਰ ਤੋਮਾਰ ਰਾਜਪੂਤਾਂ ਨੇ ਹੀ ਅਠਵੀਂ ਸਦੀ ਵਿਚ ਅੱਜ ਕਲ੍ਹ ਦੀ ਦਿੱਲੀ ਆਬਾਦ ਕੀਤੀ ਸੀ । ਇਸੇ ਸਦੀ ਵਿਚ ਮੁਸਲਮਾਨਾਂ ਦੇ ਹਮਲੇ ਸ਼ੁਰੂ ਹੋਏ । ਮੁਹੰਮਦ ਬਿਨ ਕਾਇਮ ਨੇ 712 ਈ. ਵਿਚ ਮੁਲਤਾਨ ਉੱਤੇ ਕਬਜ਼ਾ ਕਰ ਲਿਆ । ਬਾਕੀ ਪੰਜਾਬ ਵਿਚ ਅਜੇ ਰਾਜਪੂਤ ਰਾਜੇ ਹੀ ਰਾਜ ਕਰਦੇ ਸਨ । ਜੈਪਾਲ ਦਸਵੀਂ ਸਦੀ ਵਿਚ ਬਠਿੰਡੇ ਦਾ ਰਾਜਾ ਸੀ । ਉਸ ਦੇ ਰਾਜ ਦੀ ਲਹਿੰਦੀ ਹੱਦ ਅਫ਼ਗਾਨਿਸਤਾਨ ਤੱਕ ਸੀ ।

ਅਗਸਤ 1001 ਵਿਚ ਮਹਿਮੂਦ ਗਜ਼ਨਵੀ ਨੇ ਜੈਪਾਲ ਨੂੰ ਹਰਾ ਕੇ ਆਪਣੇ ਹਮਲਿਆਂ ਲਈ ਰਾਹ ਹਮਵਾਰ ਕਰ ਲਿਆ । ਸੰਨ 1030 ਵਿਚ ਮਹਿਮੂਦ ਦੀ ਮੌਤ ਹੋ ਗਈ । ਉਸ ਤੋਂ ਅਗਲੇ ਡੇਢ ਕੁ ਸੌ ਵਰ੍ਹੇ ਪੰਜਾਬ ਵਿਚ ਆਰਾਜਿਕਤਾ ਹੀ ਰਹੀ । ਸੰਨ 1186 ਨੂੰ ਮੁਹੰਮਦ ਗੌਰੀ ਨੇ ਪੰਜਾਬ ਉੱਤੇ ਕਬਜ਼ਾ ਕਰਕੇ ਆਪਣੀ ਤਾਕਤ ਮਜ਼ਬੂਤ ਕਰ ਲਈ । ਸੰਨ 1210 ਵਿਚ ਐਬਕ ਦੀ ਮੌਤ ਬਾਅਦ ਇਲਤੁਤਮਸ਼ ਨੇ ਰਾਜ ਸੰਭਾਲ ਲਿਆ ਖਿਲਜੀਆਂ ਅਤੇ ਤੁਗ਼ਲਕਾਂ ਦੇ ਜ਼ਮਾਨੇ ਵਿਚ ਗੱਖੜਾਂ ਨੇ ਪੰਜਾਬ ਵਿਚ ਤਾਕਤ ਹਾਸਲ ਕਰਨ ਦੇ ਕਾਫ਼ੀ ਯਤਨ ਕੀਤੇ । ਲਾਹੌਰ ਉੱਤੇ ਉਨ੍ਹਾਂ ਕਬਜ਼ਾ ਵੀ ਕਰ ਲਿਆ । ਪਰ ਉਹ ਬਹੁਤੀ ਦੇਰ ਟਿਕ ਨਾ ਸਕੇ ਅਤੇ ਹਕੂਮਤ ਤੁਗ਼ਲਕਾਂ ਦੇ ਹੱਥ ਹੀ ਰਹੀ । ਸੰਨ 1398 ਵਿਚ ਤੈਮੂਰ ਨੇ ਹਿੰਦੁਸਤਾਨ ਉੱਤੇ ਹਮਲਾ ਕੀਤਾ ਅਤੇ ਦੇਸ਼ ਨੂੰ ਲੁੱਟ-ਪੁੱਟ ਕੇ ਤਬਾਹ ਕਰ ਦਿੱਤਾ । ਥੋੜ੍ਹੀ ਦੇਰ ਤੱਕ ਪੰਜਾਬ ਉੱਤੇ ਲੋਧੀਆ ਅਤੇ ਸੱਯਦਾਂ ਦਾ ਰਾਜ ਵੀ ਰਿਹਾ ।

ਇਸ ਤੋਂ ਪਿੱਛੋਂ ਸਵਾ ਕੁ ਦੋ ਸੌ ਸਾਲ (1526-1752) ਪੰਜਾਬ ਉੱਤੇ ਮੁਗਲ ਰਾਜ ਦੀ ਹਕੂਮਤ ਰਹੀ । ਇਸੇ ਸਮੇਂ ਪੰਜਾਬ ਵਿਚ ਸਿੱਖ ਲਹਿਰ ਸ਼ੁਰੂ ਹੋਈ । ਬਾਬੇ-ਕਿਆਂ ਅਤੇ ਬਾਬਰ-ਕਿਆਂ ਵਿਚ ਸੰਘਰਸ਼ ਸ਼ੁਰੂ ਹੋਇਆ, ਜਿਸ ਵਿਚ ਅੰਤਿਮ ਫ਼ਤਹਿ ਬਾਬੇ-ਕਿਆਂ ਨੂੰ ਪ੍ਰਾਪਤ ਹੋਈ । ਬੰਦਾ ਬਹਾਦਰ ਨੇ 1710 ਵਿਚ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਪਹਿਲਾ ਪੰਜਾਬੀ ਰਾਜ ਸਥਾਪਿਤ ਕੀਤਾ । ਇਸ ਤੋਂ ਪਿੱਛੋਂ ਸਿੱਖ ਮਿਸਲਾਂ ਦਾ ਜ਼ਮਾਨਾ ਸ਼ੁਰੂ ਹੋਇਆ ਅਤੇ ਬਾਰਾਂ ਮਿਸਲਾਂ ਸਥਾਪਿਤ ਹੋਈਆਂ : ਆਹਲੂਵਾਲੀਆ, ਭੰਗੀ, ਡੱਲੇ-ਵਾਲੀਆਂ, ਫ਼ੈਜ਼ੂਲਪੁਰੀਏ, ਕਨ੍ਹਈਏ, ਨਕਈ, ਰਾਮਗੜ੍ਹੀਆ, ਸ਼ੁਕਰਚੱਕੀਆ, ਕਰੋੜਸਿੰਘੀਆਂ, ਨਿਸ਼ਾਨਾ ਵਾਲੇ, ਫੂਲਕੇ ਅਤੇ ਸ਼ਹੀਦ ।

1799 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੇਤੀ ਹੀ ਉਸ [illegible] ਮੁਲਤਾਨ, ਕਸ਼ਮੀਰ ਅਤੇ ਖ਼ੈਬਰ ਤੱਕ ਆਪਣਾ ਰਾਜ ਬਣਾ ਲਿਆ। ਮਹਾਰਾਜੇ ਦਾ ਰਾਜ ਸੱਚ ਮੁੱਚ ਪੰਜਾਬੀਆਂ ਦਾ ਆਪਣਾ ਰਾਜ ਸੀ ਪਰ ਮਹਾਰਾਜੇ ਦੀ ਮੌਤ ਤੋਂ ਨੌਂ ਸਾਲ ਦੇ ਅੰਦਰ ਹੀ ਇਹ ਰਾਜ ਢਹਿ ਢੇਰੀ ਹੋ ਗਿਆ ਅਤੇ 1849 ਈ. ਵਿਚ ਪੰਜਾਬ ਵੀ ਬਾਕੀ ਹਿੰਦੁਸਤਾਨ ਦੀ ਤਰ੍ਹਾਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਅੰਗਰੇਜ਼ੀ ਰਾਜ ਵਿਚ ਵੀ ਬਹੁਤ ਸਾਰੀਆਂ ਸਿੱਖ ਰਿਆਸਤਾਂ ਕਾਇਮ ਰਹੀਆਂ। ਭਾਵੇਂ ਇਨ੍ਹਾਂ ਰਿਆਸਤਾਂ ਨੂੰ ਆਜ਼ਾਦ ਰਿਆਸਤਾਂ ਤਾਂ ਨਹੀਂ ਕਿਹਾ ਜਾ ਸਕਦਾ ਪਰ ਤਾਂ ਵੀ ਸਿੱਖ ਰਾਜੇ ਜ਼ਾਹਰੀ ਤੌਰ ਤੇ ਜ਼ਰੂਰ ਇਨ੍ਹਾਂ ਰਿਆਸਤਾਂ ਦੇ ਮੁਖੀਏ ਬਣੇ ਰਹੇ।

ਪੰਜਾਬ ਦੇ ਰਾਜਨੈਤਿਕ ਇਤਿਹਾਸ ਦੇ ਇਸ ਸੰਖੇਪ ਜਿਹੇ ਸਰਵੇਖਣ ਤੋਂ ਇਸ ਗੱਲ ਦਾ ਬੋਧ ਭਲੀ ਪ੍ਰਕਾਰ ਹੋ ਜਾਂਦਾ ਹੈ ਕਿ ਇਥੋਂ ਦੇ ਵਾਸੀਆਂ ਨੇ ਤੁਲਨਾਤਮਕ ਤੌਰ ਤੇ ਸਦਾ ਆਪਣੀ ਸੁਤੰਤਰਤਾ ਨੂੰ ਬਣਾਈ ਰੱਖਣ ਦਾ ਪ੍ਰਯਤਨ ਕੀਤਾ ਹੈ। ਇਹ ਬਹੁਤੀ ਦੇਰ ਤੱਕ ਕਿਸੇ ਵੀ ਖ਼ਾਨਦਾਨ ਜਾਂ ਨਸਲ ਦੇ ਗ਼ੁਲਾਮ ਬਣ ਕੇ ਨਹੀਂ ਰਹਿ ਸਕੇ। ਅੱਧੀ ਕੁ ਸ਼ਤਾਬਦੀ ਬਾਅਦ ਇਨ੍ਹਾਂ ਲੋਕਾਂ ਨੂੰ ਰਾਜ ਪਲਟਾ ਲਿਆਉਣ ਦਾ ਜਿਵੇਂ ਫ਼ਿਕਰ ਜਿਹਾ ਲੱਗ ਜਾਂਦਾ ਸੀ। ਅਵੱਲ ਤਾਂ ਇਹ ਆਪ ਹੀ ਐਸੇ ਹਾਲਤ ਪੈਦਾ ਕਰ ਦਿੰਦੇ ਕਿ ਅਗਲੇ ਨੂੰ ਰਾਜ ਦੀ ਵਾਗ-ਡੋਰ ਸੰਭਾਲਣੀ ਮੁਸ਼ਕਿਲ ਹੋ ਜਾਂਦੀ ਨਹੀਂ ਤਾਂ ਇਹ ਕਈ ਵਾਰ ਸੁਨੇਹੇ ਭੇਜ ਕੇ ਬਾਹਰੋਂ ਕਿਸੇ ਸ਼ਕਤੀਸ਼ਾਲੀ ਰਾਜੇ ਦੀ ਮੱਦਦ ਨਾਲ ਉਸ ਰਾਜੇ ਦੀਆਂ ਸਫ਼ਾਂ ਵਲ੍ਹੇਟ ਛੱਡਦੇ। ਇਤਿਹਾਸਕਾਰਾਂ ਨੇ ਪੰਜਾਬੀਆਂ ਦੀ ਇਸ ਰੁਚੀ ਨੂੰ ਕਈ ਵਾਰ 'ਗ਼ਦਾਰੀ' ਦਾ ਨਾਮ ਵੀ ਦਿੱਤਾ ਹੈ ਪਰ ਇਸ 'ਗ਼ਦਾਰੀ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਪੰਜਾਬੀ ਰਾਜਨੈਤਿਕ ਤੌਰ ਤੇ ਸਦਾ ਪਰਿਵਰਤਨ ਲਈ ਇਛੁੱਕ ਰਹੇ ਹਨ। ਇਹ ਲੋਕ ਜੰਗਾਂ-ਯੁੱਧਾਂ ਵਿਚ ਹੀ ਖ਼ੁਸ਼ ਰਹਿਣ ਦੇ ਆਦੀ ਹਨ ਅਤੇ ਸੁੱਖ-ਸ਼ਾਂਤੀ ਦਾ ਸਮਾਂ ਇਨ੍ਹਾਂ ਦੀ ਤਰਬੀਅਤ ਨੂੰ ਬਹੁਤਾ ਰਸ ਨਹੀਂ ਆਉਂਦਾ।

ਪੰਜਾਬੀਆਂ ਦੀ ਇਸ ਰੁਚੀ ਦਾ ਇਕ ਵੱਡਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਪੰਜਾਬ ਵਿਚ ਸਮੇਂ ਸਮੇਂ, ਵੱਖ ਵੱਖ ਸਭਿਆਚਾਰ ਜਜ਼ਬ ਹੁੰਦੇ ਰਹੇ। ਬਾਹਰੋਂ ਜਿਤਨੇ ਵੀ ਧਾੜਵੀ ਜਾਂ ਹੁਕਮਰਾਨ ਆਏ, ਉਨ੍ਹਾਂ ਸਾਰਿਆਂ ਨੇ ਇੱਥੇ ਹੀ ਵਿਆਹ-ਸ਼ਾਦੀਆਂ ਕਰ ਲਈਆਂ। ਉਨ੍ਹਾਂ ਦੀ ਸੰਤਾਨ ਪਹਿਲੇ ਲੋਕਾਂ ਨਾਲੋਂ ਕੁਝ ਵੱਖਰੇ ਅਤੇ ਵਿਸ਼ੇਸ਼ ਸੰਸਕਾਰਾਂ ਦੀ ਧਾਰਣੀ ਬਣਦੀ ਗਈ। ਇਉਂ ਜਿਸ ਸਭਿਆਚਾਰ ਵਿਚ ਹਰ ਪੰਜਾਹ-ਸੌ ਵਰ੍ਹਿਆਂ ਬਾਅਦ ਇਹੋ ਜਹੇ ਸਭਿਆਚਾਰਕ ਤਬਾਦਲੇ ਵਾਪਰਦੇ ਰਹਿੰਦੇ ਹੋਣ, ਉਹ ਕਦੇ ਵੀ ਇਕ ਸੰਗਠਨ ਦੇ ਰੂਪ ਵਿਚ ਨਹੀਂ ਸੋਚ ਸਕਦਾ। ਅਜਿਹੇ ਸਭਿਆਚਾਰ ਵਿਚ ਛੋਟੇ-ਛੋਟੇ ਗਰੁੱਪ ਸਦਾ ਆਪਣੀ ਆਜ਼ਾਦ ਹਸਤੀ ਬਣਾਈ ਰੱਖਦੇ ਹਨ ਅਤੇ ਇਸੇ ਆਜ਼ਾਦ ਹਸਤੀ ਨੇ ਪੰਜਾਬ ਨੂੰ ਜੰਗਾਂ-ਯੁੱਧਾਂ ਦਾ ਅਖਾੜਾ ਬਣਾਈ ਰੱਖਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਖ ਗੁਰੂਆਂ ਨੇ ਪੰਜਾਬੀ ਸਭਿਆਚਾਰ ਨੂੰ ਸੰਗਠਿਤ ਕਰਨ ਵਿਚ ਕਾਫ਼ੀ ਮਹੱਤਵ-ਪੂਰਣ ਯੋਗਦਾਨ ਦਿੱਤਾ। ਇਕ ਤੋਂ ਬਾਅਦ ਇਕ ਗੁਰੂ ਵਿਅਕਤੀ ਨੇ ਪੰਜਾਬੀ ਸਭਿਆ-ਚਾਰ ਦੇ ਕਿਸੇ ਨਾ ਕਿਸੇ ਪੱਖ ਨੂੰ ਲੈ ਕੇ ਇਸ ਨੂੰ ਇਕ ਸੰਸਥਾ ਦੇ ਰੂਪ ਵਿਚ ਪੱਕਾ ਕਰਨ ਦਾ ਪ੍ਰਯਤਨ ਕੀਤਾ। ਪਰੰਤੂ, ਸਿਖ ਧਰਮ ਦਾ ਸਰੂਪ 'ਅਥਾਰੇਟੇਰੀਅਨ' ਨਾ ਹੋ ਕੇ ਗਣਤੰਤ੍ਰੀ ਹੀ ਬਣਿਆ ਰਿਹਾ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਤੋਂ ਖ਼ੁਦ ਅੰਮ੍ਰਿਤ ਪਾਨ ਕੀਤਾ। ਹਰ ਮੁਸ਼ਕਲ ਘੜੀ ਪੰਚਾਇਤ ਦੀ ਸਲਾਹ ਨੂੰ ਪ੍ਰਮੁਖਤਾ ਦਿੱਤੀ। ਜੇ ਚਾਲ੍ਹੀ ਸਿੰਘਾਂ ਨੇ ਬੇਦਾਅਵਾ ਲਿਖਕੇ ਜਾਣ ਦੀ ਆਗਿਆ ਮੰਗੀ ਤਾਂ ਉਨ੍ਹਾਂ ਨੂੰ ਕੋਈ ਦੰਡ ਨਾ ਦਿੱਤਾ। ਪੰਜ ਪਿਆਰਿਆਂ ਤੋਂ ਆਪਣੇ ਆਪ ਨੂੰ ਤਨਖ਼ਾਹ ਵੀ ਲਗਵਾਈ ਤਾਂ ਕਿ ਉਨ੍ਹਾਂ ਦਾ ਗਣਤੰਤ੍ਰ ਵਿਚ ਵਿਸ਼ਵਾਸ ਪੱਕਾ ਰਹੇ। ਸਿੱਖ ਧਰਮ ਦੀਆਂ ਇਨ੍ਹਾਂ ਉਦਾਰ-ਨੀਤੀਆਂ ਸਦਕਾ ਜਿਥੇ ਪੰਜਾਬੀ ਸਦਾ ਗਣਤੰਤ੍ਰੀ ਪਰੰਪਰਾਵਾਂ ਵਿਚ ਵਿਸ਼ਵਾਸ ਕਰਦੇ ਰਹੇ ਹਨ, ਉਥੇ ਇਹ ਕਦੇ ਕਿਸੇ ਇਕ ਅਧਿਕਾਰੀ (ਅਥਾਰਿਟੀ) ਦਾ ਹੁਕਮ ਮੰਨਣੋਂ ਵੀ ਸਦਾ ਇਨਕਾਰੀ ਰਹੇ ਹਨ। ਅਧਿਕਾਰੀ ਲੱਖ ਚੰਗਾ ਹੋਵੇ, ਇਹ ਸਦਾ ਉਸ ਦਾ ਤਖ਼ਤਾ ਮੂਧਾ ਕਰਨ ਦੀ ਕੋਸ਼ਿਸ਼ ਵਿਚ ਰੁੱਝੇ ਦਿਸਣਗੇ।

ਪੰਜਾਬੀ ਸਭਿਆਚਾਰ ਦੀਆਂ ਇਹ ਵਿਸ਼ੇਸ਼ਤਾਵਾਂ ਪੰਜਾਬੀ ਸਾਹਿੱਤ ਵਿਚ ਵੀ ਬਾਖ਼ੂਬੀ ਉਜਾਗਰ ਹੁੰਦੀਆਂ ਹਨ। ਸਾਹਿਤ ਨਾ ਕੇਵਲ ਜੀਵਨ ਦਾ ਪ੍ਰਤੀਬਿੰਬ ਹੁੰਦਾ ਹੈ ਬਲਕਿ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਇਸ ਪ੍ਰਕਾਰਜ ਦੁਆਰਾ ਪੰਜਾਬੀ ਸਾਹਿਤ ਨੇ ਸਦਾ ਗਣਤੰਤ੍ਰੀ ਮੁੱਲਾਂ ਦੀ ਅਭਿਵਿਅਕਤੀ ਦੁਆਰਾ ਪੰਜਾਬੀਆਂ ਨੂੰ ਅਗਾਂਹਵਧੂ ਬਣਾਈ ਰੱਖਿਆ ਹੈ। ਜੇ ਅਸੀਂ ਪੰਜਾਬੀ ਸਾਹਿਤ ਦੀ ਵੱਖ ਵੱਖ ਧਾਰਾਵਾਂ ਦਾ ਸਿਲਸਿਲੇਵਾਰ ਅਧਿਐਨ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਹਰ ਧਾਰਾ 'ਗ਼ੁਲਾਮੀ' ਦਾ ਵਿਰੋਧ ਬੜੇ ਸਟੀਕ ਅੰਦਾਜ਼ ਵਿਚ ਕਰਦੀ ਰਹੀ ਹੈ। ਸ਼ੇਖ ਫ਼ਰੀਦ ਨੇ ਬਾਰ੍ਹਵੀਂ ਸਦੀ ਵਿਚ ਹੀ ਕਹਿ ਦਿੱਤਾ ਸੀ :

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ।
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ ॥

ਸ਼ੇਖ ਫ਼ਰੀਦ ਦੁਆਰਾ ਸ਼ੁਰੂ ਹੋਈ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਹਰ ਤਰ੍ਹਾਂ ਦੀ ਸੰਸਥਾਗਤ ਗ਼ੁਲਾਮੀ ਦਾ ਵਿਰੋਧ ਕਰਦੀ ਰਹੀ। ਬੁਲ੍ਹੇ ਸ਼ਾਹ ਵਰਗੇ ਮਲਾਮਤੀ ਸੂਫ਼ੀ ਫ਼ਕੀਰਾਂ ਨੇ ਬੜੇ ਧੜੱਲੇ ਨਾਲ ਧਰਮ ਦੇ ਸੰਸਥਾਗਤ ਰੂਪ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ :

ਧਰਮਸਾਲ ਧੜਵਈ ਵੱਸਦੇ ਠਾਕਰ ਦੁਆਰੇ ਠੱਗ।
ਵਿਚ ਮਸੀਤੀਂ ਰਹਿਣ ਕੁਸੱਤੀ (ਬੁਲ੍ਹਿਆ) ਆਸ਼ਕ ਰਹਿਣ ਅਲੱਗ।

ਪੰਜਾਬੀ ਸਾਹਿਤ ਦੀ ਸਭ ਤੋਂ ਵੱਧ ਗੌਰਵਮਈ ਕਾਵਿ ਪਰੰਪਰਾ 'ਗੁਰਮਤਿ ਕਾਵਿ ਧਾਰਾ' ਰਹੀ ਹੈ। ਸਿੱਖ ਗੁਰੂਆਂ ਨੇ ਹਰ ਤਰ੍ਹਾਂ ਦੀ ਗ਼ੁਲਾਮੀ ਵਿਰੁੱਧ ਵਿਅਕਤੀ ਨੂੰ ਸੁਚੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ। ਉਨ੍ਹਾਂ ਇਕ ਆਜ਼ਾਦ ਸਟੇਟ ਦਾ ਸੁਪਨਾ ਹਰ ਪੰਜਾਬੀ ਦੇ ਮਨ-ਮਸਤਿਕ ਵਿਚ ਬੀਜ ਦਿੱਤਾ। ਗੁਰਬਾਣੀ ਵਿਚ ਥਾਂ-ਥਾਂ ਰਾਜਿਆਂ ਅਤੇ ਅਹਿਲਕਾਰਾਂ ਦੀ ਪ੍ਰਤਾੜਨਾ ਕੀਤੀ ਗਈ ਹੈ। ਉਨ੍ਹਾਂ ਨੂੰ ਜਾਨਵਰ, ਸ਼ੈਤਾਨ ਅਤੇ ਨਾ ਜਾਣੇ ਹੋਰ ਕੀ-ਕੀ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। ਉਦਾਹਰਣ ਲਈ :

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ ॥
ਕੂੜ ਅਮਾਵਸ ਸਚੁ ਚੰਦਰਮਾ ਦੀਸੈ ਨਾਹੀ ਕਹਿ ਚੜਿਆ ॥

ਸਿੱਖ ਗੁਰੂਆਂ ਨੇ ਮਨ, ਵਚਨ ਅਤੇ ਕਰਮਾ ਦੁਆਰਾ ਆਜ਼ਾਦੀ ਦੇ ਸੰਕਲਪ ਦਾ ਪ੍ਰਚਾਰ ਕੀਤਾ ਅਤੇ ਇਸਨੂੰ ਦ੍ਰਿੜ੍ਹ ਕਰਵਾਇਆ। ਇਹੀ ਕਾਰਣ ਹੈ ਕਿ ਇਤਿਹਾਸ ਦੇ ਪੰਨੇ ਫਰੋਲਣ ਤੇ ਪਤਾ ਚੱਲਦਾ ਹੈ ਕਿ ਬਾਬੇ-ਕਿਆਂ ਅਤੇ ਬਾਬਰ-ਕਿਆਂ ਵਿਚ ਇਕ ਸੰਘਰਸ਼ ਨਿਰੰਤਰ ਚਲਦਾ ਰਿਹਾ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿ-ਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਹਰ ਗੁਰੂ-ਵਿਅਕਤੀ ਦਾ ਆਪਣੇ ਸਮਕਾਲੀ ਮੁਗਲ ਰਾਜੇ ਨਾਲ ਸਿੱਧਾ ਵਾਹ ਪੈਂਦਾ ਰਿਹਾ। ਮੁਗ਼ਲ ਰਾਜੇ ਇਨ੍ਹਾਂ ਨੂੰ ਆਪਣੇ ਲਈ ਇਕ ਚੁਨੌਤੀ ਸਮਝ ਕੇ ਸਦਾ ਭੈਭੀਤ ਰਹੇ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਪੰਜਾਬੀ ਸਾਹਿਤ ਦੀ ਕਿੱਸਾ ਕਾਵਿ ਪਰੰਪਰਾ ਵਿਚ ਜਾਗੀਰਦਾਰੀ ਜੀਵਨ ਮੁੱਲਾਂ ਦਾ ਪ੍ਰਚਾਰ ਹੋਇਆ ਹੈ ਅਤੇ ਇਸ ਲਈ ਇਸ ਪਰੰਪਰਾ ਨੂੰ ਪ੍ਰਗਤੀਸ਼ੀਲ ਨਹੀਂ ਕਿਹਾ ਜਾ ਸਕਦਾ। ਪਰ ਧਿਆਨ ਨਾਲ ਦੇਖਣ ਤੇ ਪਤਾ ਚੱਲਦਾ ਹੈ ਕਿ ਕਿੱਸਾ ਕਾਵਿ ਦੇ ਮੁਖ ਪਾਤਰ ਕਦੇ ਵੀ ਸਾਧਾਰਣ ਮਨੁੱਖ ਦੀ ਸਾਧਾਰਣਤਾ ਨਾਲੋਂ ਉਪਰ ਦੇ ਵਿਵਹਾਰ ਦਾ ਪ੍ਰਦਰਸ਼ਨ ਕਰਦੇ ਨਹੀਂ ਦਿਖਾਏ ਗਏ। ਕਿੱਸਾ ਕਵੀਆਂ ਨੇ 'ਕਵਿਯੋਵਾਚ' ਵਿਚ ਉਨ੍ਹਾਂ ਮੁਤੱਲਕ ਚਾਹੇ ਕਿਤਨੀਆਂ ਵੀ ਕਪੋਲ-ਕਲਪਨਾਵਾਂ ਮਿਥ ਲਈਆਂ ਹੋਣ ਪਰ ਜਦ ਇਨ੍ਹਾਂ ਪਾਤਰਾਂ ਸਾਹਵੇਂ ਅਮਲ ਦਾ ਵਕਤ ਆਇਆ ਤਾਂ ਉਨ੍ਹਾਂ ਨੇ ਕਦੇ ਵੀ ਕੋਈ ਉਪਰ-ਪ੍ਰਾਕਿਰਤਕ ਸ਼ਕਤੀ ਦਾ ਪ੍ਰਦਰਸ਼ਨ ਨਹੀਂ ਕੀਤਾ। ਹਾਂ, ਉਨ੍ਹਾਂ ਵਿਚ ਇਕ ਦ੍ਰਿੜ੍ਹਤਾ ਜ਼ਰੂਰ ਵਿਦਮਾਨ ਰਹੀ ਹੈ ਅਤੇ ਇਸੇ ਦ੍ਰਿੜ੍ਹਤਾ ਨਾਲ ਉਨ੍ਹਾਂ ਨੇ ਸਮਾਜ ਦੇ ਉਸ ਸੰਸਥਾਗਤ ਰੂਪ ਵਿਰੁੱਧ ਵਿਦਰੋਹ ਕੀਤਾ, ਜੋ ਉਨ੍ਹਾਂ ਨੂੰ ਸ੍ਵੈ-ਚੋਣ ਦੀ ਸੁਤੰਤਰਤਾ ਨਹੀਂ ਦੇ ਰਿਹਾ ਸੀ। ਇਨ੍ਹਾਂ ਪਾਤਰਾਂ ਨੇ ਆਪਹੁਦਰਾ ਪਿਆਰ ਕੀਤਾ ਅਤੇ ਸਮਾਜ ਦੇ ਮਾਧਿਅਮ ਦੁਆਰਾ ਉਸ ਰਾਜਨੈਤਿਕ ਸੰਗਠਨ ਨੂੰ ਨੀਵਾਂ ਦਿਖਾਇਆ, ਜੋ ਵਿਅਕਤੀ ਦੀਆਂ ਇਛਾਵਾਂ ਅਤੇ ਆਕਾਂ-ਖਿਆਵਾਂ ਨੂੰ ਕੁਚਲ ਕੇ ਉਸਨੂੰ ਸਦਾ ਲਈ ਆਪਣੀ ਮਰਜ਼ੀ ਦਾ ਗ਼ੁਲਾਮ ਬਣਿਆ ਦੇਖਣਾ ਚਾਹੁੰਦਾ ਸੀ। ਇਸ ਦੇ ਨਾਲ ਹੀ ਇਸ ਕਾਵਿ ਪਰੰਪਰਾ ਦੇ ਸੰਬੰਧ ਵਿਚ ਇਕ ਹੋਰ ਤੱਥ ਵੀ ਉਲੇਖਯੋਗ ਹੈ, ਉਹ ਇਹ ਕਿ ਪ੍ਰੇਮਾਮਈ ਕਿੱਸਿਆਂ ਦੇ ਸਮਾਨਾਂਤਰ ਹੀ ਬੀਰ-ਰਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਿਆਂ ਦੀ ਪਰੰਪਰਾ ਵੀ ਸਦਾ ਗਤੀਸ਼ੀਲ ਰਹੀ ਹੈ। ਦੁੱਲਾ ਭੱਟੀ ਅਤੇ ਜਿਉਣਾ ਮੌੜ ਵਰਗੇ ਪਾਤਰਾਂ ਨੇ ਵਕਤੀ ਹੁਕਮਰਾਨਾਂ ਨੂੰ ਸਿੱਧੇ ਤੌਰ ਤੇ ਚੁਣੌਤੀ ਦਿੱਤੀ ਅਤੇ ਸੁਤੰਤਰਤਾ ਪ੍ਰਾਪਤੀ ਦੇ ਬੜੇ ਪ੍ਰਭਾਵਸ਼ਾਲੀ (ਪਰੰਤੂ ਸੀਮਿਤ) ਪ੍ਰਯਤਨ ਜਾਰੀ ਰੱਖੇ। ਇਨ੍ਹਾਂ ਯੋਧਿਆਂ ਦੀਆਂ ਗਾਥਾਵਾਂ ਵਿਚ ਪੰਜਾਬੀ ਰਹਿਤਲ ਅਤੇ ਸੁਭਾ ਦੀ ਤਸਵੀਰ ਬੜੇ ਪ੍ਰਮਾਣਿਕ ਅੰਦਾਜ਼ ਵਿਚ ਅਭਿਵਿਅਕਤ ਹੁੰਦੀ ਹੈ।

ਪੰਜਾਬੀਆਂ ਦੀ ਖ਼ੁਦਮੁਖਤਿਆਰੀ ਦੀ ਭਾਵਨਾ ਨੂੰ ਪ੍ਰਗਟ ਕਰਨ ਵਾਲਾ ਇਕ ਹੋਰ ਸਾਹਿੱਤ-ਰੂਪ ਵਾਰ ਕਾਵਿ ਹੈ। ਸਿਖ ਗੁਰੂਆਂ ਦੇ ਪੰਜਾਬ ਦੇ ਮੰਚ ਉੱਤੇ ਅਵਤਰਿਤ ਹੋਣ ਤੋਂ ਪਹਿਲਾਂ ਪੰਜਾਬੀ ਵਿਚ ਬਹੁਤ ਸਾਰੀਆਂ ਵਾਰਾਂ ਲਿਖੀਆਂ ਜਾ ਚੁੱਕੀਆਂ ਸਨ। ਇਨ੍ਹਾਂ ਪ੍ਰਚਲਿਤ ਵਾਰਾਂ ਦੀ ਬਹਿਰ ਵਿਚ ਸਿਖ-ਗੁਰੂਆਂ ਨੇ ਅਧਿਆਤਮਕ ਵਾਰਾਂ ਦੀ ਸਿਰਜਨਾ ਕੀਤੀ। ਲੋਕ-ਵਾਰਾਂ ਵਿਚ ਪੰਜਾਬੀਆਂ ਦੀ ਆਪਣੇ ਕਬੀਲੇ ਪ੍ਰਤੀ ਵਫ਼ਾਦਾਰੀ, ਜੰਗ ਲਈ ਸੁਭਾਵਕ ਉਤਸ਼ਾਹ ਅਤੇ ਆਕੜ ਨਾਲ ਜਿਊਣ ਦੀ ਉਮੰਗ ਬੜੇ ਸਪੱਸ਼ਟ ਰੂਪ ਵਿਚ ਦੇਖੀ ਸਮਝੀ ਜਾ ਸਕਦੀ ਹੈ।

ਪੰਜਾਬੀ ਸਾਹਿੱਤ ਦਾ ਆਧੁਨਿਕ ਕਾਲ ਵੀਹਵੀਂ ਸਦੀ ਵਿਚ ਹੀ ਸ਼ੁਰੂ ਹੁੰਦਾ ਹੈ। ਪੰਜਾਬੀ ਸਾਹਿੱਤ ਦੇ ਵੱਖ-ਵੱਖ ਰੂਪਾਕਾਰਾਂ ਵਿਚ ਆਧੁਨਿਕ ਸੰਸਕਾਰ ਲਿਆਉਣ ਦੀ ਪ੍ਰਥਮ ਚੇਸ਼ਟਾ ਭਾਈ ਵੀਰ ਸਿੰਘ ਨੇ ਕੀਤੀ। ਆਪਣੇ ਸ੍ਰੇਣੀਗਤ ਸੁਭਾਉ ਕਾਰਣ ਉਸ ਨੇ ਭਾਵੇਂ ਕਦੇ ਵੀ ਸੁਤੰਤਰਤਾ ਪ੍ਰਤੀ ਆਪਣੇ ਭਾਵਾਂ ਦਾ ਸਿੱਧਾ ਇਜ਼ਹਾਰ ਨਹੀਂ ਕੀਤਾ ਪਰ ਤਾਂ ਵੀ 'ਗੰਗਾ ਰਾਮ' ਵਰਗੀਆਂ ਬ੍ਰਿਤਾਂਤਿਕ ਕਵਿਤਾਵਾਂ ਵਿਚ ਆਜ਼ਾਦੀ ਪ੍ਰਤੀ ਉਸ ਦੀ ਲਾਲਸਾ ਨਜ਼ਰ ਆ ਜਾਂਦੀ ਹੈ। ਪ੍ਰੋ. ਪੂਰਨ ਸਿੰਘ ਨੇ ਆਪਣੀ ਇਕ ਕਵਿਤਾ 'ਜਵਾਨ ਪੰਜਾਬ ਦੇ' ਵਿਚ ਪੰਜਾਬੀਆਂ ਦੀ ਆਜ਼ਾਦੀ ਪ੍ਰਤੀ ਤੜਪ ਅਤੇ ਸ੍ਵੈਇੱਛਾ ਅਨੁਸਾਰ ਜੀਣ ਦੀ ਪ੍ਰਬਲ ਤਾਂਘ ਨੂੰ ਬੜਾ ਨਿਝੱਕ ਹੋ ਕੇ ਬਿਆਨ ਕੀਤਾ ਹੈ। ਲਾਲਾ ਧਨੀਰਾਮ ਚਾਤ੍ਰਿਕ ਨੇ ਵੀ ਆਪਣੀਆਂ ਨਜ਼ਮਾਂ ਅਤੇ ਗੀਤਾਂ ਵਿਚ ਗ਼ੁਲਾਮੀ ਦੇ ਸੰਸਕਾਰਾਂ ਦਾ ਬੜਾ ਡਟਵਾਂ ਵਿਰੋਧ ਕੀਤਾ ਹੈ। ਇਕ ਕਵਿਤਾ ਵਿਚ ਉਹ ਲਿਖਦਾ ਹੈ :

> ਬੰਦੀਜਨ ਦੇ ਹਲੂਏ ਨਾਲੋਂ ਟੁਕੜੇ ਭਲੇ ਫ਼ਕੀਰਾਂ ਦੇ।
> ਕਰ ਗੁਜ਼ਰਾਨ ਸੁਤੰਤਰਤਾ ਵਿਚ ਪਹਿਨ ਗੋਦੜੇ ਲੀਰਾਂ ਦੇ।

ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਨੇ ਸੁਤੰਤਰਤਾ ਦੇ ਸੰਕਲਪ ਨੂੰ ਇਕ ਨਿਸ਼ਚਿਤ ਅਤੇ ਸਿਧਾਂਤਿਕ ਧਾਰ ਦਿੱਤੀ। ਇਸ ਪੀੜ੍ਹੀ ਤੋਂ ਅਗਲੇ ਕਵੀਆਂ ਨੇ ਪੰਜਾਬੀ ਕਵਿਤਾ ਦੇ ਇਸ ਮਿਜ਼ਾਜ ਅਤੇ ਮੁਹਾਵਰੇ ਨੂੰ ਸਲਾਮਤ ਰੱਖਿਆ। ਗਲਪ ਦੇ ਖੇਤਰ ਵਿਚ ਨਾਨਕ ਸਿੰਘ ਨੇ ਪ੍ਰਗਤੀਸ਼ੀਲ ਸੋਚ ਅਤੇ ਮਾਨਵਤਾਵਾਦੀ ਕੀਮਤਾਂ ਉੱਤੇ ਪਹਿਰਾ ਦਿੱਤਾ ਜਿਥੇ ਉਸਨੇ 'ਚਿੱਟਾ ਲਹੂ' ਵਰਗੇ ਸਮਾਜ ਸੁਧਾਰਕ ਨਾਵਲ ਲਿਖੇ, ਉਥੇ 'ਇਕ ਮਿਆਨ ਦੋ ਤਲਵਾਰਾਂ' ਵਰਗੇ ਸ਼ੁੱਧ ਰਾਜਨੈਤਿਕ-ਇਤਿਹਾਸਕ ਦਸਤਾਵੇਜ਼ਾਂ ਦੀ ਰਚਨਾ ਵੀ ਕੀਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਸ ਉਪਰੰਤ ਜਸਵੰਤ ਸਿੰਘ ਕੰਵਲ, ਸੋਹਣ ਸਿੰਘ ਸੀਤਲ, ਨਰਿੰਦਰਪਾਲ ਸਿੰਘ ਅਤੇ ਗੁਰਦਿਆਲ ਸਿੰਘ ਨੇ ਪੰਜਾਬੀ ਗਲਪ ਨੂੰ ਪੰਜਾਬੀ ਸਭਿਆਚਾਰ ਦੀਆਂ ਵਿਭਿੰਨ ਪ੍ਰਵਿਰਤੀਆਂ ਦਾ ਲਖਾਇਕ ਬਣਾਈ ਰੱਖਿਆ। ਨਾਟਕ ਦੇ ਖੇਤਰ ਵਿਚ ਕੁਝ ਇਸੇ ਤਰ੍ਹਾਂ ਦੀ ਪ੍ਰਤੀਬੱਧਤਾ ਆਈ. ਸੀ. ਨੰਦਾ, ਡਾ. ਹਰਚਰਨ ਸਿੰਘ, ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਆਤਮਜੀਤ ਸਿੰਘ ਅਤੇ ਅਜਮੇਰ ਔਲਖ ਵਿਚ ਦੇਖੀ ਜਾ ਸਕਦੀ ਹੈ। ਵਿਚਾਰਧਾਰਾਇਕ ਪੱਧਰ ਤੇ ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ, ਡਾ. ਅਤਰ ਸਿੰਘ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਕੁਲਬੀਰ ਸਿੰਘ ਕਾਂਗ ਅਤੇ ਡਾ. ਵਿਨੋਦ ਆਦਿਕ ਸਮਾਲੋਚਕਾਂ ਨੇ ਪੰਜਾਬੀ ਸਾਹਿੱਤ ਦੇ ਵੱਖ-ਵੱਖ ਰੂਪਾਕਾਰਾਂ ਵਿਚ ਪ੍ਰਗਤੀਸ਼ੀਲਤਾ ਅਤੇ ਪ੍ਰਤੀਬੱਧਤਾ ਦੇ ਸੰਕਲਪ ਨੂੰ ਕਦੇ ਵੀ ਖੁਰਣ ਨਹੀਂ ਦਿੱਤਾ। ਇਨ੍ਹਾਂ ਚਿੰਤਕਾਂ ਦੀ ਪ੍ਰਤਾੜਨਾ ਅਤੇ ਪ੍ਰੇਰਨਾ ਸਦਕਾ ਆਧੁਨਿਕ ਪੰਜਾਬੀ ਸਾਹਿੱਤ ਸਦਾ ਮਾਨਵਤਾਵਾਦੀ ਕਦਰ-ਕੀਮਤਾਂ ਨਾਲ ਜੁੜਿਆ ਰਿਹਾ ਹੈ।

ਪੰਜਾਬ ਦੇ ਰਾਜਨੈਤਿਕ ਇਤਿਹਾਸ ਅਤੇ ਪੰਜਾਬੀ ਸਾਹਿੱਤ ਦੇ ਇਤਿਹਾਸ ਦਾ ਇਹ ਸੰਖਿਪਤ ਪਰੰਤੂ ਕ੍ਰਮਿਕ ਸਰਵੇਖਣ ਇਹ ਸਪੱਸ਼ਟ ਕਰ ਦਿੰਦਾ ਹੈ ਕਿ ਪੰਜਾਬੀ ਲੋਕ ਸਦਾ ਗਣਤੰਤਰੀ ਮੁੱਲਾਂ ਨੂੰ ਪਿਆਰਦੇ-ਸਤਿਕਾਰਦੇ ਰਹੇ ਹਨ। ਇਸ ਦੇ ਕਾਰਣ ਰਾਜਨੈਤਿਕ ਵੀ ਹੋ ਸਕਦੇ ਹਨ ਅਤੇ ਸਭਿਆਚਾਰਕ ਵੀ, ਪਰ ਇਤਨਾ ਜ਼ਰੂਰ ਹੈ ਕਿ ਪੰਜਾਬੀਆਂ ਨੇ ਕਦੀ ਵੀ ਕਿਸੇ ਇਕ ਖ਼ਾਨਦਾਨ, ਨਸਲ ਜਾਂ ਸੰਸਥਾ ਦੀ ਗ਼ੁਲਾਮੀ ਸਵੀਕਾਰ ਨਹੀਂ ਕੀਤੀ। ਇਹ ਲੋਕ ਨਿਰੰਤਰ ਪਰਿਵਰਤਨ ਦੀ ਇੱਛਾ ਰੱਖਦੇ ਸਨ। ਕਈ ਵਾਰ ਤਾਂ ਸਿਰਫ 'ਪਰਿਵਰਤਨ ਲਈ ਪਰਿਵਰਤਨ' ਹੀ ਇਨ੍ਹਾਂ ਦਾ ਨਾਅਰਾ ਬਣ ਜਾਂਦਾ ਹੈ। ਅਜਿਹੇ ਨਾਅਰੇ ਭਾਵੇਂ ਬਾਹਰਲੇ ਲੋਕਾਂ ਲਈ ਪਿਛਾਂਹ ਖਿਚੂ ਪ੍ਰਤੀਤ ਹੁੰਦੇ ਹਨ ਪਰ ਪੰਜਾਬੀ ਜਾਣਦੇ ਹਨ ਕਿ ਹਰ ਪਰਿਵਰਤਨ ਉਨ੍ਹਾਂ ਵਾਸਤੇ ਨਵਾਂ ਜੋਸ਼ ਅਤੇ ਨਵੀਂ ਉਮੰਗ ਲੈ ਕੇ ਆਉਂਦਾ ਹੈ। ਮਕਤਲ ਵਿਚੋਂ ਦੀ ਮੁਸਕਰਾ ਕੇ ਲੰਘਣ ਦੀ ਅਦਾ ਉਨ੍ਹਾਂ ਨੂੰ ਖੂਬ ਆਉਂਦੀ ਹੈ ਅਤੇ 'ਫ਼ੀਨਿਕਸ' ਵਾਂਗ ਉਹ ਆਪਣੀ ਹੀ ਸੁਆਹ ਦੀ ਢੇਰੀ ਵਿਚੋਂ ਪੁਨਰ ਜਨਮ ਲੈ ਕੇ ਨਵੇਂ ਆਕਾਸ਼ਾਂ 'ਤੇ ਛਾ ਜਾਂਦੇ ਹਨ।

ਪੰਜਾਬੀ ਸੁਭਾਉ ਵਿਚ ਇਕ ਮਾਨਵ ਵਿਗਿਆਨੀ ਨੂੰ ਇਤਨੇ ਵਿਰੋਧਾਭਾਸ ਨਜ਼ਰ ਆਉਣਗੇ ਕਿ ਉਹ ਚੱਕ੍ਰਿਤ ਹੋ ਜਾਵੇਗਾ। ਇਨ੍ਹਾਂ ਵਿਚ ਦ੍ਰਿੜ੍ਹਤਾ ਵੀ ਹੈ ਅਤੇ ਲਚਕ ਵੀ ਹੈ। ਇਹ ਅਹਿੰਸਾਵਾਦੀ ਵੀ ਹਨ ਅਤੇ ਪੁੱਜ ਕੇ ਹਿੰਸਕ ਵੀ। ਇਹ ਇਕ ਰੱਬ ਨੂੰ ਵੀ ਮੰਨਦੇ ਹਨ ਅਤੇ ਬਹੁਦੇਵਵਾਦ ਵਿਚ ਵੀ ਇਨ੍ਹਾਂ ਨੂੰ ਯਕੀਨ ਹੈ। ਇਹ ਅੰਤਰ-ਪਰਿਵਾਰਿਕ ਸ਼ਾਦੀ (Cross-cousin marriage) ਨੂੰ ਵੀ ਪ੍ਰਵਾਨ ਕਰ ਲੈਂਦੇ ਹਨ ਅਤੇ ਬਹੁਤ ਦੂਰ ਦੇ ਗੋਤਾਂ ਵਿਚ ਹੀ ਵਿਆਹ ਕਰਨ ਬਾਰੇ ਵੀ ਇਨ੍ਹਾਂ ਦੀ ਧਾਰਣਾ ਬੜੀ ਪੱਕੀ ਹੈ। ਖਾਣ-ਪੀਣ, ਰਹਿਣ-ਸਹਿਣ ਅਤੇ ਹੱਸਣ-ਬੋਲਣ ਸੰਬੰਧੀ ਵੀ ਇਨ੍ਹਾਂ ਦੇ ਵਿਵਹਾਰ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈਰਾਨੀਜਨਕ ਵਿਵਿਧਤਾ ਦੇਖੀ ਜਾ ਸਕਦੀ ਹੈ। ਅਸਲ ਵਿਚ ਸਮੁੱਚਾ ਮਨੁੱਖੀ ਸਭਿਆਚਾਰ, ਜੋ ਸਥਾਨਕ ਵਿਭਿੰਨਤਾਵਾਂ ਕਾਰਣ ਬਹੁਤ ਸਾਰੇ ਸਭਿਆਚਾਰਾਂ ਦਾ ਸਮੂਹ ਹੈ, ਪੰਜਾਬੀ ਸਭਿਆਚਾਰ ਵਿਚ ਧੜਕਦਾ ਬੜੇ ਸਾਫ਼ ਤੌਰ ਤੇ ਸੁਣਿਆ ਜਾ ਸਕਦਾ ਹੈ। ਇਹੀ ਕਾਰਣ ਹੈ ਕਿ ਇਕ ਪੰਜਾਬੀ ਨੂੰ ਚਾਹੇ ਕਿਸੇ ਸਭਿਆਚਾਰ ਵਿਚ ਭੇਜ ਦੇਵੋ, ਉਹ ਬੜੀ ਆਸਾਨੀ ਨਾਲ ਉਥੇ 'ਐਡਜਸਟ' ਹੋ ਜਾਵੇਗਾ। ਪੰਜਾਬੀ ਸਭਿਆਚਾਰ ਦੀ ਇਸ ਵਿਲੱਖਣਤਾ ਨੇ ਹੀ ਪੰਜਾਬੀਆਂ ਨੂੰ ਦੁਨੀਆ ਦੀ ਗੌਰਵਮਈ ਕੌਮ ਦੇ ਰੂਪ ਵਿਚ ਪ੍ਰਤਿਸਠ ਬਣਾਇਆ ਹੋਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੇ ਰਸਮ ਰਿਵਾਜ : ਵਿਹਾਰਕ ਪਾਠ

ਕਿਸੇ ਵੀ ਸਭਿਆਚਾਰ ਨੂੰ ਸਮਝਣ ਲਈ ਉਸ ਦੇ ਰਸਮ ਰਿਵਾਜ ਬੜੀ ਮਹੱਤਵ ਪੂਰਣ ਭੂਮਿਕਾ ਨਿਭਾਉਂਦੇ ਹਨ। ਸੋ ਪੰਜਾਬੀ ਸਭਿਆਚਾਰ ਨੂੰ ਸਮਝਣ ਲਈ ਪੰਜਾਬੀਆਂ ਦੇ ਰਸਮਾਂ ਰਿਵਾਜਾਂ ਦਾ ਅਧਿਐਨ ਬੜੇ ਲਾਹੇਵੰਦ ਸਿੱਟੇ ਸਾਹਮਣੇ ਲਿਆਵੇਗਾ। ਪੰਜਾਬੀ ਸਭਿਆਚਾਰ ਇਕ ਸੁਮਿਸ਼ਰਿਤ ਸਭਿਆਚਾਰ ਹੈ। ਆਰੀਆ ਲੋਕਾਂ ਦੇ ਆਗਮਨ ਤੋਂ ਪਹਿਲਾਂ ਵੀ ਇਥੇ ਇਕ ਬੜਾ ਗੌਰਵਮਈ ਸਭਿਆਚਾਰ ਵਿਕਸਿਤ ਹੋ ਚੁੱਕਾ ਸੀ ਜਿਸ ਦਾ ਕੁਝ ਅਨੁਮਾਨ ਹੜੱਪਾ ਅਤੇ ਸੰਘੋਲ ਦੀਆਂ ਖੁਦਾਈਆਂ ਤੋਂ ਲਾਇਆ ਜਾ ਸਕਦਾ ਹੈ। ਭੂਗੋਲਿਕ ਤੌਰ ਤੇ ਪੰਜਾਬ ਇਕ ਅਜਿਹੀ ਥਾਂ ਸਥਿਤ ਰਿਹਾ ਹੈ ਕਿ ਇਸ ਦੇ ਵਾਸੀਆਂ ਨੂੰ ਹਰ ਬਾਹਰਲੇ ਹਮਲਾਵਰ ਦਾ ਸਭ ਤੋਂ ਪਹਿਲਾ ਮੁਕਾਬਲਾ ਕਰਨਾ ਪਿਆ। ਇਸ ਤੱਥ ਨੇ ਪੰਜਾਬੀਆਂ ਨੂੰ ਐਸੇ ਹਠੀਲੇ ਸੂਰਬੀਰ ਬਣਾ ਦਿੱਤਾ ਜੋ ਹਰ ਰਣ ਤੱਤੇ ਵਿਚ ਖੁਸ਼ੀ ਨਾਲ ਛਾਲਾਂ ਮਾਰਦੇ ਅਤੇ ਮੌਤ ਨੂੰ ਮਖੌਲਾਂ ਕਰਦੇ ਅੱਗੇ ਵਧਦੇ ਜਾਂਦੇ ਹਨ। ਇਹ ਪੰਜਾਬ ਦੇ ਦਰਿਆਵਾਂ ਵਾਂਗ, ਸ਼ੂਕਦੇ ਅਤੇ ਇਸ ਦੀ ਉਪਜਾਊ ਧਰਤੀ ਦੀ ਤਰ੍ਹਾਂ ਖੁਲਦਿਲੇ ਅਤੇ ਉਦਾਰ ਹਨ। ਇਹ ਵੱਲ ਛੱਲ ਨਹੀਂ ਜਾਣਦੇ, ਹੱਥ ਨਹੀਂ ਅੱਡਦੇ। ਬਾਹਾਂ ਅਤੇ ਹਿੱਕ ਦੇ ਜ਼ੋਰ ਨਾਲ ਜਿਉਂਦੇ ਜਾਗਦੇ ਹਨ।

ਪੰਜਾਬੀ ਸੁਭਾਉ ਵਿਚ ਕਿਸੇ ਮਾਨਵ ਵਿਗਿਆਨੀ ਨੂੰ ਇੰਨੇ ਵਿਰੋਧਾਭਾਸ ਨਜਰ ਆਉਣਗੇ ਕਿ ਉਹ ਚਕ੍ਰਿਤ ਹੋ ਜਾਵੇਗਾ। ਇਨ੍ਹਾਂ ਵਿਚ ਦ੍ਰਿੜ੍ਹਤਾ ਵੀ ਹੈ ਤੇ ਲਚਕ ਵੀ। ਇਹ ਅਹਿੰਸਾਵਾਦੀ ਵੀ ਹਨ ਤੇ ਪੁਜ ਕੇ ਹਿੰਸਕ ਵੀ। ਇਹ ਇਕ ਰੱਬ ਨੂੰ ਵੀ ਮੰਨਦੇ ਹਨ ਅਤੇ ਬਹੁ-ਦੇਵਵਾਦ ਵਿਚ ਵੀ ਇਨ੍ਹਾਂ ਨੂੰ ਯਕੀਨ ਹੈ। ਇਹ ਅੰਤਰ-ਪਰਿਵਾਰਕ ਸ਼ਾਦੀ ਨੂੰ ਵੀ ਪ੍ਰਵਾਨ ਕਰ ਲੈਂਦੇ ਹਨ ਅਤੇ ਬਹੁਤ ਦੂਰ ਦੇ ਗੋਤਾਂ ਵਿਚ ਹੀ ਵਿਆਹ ਕਰਨ ਬਾਰੇ ਵੀ ਇਹਨਾਂ ਦੀ ਧਾਰਨਾ ਬੜੀ ਪੱਕੀ ਹੈ। ਖਾਣ ਪੀਣ, ਰਹਿਣ ਸਹਿਣ ਅਤੇ ਹੱਸਣ ਬੋਲਣ ਸੰਬੰਧੀ ਵੀ ਇਨ੍ਹਾਂ ਦੇ ਵਿਵਹਾਰ ਵਿਚ ਹੈਰਾਨੀਅਤ ਵਿਵਿਧਤਾ ਵੇਖੀ ਜਾ ਸਕਦੀ ਹੈ। ਅਸਲ ਵਿਚ ਸਮੁੱਚਾ ਮਨੁੱਖੀ ਸਭਿਆਚਾਰ, ਜੋ ਸਥਾਨਕ ਵਿਭਿੰਨਤਾਵਾਂ ਕਾਰਣ ਬਹੁਤ ਸਾਰੇ ਸਭਿਆਚਾਰਾਂ ਦਾ ਸਮੂਹ ਹੈ, ਪੰਜਾਬੀ ਸਭਿਆਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਧੜਕਦਾ ਬੜੇ ਸਾਫ਼ ਤੌਰ ਤੇ ਸੁਣਿਆ ਜਾ ਸਕਦਾ ਹੈ। ਪੰਜਾਬੀਆਂ ਦੇ ਸੁਭਾਉ ਵਿਚਲੀ ਲਚਕ ਦਾ ਅਧਿਐਨ ਕਰਨ ਵਾਸਤੇ ਅਸੀਂ ਇਕ ਲੋਕ ਗੀਤ ਦੀ ਉਦਾਹਰਣ ਲੈਂਦੇ ਹਾਂ। ਇਸ ਲੋਕ ਗੀਤ ਵਿਚ ਪੰਜਾਬੀ ਸੁਭਾਉ ਦੀ ਉਦਾਰਤਾ ਅਤੇ ਸਹਿਣਸ਼ੀਲਤਾ ਬੜੇ ਸਪਸ਼ਟ ਢੰਗ ਨਾਲ ਰੂਪਮਾਨ ਹੋਈ ਹੈ।

ਆ ਵਣਜਾਰਿਆ ਵੰਗਾਂ ਵਾਲਿਆ
ਕਿੱਥੇ ਤਾਂ ਤੇਰੇ ਘਰ ਵੇ।

ਵੰਗਾਂ ਬਲੌਰੀ ਚਾੜ੍ਹੀਂ ਮੇਰੇ
ਨਾਮਾ ਪਹਿਲੋਂ ਫੜ ਵੇ।

ਭੀੜੀ ਵੰਗ ਬਚਾ ਕੇ ਚਾੜ੍ਹੀਂ
ਮੈਂ ਜਾਮਾਂਗੀ ਮਰ ਵੇ।

ਮਾਰ ਕੇ ਹਾਕਾਂ ਕੱਠੀਆਂ ਕਰ ਲੈ
ਕਿਉਂ ਫਿਰਦੈਂ ਦਰ ਦਰ ਵੇ।

ਛੱਲੇ ਛਾਪਾਂ ਲੌਂਗ ਆਰਸੀ
ਸਭਨਾਂ ਦਾ ਮੁੱਲ ਕਰ ਵੇ।

ਤੀਆਂ ਦੇ ਦਿਨ ਥੋੜ੍ਹੇ ਰਹਿਗੇ
ਜਾਣਾ ਸਹੁਰੇ ਘਰ ਵੇ।

ਸੱਸ ਕੁਪੱਤੀ ਮੇਹਣੇ ਮਾਰੇ
ਨਣਦ ਪੈਂਦੀ ਆ ਲੜ ਵੇ।

ਲੱਖਦਾਤੇ ਦਾ ਰੋਟ ਪਕਾ ਕੇ
ਸੁੱਖਣਾ ਆਈ ਵਰ ਵੇ।

ਹੈਦਰ ਸ਼ੇਖ਼ ਦੀਆਂ ਭਰ ਕੇ ਚੌਂਕੀਆਂ
ਨ੍ਹਾਤੀ ਅੰਬਰਸਰ ਵੇ।

ਸਾਰੀਆਂ ਗੱਲਾਂ ਦੀ ਜੜ੍ਹ ਵੱਢ ਕੇ
ਪਾ ਲਿਆ ਗਾਤਰਾ ਗਲ ਵੇ।

ਮੈਂ 'ਕਾਲਣ' ਬਣ ਗਈ
ਹੁਣ ਨਾ ਕਿਸੇ ਦਾ ਡਰ ਵੇ।

ਕੁਝ ਸਮਾਜ ਸ਼ਾਸਤਰੀਆਂ ਨੇ ਰਸਮ ਰਿਵਾਜਾਂ ਦਾ ਮੂਲ ਪਹਿਚਾਨਣ ਦੀ ਕੋਸ਼ਿਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੀਤੀ ਹੈ। ਉਨ੍ਹਾਂ ਅਨੁਸਾਰ ਬਹੁਤ ਸਾਰੇ ਰਸਮ-ਰਿਵਾਜ ਮਨੁੱਖ ਦੀਆਂ ਬੁਨਿਆਦੀ ਲੋੜਾਂ ਜਿਵੇਂ ਸ੍ਵੈ-ਰੱਖਿਆ, ਲਿੰਗਕ ਰੁਚੀਆਂ ਅਤੇ ਪੁਨਰ-ਸਿਰਜਣਾ ਆਦਿ ਨੂੰ ਪੂਰਿਆਂ/ਨਿਯਮਿਤ ਕਰਨ ਲਈ ਬਣਾਏ ਗਏ । ਕਈ ਰਿਵਾਜ ਇਕ ਸਭਿਆਚਾਰ ਵਿਚੋਂ ਦੂਜੇ ਸਭਿਆਚਾਰ ਵਿਚ ਨਿਰੰਤਰ ਸੰਪਰਕ ਦੁਆਰਾ ਆ ਗਏ। ਇਹ ਕਾਰਣ ਹੈ ਕਿ ਸਾਡੇ ਰਸਮ ਰਿਵਾਜ ਸਮਾਜਕ ਵਿਵਸਥਾ ਪੈਦਾ ਕਰਨ ਦਾ ਸਭ ਤੋਂ ਬਲਵਾਨ ਵਸੀਲਾ ਬਣੇ ਹੋਏ ਹਨ ।

ਰਸਮ ਰਿਵਾਜ ਸਾਡੇ ਸਮਾਜਕ ਜੀਵਨ ਨੂੰ ਨਿਯਮਿਤ ਕਰਦੇ ਹਨ । ਇਨ੍ਹਾਂ ਕਾਰਣ ਲੋਕ ਇਕ ਦੂਜੇ ਨਾਲ ਪੱਕੇ ਤੌਰ ਤੇ ਜੁੜ ਕੇ ਬਾਹਰਲੇ ਹਮਲਾਵਰਾਂ ਨਾਲ ਮੁਕਾਬਲਾ ਕਰਨ ਦੇ ਸਮਰੱਥ ਹੋ ਜਾਂਦੇ ਹਨ। ਇਹ ਰਸਮ ਰਿਵਾਜ ਸਾਡੇ ਸਮਾਜਕ ਵਿਰਸੇ ਦਾ ਭੰਡਾਰ ਹੁੰਦੇ ਹਨ। ਜਦ ਕਿਸੇ ਵਿਦੇਸ਼ੀ ਹੁਕਮਰਾਨ ਨੇ ਲੋਕਾਂ ਉੱਪਰ ਆਪਣੀ ਪ੍ਰਭੂਸਤਾ ਸਥਾਪਿਤ ਕਰਨੀ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਹ ਉਨ੍ਹਾਂ ਦੇ ਰਸਮ ਰਿਵਾਜਾਂ ਨੂੰ ਹੀ ਨਸ਼ਟ ਕਰਨ ਦੀ, ਕੋਸ਼ਿਸ਼ ਕਰਦਾ ਹੈ। ਨੌਵੇਂ ਗੁਰੂ ਤੇਗ ਬਹਾਦਰ ਜੀ 'ਤਿਲਕ' ਅਤੇ 'ਜੰਞੂ' ਦੀ ਰਾਖੀ ਲਈ ਜਦ ਚਾਂਦਨੀ ਚੌਂਕ ਪਹੁੰਚੇ ਸਨ ਤਾਂ ਭਾਰਤ ਦੇ ਰਸਮ ਰਿਜਾਵਾਂ ਦੀ ਪ੍ਰਮਾਣਿਕਤਾ ਦਾ ਸਵਾਲ ਹੀ ਉਨ੍ਹਾਂ ਦੇ ਮਨ ਵਿਚ ਸੀ। ਇਸ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ :

ਤਿਲਕ ਜੰਞੂ ਰਾਖਾ ਪ੍ਰਭੂ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥

ਪੰਜਾਬੀ ਰਸਮ ਰਿਵਾਜਾਂ ਦੀ ਮੂਲ ਪ੍ਰਵਿਰਤੀ ਧਾਰਮਿਕ ਹੈ ਸਾਡੇ। ਲੋਕ ਆਪਣੀ ਭੌਤਿਕ ਜ਼ਿੰਦਗੀ ਨਾਲ ਸਬੰਧਿਤ ਵੱਖ-ਵੱਖ ਕੰਮ ਧੰਦਿਆਂ ਵਿਚ ਸਫ਼ਲਤਾ ਲਈ ਦੈਵੀ-ਸ਼ਕਤੀਆਂ ਦੀ ਪੂਜਾ-ਅਰਾਧਨਾ ਕਰਦੇ ਹਨ । ਇਸ ਪ੍ਰਸੰਗ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਲਿਖਿਆ ਹੋਇਆ ਇਕ ਰੇਖਾ-ਚਿੱਤਰ ਉਲੇਖਯੋਗ ਹੈ। ਆਪਣੇ ਦਾਦੀ ਜੀ ਦੀ ਭੌਤਿਕ ਜ਼ਿੰਦਗੀ ਦੇ ਵੇਰਵੇ ਪੇਸ਼ ਕਰਦਾ ਹੋਇਆ ਲੇਖਕ ਲਿਖਦਾ ਹੈ, 'ਇਹ ਜਾਗਦੇ ਹਨ, ਇਹ ਸੌਂਦੇ ਹਨ, ਇਹ ਖਾਂਦੇ ਹਨ, ਇਹ ਵਰਤ ਰੱਖਦੇ ਹਨ—ਸਭ ਨੂੰ ਧਰਮ ਸਮਝ ਕੇ । ਆਰਾਮ ਕਰਦੇ, ਧਰਮ ਸਮਝ ਕੇ। ਇਨ੍ਹਾਂ ਲਈ ਧਰਮ ਕੋਈ ਸਿਧਾਂਤ ਨਹੀਂ, ਕੋਈ ਅਕੀਦਾ ਨਹੀਂ ਸਮੁੱਚਾ ਜੀਵਨ ਹੈ। ਇਹਨਾਂ ਵਿਚ ਧਰਮ ਦੇ ਮਿੱਠੇ-ਮਿੱਠੇ ਭਰਮਾਂ ਦੀ ਪਵਿੱਤਰਤਾ ਹੈ। ਕਦੇ ਕੋਈ ਮਹਿਮਾਨ ਘਰੋਂ ਅਸੰਤੁਸ਼ਟ ਚਲਾ ਜਾਵੇ, ਕਹਿੰਦੇ ਹਨ ਕੋਈ ਦੁੱਖ ਆਉਣ ਵਾਲਾ ਹੈ। ਕਿਸੇ ਫ਼ਕੀਰ ਦਾ ਨਿਰਾਦਰ ਹੋ ਜਾਵੇ, ਕਹਿੰਦੇ ਹਨ—ਨੁਕਸਾਨ ਹੋਣ ਵਾਲਾ ਹੈ। ਇਹ ਹਰ ਪੂਰਨ-ਚੰਦ ਸਮੇਂ ਵਰਤ ਰੱਖਦੇ ਹਨ। ਚੰਗੇ ਸ਼ਗਨਾਂ ਵਿਚ ਵਿਸ਼ਵਾਸ ਰੱਖਦੇ ਹਨ। ਕਿਸੇ ਨੂੰ ਪਿੱਛੋਂ ਵਾਜ ਨਹੀਂ ਮਾਰਦੇ। ਇਹ ਕੁਦਰਤ ਦਾ ਬੜਾ ਸਤਿਕਾਰ ਕਰਦੇ ਹਨ। ਜਦੋਂ ਬਿਜਾਈ ਦੀ ਰੁੱਤ ਆਉਂਦੀ ਹੈ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸਾਨ ਆਪਣੇ ਹਲਾਂ ਨਾਲ ਧਰਤੀ ਮਾਤਾ ਦੀਆਂ ਵੱਖੀਆਂ ਕੁਤਕੁਤਾਂਦੇ ਤੇ ਸੁਨਹਿਰੀ ਬੀਜ ਪੋਲੀਆਂ ਤਹਿਆਂ ਵਿਚ ਲੁਕਾਂਦੇ ਹਨ ਤੇ ਆਸ ਰੱਖਦੇ ਹਨ ਕਿ ਮਾਤਾ ਉਛਾਲਵੀਆਂ ਫ਼ਸਲਾਂ ਵਿਚ ਹੱਸੇਗੀ, ਉਦੋਂ ਮੇਰੇ ਦਾਦੀ ਜੀ ਆਪਣੇ ਕਮਰੇ ਦੇ ਇਕ ਆਲੇ ਵਿਚ ਚੋਣਵੇਂ ਦਾਣੇ ਕਣਕ ਦੇ ਬੀਜਦੇ ਹਨ।' ਇਨ੍ਹਾਂ ਵੇਰਵਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਰਸਮ ਰਿਵਾਜ ਸਾਡੇ ਦੈਨਿਕ ਕਾਰ ਵਿਹਾਰ ਵਿਚ ਸਾਨੂੰ ਪ੍ਰੇਰਣਾ ਦਿੰਦੇ ਹਨ ਅਤੇ ਮਨੁੱਖ ਦੀ ਸ਼ਾਨਦਾਰ ਹੋਣੀ ਵਿਚ ਸਾਡਾ ਵਿਸ਼ਵਾਸ ਪੱਕਾ ਕਰਦੇ ਹਨ।

ਇਨ੍ਹਾਂ ਰਸਮ ਰਿਵਾਜਾਂ ਦੇ ਵਿਸ਼ਲੇਸ਼ਣ ਤੋਂ ਇਹ ਪਤਾ ਚੱਲਦਾ ਹੈ ਕਿ ਪੁਰਾਤਨ ਮਨੁੱਖ ਪ੍ਰਕਿਰਤੀ ਦੀਆਂ ਵੱਖ-ਵੱਖ ਸ਼ਕਤੀਆਂ ਸਾਹਵੇਂ ਨਿਰਬਲ ਅਤੇ ਅਸੁਰੱਖਿਅਤ ਸੀ। ਵਿਗਿਆਨ ਅਤੇ ਤਕਨਾਲੋਜੀ ਨੇ ਅਜੇ ਇੰਨਾ ਵਿਕਾਸ ਨਹੀਂ ਸੀ ਕੀਤਾ ਕਿ ਮਨੁੱਖ ਉਨ੍ਹਾਂ ਦੇ ਸਹਿਯੋਗ ਨਾਲ ਪ੍ਰਕਿਰਤੀ ਦੀਆਂ ਸ਼ਕਤੀਆਂ ਨੂੰ ਆਪਣੇ ਸ਼ਾਨਦਾਰ ਭਵਿੱਖ ਦੇ ਨਿਰਮਾਣ ਲਈ ਵਰਤ ਸਕੇ। ਇਸੇ ਲਈ ਉਸ ਨੇ ਆਪਣੇ ਜੀਵਨ-ਸੰਘਰਸ਼ ਨੂੰ ਵਧੇਰੇ ਪ੍ਰਭਾਵੀ ਬਣਾਉਣ ਵਾਸਤੇ ਕੁਝ ਰਸਮ ਰਿਵਾਜ ਸਿਰਜ ਲਏ ਸਨ। ਇਹ ਰਸਮ ਰਿਵਾਜ ਮਨੁੱਖੀ ਜ਼ਿੰਦਗੀ ਦੀਆਂ ਮੁਸ਼ਕਿਲ ਘੜੀਆਂ ਵਿਚ ਉਸ ਨੂੰ ਰਾਹਤ ਅਤੇ ਸਾਹਸ ਪ੍ਰਦਾਨ ਕਰਦੇ ਰਹੇ ਹਨ।

ਸਾਡੇ ਰਸਮ ਰਿਵਾਜਾਂ ਵਿਚੋਂ ਬਹੁਤੇ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਿਤ ਹਨ। ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਗਰਭ ਦੇ ਤੀਜੇ, ਪੰਜਵੇਂ ਜਾਂ ਸਤਵੇਂ ਮਹੀਨੇ ਵਿਚ ਗਰਭਵਤੀ ਇਸਤ੍ਰੀ ਦੇ ਪੱਲੇ ਨਾਲ ਅਨਾਜ ਬੰਨ੍ਹਿਆਂ ਜਾਂਦਾ ਹੈ। ਉਹ ਇਸ ਨੂੰ ਰਿੰਨ੍ਹ ਕੇ ਖਾਂਦੀ ਹੈ ਅਤੇ ਭਾਈਚਾਰੇ ਵਿਚ ਵੰਡਦੀ ਹੈ। ਕਈ ਥਾਵਾਂ ਤੇ ਇਹ ਵੀ ਰਿਵਾਜ ਹੈ ਕਿ ਇਹ ਰਸਮ ਕਰਨ ਵੇਲੇ ਦੋਵੇਂ ਪਤੀ-ਪਤਨੀ ਨਵੇਂ ਕੱਪੜੇ ਪਹਿਨ ਕੇ ਜਠੇਰਿਆਂ ਦੀ ਪੂਜਾ ਕਰਦੇ ਹਨ। ਫ਼ਾਜ਼ਿਲਕਾ ਵਿਚ ਇਸ ਰਸਮ ਨੂੰ 'ਅੱਖ ਸਲਾਈ' ਕਹਿੰਦੇ ਹਨ। ਅੰਮ੍ਰਿਤਸਰ ਅਤੇ ਗੁੱਜਰਾਂਵਾਲੇ ਵਿਚ ਇਸ ਨੂੰ 'ਅਧ ਗਰਭ' ਕਿਹਾ ਜਾਂਦਾ ਹੈ। ਪੰਜਾਬ ਵਿਚ ਜੇਠਾ ਬੱਚਾ ਪੈਦਾ ਹੋਣ ਸਮੇਂ ਗਰਭਵਤੀ ਇਸਤ੍ਰੀ ਨੂੰ ਉਸ ਦੇ ਪੇਕੀਂ ਭੇਜ ਦਿੰਦੇ ਹਨ। ਤੁਰਨ ਵੇਲੇ ਉਸ ਦੀ ਸੱਸ ਉਸ ਨੂੰ ਇਕ ਖੰਮਣੀ, ਲੱਡੂਆਂ ਦਾ ਜੋੜਾ ਅਤੇ ਖੋਪੇ ਦਾ ਗੁੱਟ ਦਿੰਦੀ ਹੈ। ਜਣੇਪੇ ਪਿੱਛੋਂ 'ਬੱਚਾ' ਅਤੇ 'ਜੱਚਾ' ਨੂੰ ਧੂਪ ਦਿੱਤੀ ਜਾਂਦੀ ਹੈ ਜਾਂ ਦੀਵਾ ਬਾਲ ਕੇ ਰੱਖਿਆ ਜਾਂਦਾ ਹੈ, ਜਿਹੜਾ ਦਸ ਦਿਨ ਲਗਾਤਾਰ ਜਲਦਾ ਰਹਿੰਦਾ, ਜੇ ਮੁੰਡਾ ਜੰਮੇ ਤਾਂ ਖਾਂਦੇ ਪੀਂਦੇ ਘਰਾਣੇ ਬੰਦੂਕ ਦਾ ਫ਼ਾਇਰ ਕਰਵਾ ਦਿੰਦੇ ਹਨ। ਥਾਲੀ ਵਜਾਉਣ ਦੀ ਰੀਤ ਤਾਂ ਆਮ ਹੈ। ਜਨਮ ਪਿੱਛੋਂ 'ਨਾੜੂਆ ਸੰਘਰਣਾ' ਅਤੇ 'ਗੁੜ੍ਹਤੀ' ਦੀ ਰਸਮ ਕੀਤੀ ਜਾਂਦੀ ਹੈ। ਪੰਜਾਬ ਵਿਚ ਜਣੇਪੇ ਤੋਂ ਪੰਜ ਦਿਨ ਪਿੱਛੋਂ 'ਪੰਜਵਾਂ ਨਹਾਉਣ' ਦੀ ਰੀਤ ਹੈ। ਛੇਵਾਂ ਦਿਨ ਬ੍ਰਾਹਮਣੀ ਦਾ ਹੁੰਦਾ ਹੈ। ਉਹ ਚੌਕ ਪੂਰ ਕੇ ਮਾਂ ਨੂੰ ਰੋਟੀ ਪਕਾ ਕੇ ਖੁਆਉਂਦੀ ਹੈ। ਸਿੱਖ, ਸਿੰਘਾਂ ਨੂੰ ਰੋਟੀ ਖੁਆ ਦਿੰਦੇ ਹਨ। ਗਿਆਰਾਂ ਦਿਨ ਤੱਕ ਦਾ ਸਮਾਂ ਸੂਤਕ ਦਾ ਸਮਾਂ ਮੰਨਿਆ ਜਾਂਦਾ ਹੈ। ਉਸ ਤੋਂ ਪਿੱਛੋਂ ਘਰ ਨੂੰ ਸ਼ੁੱਧ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਮ ਜ਼ਿੰਦਗੀ ਦੀ ਸ਼ੁਰੂਆਤ ਕੀਤੀ ਜਾਂਦੀ ਹੈ।

ਪੰਜਾਬ ਵਿਚ ਬੱਚੇ ਦਾ ਨਾਮ ਰੱਖਣ ਲਈ ਵੀ ਵਿਸ਼ੇਸ਼ ਰੀਤਾਂ ਕੀਤੀਆਂ ਜਾਂਦੀਆਂ ਹਨ। ਆਮ ਤੌਰ ਤੇ ਕਿਸੇ ਧਾਰਮਿਕ ਪੁਸਤਕ ਦਾ ਵਾਕ ਲਿਆ ਜਾਂਦਾ ਹੈ। ਪੰਨੇ ਦੇ ਪਹਿਲੇ ਅੱਖਰ ਦੇ ਆਧਾਰ ਤੇ ਨਾਮ ਰੱਖ ਲਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਪ੍ਰਸਿੱਧ ਲੇਖਕ ਗੁਲਜ਼ਾਰ ਸਿੰਘ ਸੰਧੂ ਲਿਖਦਾ ਹੈ, ''ਜੇ 'ਗਾਫ' (ਫ਼ਾਰਸੀ) ਨਿਕਲੇ ਤਾਂ ਗੁਲਜ਼ਾਰ ਅਲੀ, 'ਗਾ' (ਹਿੰਦੀ) ਨਿਕਲੇ ਤਾਂ ਗੁਲਜ਼ਾਰੀ ਲਾਲ ਅਤੇ ਜੇ 'ਗੱਗਾ' (ਪੰਜਾਬੀ) ਨਿਕਲੇ ਤਾਂ ਗੁਲਜ਼ਾਰ ਸਿੰਘ ਨਾਮ ਰੱਖ ਲਿਆ ਜਾਂਦਾ ਹੈ।'' (ਪੰਜਾਬ, ਭਾਸ਼ਾ ਵਿਭਾਗ ਪਟਿਆਲਾ) ਪੰਜਾਬ ਦੇ ਹਿੰਦੂ ਬਾਕਾਇਦਾ ਤੌਰ ਤੇ ਹਵਨ ਕਰਵਾ ਕੇ ਪੰਡਿਤ ਤੋਂ ਨਾਮ ਰਖਵਾਉਂਦੇ ਹਨ ਅਤੇ ਇਹ ਮੁੰਡੇ ਦਾ ਬਾਪ ਹਨੂੰਮਾਨ ਦੇ ਤਵੀਤ ਜਾਂ ਪਾਨ ਦੇ ਪੱਤੇ ਰਾਹੀਂ ਮੁੰਡੇ ਦੇ ਕੰਨ ਵਿਚ ਦੱਸਦਾ ਹੈ। ਧੀਆਂ ਦਾ ਕੋਈ ਨਾਮਕਰਣ ਸੰਸਕਾਰ ਨਹੀਂ ਹੁੰਦਾ। ਅਜੇ ਕੁਝ ਸਮਾਂ ਪਹਿਲਾਂ ਤਾਂ ਦਸ-ਬਾਰ੍ਹਾਂ ਵਰ੍ਹੇ ਦੀ ਕੁੜੀ ਨੂੰ ਵਿਆਹੁਣ ਯੋਗ ਮੰਨ ਕੇ ਉਸ ਦਾ ਵਿਆਹ ਕਰ ਦਿਤਾ ਜਾਂਦਾ ਸੀ। ਪੰਜਾਬ ਦੇ ਲੋਕ ਗੀਤਾਂ ਵਿਚ ਵੀ ਇਸਦਾ ਜ਼ਿਕਰ ਮਿਲਦਾ ਹੈ :

ਬਾਰਾਂ ਸਾਲ ਦੀ ਹੋ ਗਈ ਜੈਕੁਰ ਸਾਲ ਤੇਰ੍ਹਵਾਂ ਚੜ੍ਹਿਆ।
ਘੁੰਮ ਘੁੰਮਾ ਕੇ ਚੜ੍ਹੀ ਜਵਾਨੀ ਨਾਗ ਇਸ਼ਕ ਦਾ ਲੜਿਆ।
ਪਿਓ ਓਹਦੇ ਨੂੰ ਪਤਾ ਲਗਿਆ ਘਰ ਪੰਡਤਾਂ ਦੇ ਵੜਿਆ।
ਪੱਤਰੀ ਖੁਲ੍ਹਾ ਕੇ ਮੁੰਡਾ ਟੋਲਿਆ ਦਾਨ ਦਿੱਤਾ ਜੋ ਸਰਿਆ।
ਅਗਲੀ ਪੁੰਨਿਆਂ ਦਾ ਵਿਆਹ ਜੈਕੁਰ ਦਾ ਧਰਿਆ।

ਵਿਆਹ ਸ਼ਾਦੀ ਦੇ ਮਾਮਲੇ ਵਿਚ ਮੁੰਡੇ ਕੁੜੀ ਦੀ ਮਰਜ਼ੀ ਅਜੇ ਵੀ ਬਹੁਤ ਘੱਟ ਪੁੱਛੀ ਜਾਂਦੀ ਹੈ। ਵਿਆਹ ਨਿਸ਼ਚਿਤ ਕਰਨ ਸਮੇਂ ਜ਼ਾਤਾਂ ਅਤੇ ਗੋਤਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ। ਵਿਆਹ ਤੋਂ ਪਹਿਲਾਂ ਕੁੜਮਾਈ ਜਾਂ ਮੰਗਣੀ ਦੀ ਰਸਮ ਕੀਤੀ ਜਾਂਦੀ ਹੈ। ਮੰਗਣੀ ਸਮੇਂ ਮੁੰਡੇ ਦੇ ਮਾਮੇ, ਪਿਤਾ ਅਤੇ ਪੰਚਾਇਤ ਦੀ ਹਾਜ਼ਰੀ ਵਿਚ ਕੁੜੀ ਦਾ ਪਿਤਾ ਮੁੰਡੇ ਨੂੰ ਸ਼ਗਨ ਪਾਉਂਦਾ ਹੈ ਅਤੇ ਛੁਹਾਰਾ ਜਾਂ ਮਿਸ਼ਰੀ ਮੁੰਡੇ ਦੇ ਮੂੰਹ ਨੂੰ ਲਾਉਂਦਾ ਹੈ। ਮੁੰਡੇ ਵਾਲੇ ਮੰਗੇਤਰ ਕੁੜੀ ਵਾਸਤੇ ਸੂਟ, ਜੁੱਤੀ, ਲਾਲ ਪਰਾਂਦਾ, ਮਹਿੰਦੀ, ਮੌਲੀ, ਖੰਡ, ਚਾਉਲ, ਛੁਹਾਰੇ ਅਤੇ ਰੁਪਏ ਆਦਿ ਘੱਲਦੇ ਹਨ। ਕੁੜੀ ਆਪਣੇ ਘਰ ਨਹਾ-ਧੋ, ਨਵੇਂ ਕਪੜੇ, ਲਾਲ ਪਰਾਂਦਾ ਅਤੇ ਜੁੱਤੀ ਪਹਿਨ ਕੇ ਚੜ੍ਹਦੇ ਵੱਲ ਮੂੰਹ ਕਰਕੇ ਪੀੜ੍ਹੇ ਤੇ ਬੈਠ ਜਾਂਦੀ ਹੈ। ਪਿੰਡ ਦੀ ਨਾਇਣ ਸਹੁਰਿਆਂ ਦੇ ਭੇਜੇ ਰੁਪਏ ਉਸ ਦੀ ਝੋਲੀ ਵਿਚ ਪਾ ਕੇ ਖੰਡ ਛੁਹਾਰਾ ਉਸ ਦੇ ਮੂੰਹ ਵਿਚ ਪਾ ਦਿੰਦੀ ਹੈ। ਇਸ ਤਰ੍ਹਾਂ ਉਸ ਦੀ ਵੀ ਮੰਗਣੀ ਹੋ ਜਾਂਦੀ ਹੈ।

ਕੁੜੀ ਦੇ ਵਿਆਹ ਨੂੰ ਇਕ ਭਾਈਚਾਰੇ ਦਾ ਕੰਮ ਸਮਝਿਆ ਜਾਂਦਾ ਹੈ। ਭਾਈਚਾਰੇ ਦੇ ਲੋਕ ਇਸ ਪੁੰਨ-ਕਾਰਜ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ। ਜਿਸ ਦਿਨ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗਨ ਭੇਜ ਦਿਤਾ ਜਾਂਦਾ ਹੈ, ਕੁੜੀ ਤੇ ਮੁੰਡੇ ਦਾ ਘਰੋਂ ਬਾਹਰ ਨਿਕਲਣਾ, ਕਿਸੇ ਨਾਲ ਹੱਸਣਾ-ਬੋਲਣਾ ਅਤੇ ਕੰਮ ਕਰਨਾ ਵਰਜਿਤ ਹੋ ਜਾਂਦਾ ਹੈ । ਇਸ ਤੋਂ ਪਿਛੋਂ ਸੱਤ ਸੁਹਾਗਣਾਂ ਨੂੰ ਗੁੜ ਦਿਤਾ ਜਾਂਦਾ ਹੈ ਅਤੇ ਵਿਆਹ ਦਾ ਹਰ ਮਹੱਤਵਪੂਰਣ ਕੰਮ ਸੱਤ ਸੁਹਾਗਣਾਂ ਮਿਲ ਕੇ ਕਰਦੀਆਂ ਹਨ । ਵਿਆਹ ਤੋਂ ਸੱਤ ਦਿਨ ਪਹਿਲਾਂ ਕੜਾਹੀ ਚੜ੍ਹਾਈ ਜਾਂਦੀ ਹੈ । ਵਿਆਂਹਦੜ ਕੁੜੀ ਦੀ ਮਾਂ ਇਸ ਕੜਾਹੀ ਵਿਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਲੈ ਕੇ ਜਾਂਦੀ ਹੈ ਅਤੇ ਉਨ੍ਹਾਂ ਨੂੰ ਵਿਆਹ ਦਾ ਦਿਨ ਦੱਸ ਆਉਂਦੀ ਹੈ । ਉਹ 'ਨਾਨਕੇ ਛੱਕ' ਦੀ ਤਿਆਰੀ ਕਰਨ ਲੱਗਦੇ ਹਨ । ਪੰਜ ਦਿਨ ਰਹਿ ਜਾਣ ਤਾਂ 'ਕੋਠੀ ਆਟੇ' ਦੀ ਰੀਤ ਹੁੰਦੀ ਹੈ । ਸਾਰੇ ਭਾਈਚਾਰੇ ਦੀਆਂ ਇਸਤਰੀਆਂ ਵਿਆਹ ਵਾਲਿਆਂ ਦਾ ਭਾਰ ਹੌਲਾ ਕਰਨ ਲਈ, ਆਟੇ ਦੀਆਂ ਪੰਜ ਪੰਜ ਜਾਂ ਸੱਤ ਸੱਤ ਝੋਲੀਆਂ ਉਨ੍ਹਾਂ ਦੇ ਘਰ ਪਾ ਜਾਂਦੀਆਂ ਹਨ । ਵਿਆਹ ਤੋਂ ਪਹਿਲਾਂ ਇਕ ਵਡੀ ਰਸਮ 'ਵਟਣੇ' ਜਾਂ 'ਮਾਈਆਂ' ਦੀ ਹੁੰਦੀ ਹੈ । ਵਿਆਂਹਦੜ ਮੁੰਡੇ ਜਾਂ ਕੁੜੀ ਨੂੰ ਪਿੰਡ ਦੀਆਂ ਔਰਤਾਂ, ਉਨ੍ਹਾਂ ਦੇ ਪੈਰਾਂ ਦੀਆਂ ਤਲੀਆਂ ਹੇਠ ਕੁਝ ਪੈਸੇ ਰੱਖ ਕੇ, ਬਾਹਰ ਚੌਂਕੀ ਉਤੇ ਬਿਠਾ ਲੈਂਦੀਆਂ ਹਨ । ਬੰਨੜੇ ਜਾਂ ਬੰਨੜੀ ਦੇ ਸਿਰ ਉਤੇ ਚਾਰ ਕੁੜੀਆਂ ਚਾਰੇ ਕੰਨੀਆਂ ਫੜ ਕੇ ਪੀਲੀ ਚਾਦਰ ਦਾ ਚੰਦੋਆ ਤਾਣ ਕੇ ਖੜੀਆਂ ਹੋ ਜਾਂਦੀਆਂ ਹਨ । ਇਸ ਪਿਛੋਂ ਉਨ੍ਹਾਂ ਦੇ ਵਟਣਾ ਮਲਿਆ ਜਾਂਦਾ ਹੈ ।

8129

ਵਿਆਹ ਵੇਲੇ 'ਘੋੜੀ' ਦੀ ਰਸਮ ਹੁੰਦੀ ਹੈ । ਘੋੜੀ ਚੜ੍ਹਨ ਤੋਂ ਪਹਿਲਾਂ ਮੁੰਡੇ ਦੀ ਭਰਜਾਈ ਉਸ ਦੇ ਸੁਰਮਾ ਪਾਉਂਦੀ ਹੈ । ਭੈਣ 'ਵਾਗ ਫੜਾਈ' ਦੀ ਰਸਮ ਕਰਦੀ ਹੈ । ਵਿਆਹ ਸਮੇਂ ਦੀਆਂ ਇਨ੍ਹਾਂ ਸਸਮਾਂ ਰੀਤਾਂ ਦਾ ਵਰਣਨ ਪੰਜਾਬੀ ਲੋਕ ਗੀਤਾਂ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ । ਜਿਵੇਂ :

ਨਿੱਕੀ ਨਿੱਕੀ ਬੂੰਦੀ ਨਿੱਕਿਆ ਮੀਂਹ ਵੇ ਵਰ੍ਹੇ ।
ਵੇ ਨਿੱਕਿਆ, ਮਾਂ ਵੇ ਸੁਹਾਗਣ ਤੇਰੀ ਸ਼ਗਨ ਕਰੇ ।
ਵੇ ਨਿੱਕਿਆ, ਦਮਾਂ ਦੀ ਬੋਰੀ ਤੇਰਾ ਬਾਬਾ ਫੜੇ ।
ਵੇ ਨਿੱਕਿਆ, ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ ।
ਵੇ ਨਿੱਕਿਆ, ਘੋੜੀ ਤੇ ਮੇਰਾ ਵੀਰ ਚੜ੍ਹੇ ।
ਵੇ ਨਿੱਕਿਆ, ਭੈਣ ਸੁਹਾਗਣ ਤੇਰੀ ਵਾਗ ਫੜੇ ।
ਵੇ ਨਿੱਕਿਆ, ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ ।
ਵੇ ਨਿੱਕਿਆ, ਭਾਬੀ ਸੁਹਾਗਣ ਤੈਨੂੰ ਸੁਰਮਾ ਪਾਵੇ ।
ਵੇ ਨਿੱਕਿਆ, ਰੱਤਾ ਰੱਤਾ ਡੋਲਾ ਮਹਿਲੀਂ ਆਣ ਵੜੇ ।
ਵੇ ਨਿੱਕਿਆ, ਮਾਂ ਵੇ ਸੁਹਾਗਣ ਪਾਣੀ ਵਾਰ ਪੀਏ ।

ਮਿਲਣੀ ਦੀ ਰਸਮ ਉਪਰੰਤ 'ਫੇਰਿਆਂ' ਜਾਂ 'ਆਨੰਦ ਕਾਰਜ' ਦੀ ਰਸਮ ਕੀਤੀ ਜਾਂਦੀ ਹੈ । ਬਰਾਤ ਤੁਰਨ ਤੋਂ ਪਹਿਲਾਂ ਕੁੜੀ ਵਾਲੇ ਮੁੰਡੇ ਵਾਲਿਆਂ ਅਤੇ ਭਾਈਚਾਰੇ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਖ਼ੱਟ' ਵਿਖਾਉਂਦੇ ਹਨ। ਇਸ ਤੋਂ ਪਿੱਛੋਂ ਬਰਾਤ ਨੂੰ ਵਿਦਾ ਕਰ ਦਿੱਤਾ ਜਾਂਦਾ ਹੈ। ਤੁਰਨ ਪਿੱਛੋਂ ਮੇਲਣਾਂ ਗਿੱਧਾ ਪਾ ਕੇ ਆਪਣੇ ਆਪ ਨੂੰ ਸਾਵਾਂ ਅਤੇ ਸੰਤੁਲਿਤ ਕਰਦੀਆਂ ਹਨ। ਮੁੰਡੇ ਦੇ ਘਰ, ਮੁੰਡੇ ਦੀ ਮਾਂ ਦੀਵਾ ਲੈ ਕੇ ਨੂੰਹ-ਪੁੱਤ ਨੂੰ ਲੈਣ ਜਾਂਦੀ ਹੈ ਅਤੇ ਉਨ੍ਹਾਂ ਦੇ ਸਿਰ ਉੱਤੋਂ ਪਾਣੀ ਵਾਰ ਕੇ ਪੀਂਦੀ ਹੈ। ਇਸ ਪਿੱਛੋਂ ਮੂੰਹ ਵਿਖਾਈ ਅਤੇ ਗੋਤ ਕਨਾਲੇ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਵਿਆਹ ਤੋਂ ਤੀਜੇ ਦਿਨ ਕੁੜੀ ਪੇਕੇ ਘਰ ਮੁੜ ਜਾਂਦੀ ਹੈ। ਇਕ ਦੋ ਦਿਨ ਰਹਿਣ ਉਪਰੰਤ ਮੁੰਡਾ ਕੁੜੀ ਦਾ ਮੁਕਲਾਵਾ ਲੈਣ ਵਾਸਤੇ ਆ ਜਾਂਦਾ ਹੈ ਅਤੇ ਇਉਂ ਵਿਆਹ ਦੀਆਂ ਰਸਮਾਂ ਸਮਾਪਤ ਹੋ ਜਾਂਦੀਆਂ ਹਨ। ਇਸ ਪਿੱਛੋਂ ਮੁੰਡਾ ਕੁੜੀ ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ ਕਰ ਜਾਂਦੇ ਹਨ।

ਜਨਮ ਅਤੇ ਵਿਆਹ ਸ਼ਾਦੀ ਦੀਆਂ ਰਸਮਾਂ ਵਾਂਗ ਪੰਜਾਬ ਵਿਚ ਮੌਤ ਸਮੇਂ ਦੇ ਰਿਵਾਜ ਵੀ ਬੜੇ ਮਹੱਤਵਪੂਰਨ ਹਨ। ਪ੍ਰਾਣੀ ਦੀ ਮੌਤ ਹੋ ਜਾਣ ਤੇ ਉਸ ਦੇ ਪੁੱਤਰ ਪੋਤਰੇ ਜ਼ਮੀਨ ਤੇ ਗੋਹੇ ਦਾ ਲੇਪ ਕਰਵਾ ਕੇ ਉਸ ਨੂੰ ਜ਼ਮੀਨ ਤੇ ਉਤਾਰ ਲੈਂਦੇ ਹਨ। ਨਜ਼ਦੀਕ ਘਿਉ ਦਾ ਇਕ ਬਲਦਾ ਦੀਵਾ ਰੱਖਿਆ ਜਾਂਦਾ ਹੈ। ਮ੍ਰਿਤਕ ਦੇ ਪੈਰ ਉੱਤਰ ਵੱਲ ਕਰਕੇ ਪੁੱਤਰ ਉਸ ਦੇ ਸਿਰ ਥੱਲੇ ਆਪਣਾ ਗੋਡਾ ਟਿਕਾ ਕੇ ਬੈਠ ਜਾਂਦਾ ਹੈ। ਇਸ ਸਮੇਂ ਗਊ ਅਤੇ ਅਨਾਜ ਦਾ ਦਾਨ ਕੀਤਾ ਜਾਂਦਾ ਹੈ। ਗਰੁੜ ਪਰਾਣ ਦੀ ਕਥਾ ਜਾਂ ਸੁਖਮਣੀ ਸਾਹਿਬ ਦਾ ਉਚਾਰਣ ਹੁੰਦਾ ਹੈ। ਪ੍ਰਾਣੀ ਦੇ ਪ੍ਰਾਣ ਤਿਆਗਣ ਪਿੱਛੋਂ ਤ੍ਰੀਮਤਾਂ ਵੈਣ ਪਾਉਣ ਲੱਗਦੀਆਂ ਹਨ ਅਤੇ ਮਰਦ ਬਾਹਰ ਫੂਹੜੀ ਵਿਛਾ ਕੇ ਬੈਠ ਜਾਂਦੇ ਹਨ। ਮ੍ਰਿਤਕ ਨੂੰ ਆਖਰੀ ਅਸ਼ਨਾਨ ਕਰਾਉਣ ਪਿੱਛੋਂ ਉਸ ਨੂੰ ਨਵੇਂ ਕੱਪੜੇ ਆਦਿਕ ਪਾ ਦਿੱਤੇ ਜਾਂਦੇ ਹਨ। ਅਰਥੀ ਵਾਸਤੇ ਬਾਂਸ ਜਾਂ ਬੇਰੀ ਦੀ ਲੱਕੜੀ ਵਰਤੀ ਜਾਂਦੀ ਹੈ। ਮਰਨ ਵਾਲੇ ਦੇ ਪੈਰ ਅੱਗੇ ਵੱਲ ਅਤੇ ਸਿਰ ਪਿੱਛੇ ਵੱਲ ਰੱਖਦੇ ਹਨ। ਅੰਤਿਮ ਕ੍ਰਿਆ ਕਪਾਲ-ਕ੍ਰਿਆ ਹੈ। ਮੌਤ ਤੋਂ ਤੀਜੇ ਦਿਨ ਮ੍ਰਿਤਕ ਦੇ ਫੁੱਲ ਚੁਗਣ ਜਾਂਦੇ ਹਨ। ਔਰਤ ਦੇ ਫੁੱਲਾਂ ਲਈ ਲਾਲ ਰੰਗ ਦੀ ਗੁਥਲੀ ਹੁੰਦੀ ਹੈ ਅਤੇ ਮਰਦ ਦੇ ਫੁੱਲਾਂ ਲਈ ਸਫ਼ੈਦ ਰੰਗ ਦੀ ਗੁਥਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਫੁੱਲ ਚੁਗ ਕੇ ਇਨ੍ਹਾਂ ਨੂੰ ਠੀਕਰੇ ਵਿਚ ਪਾ ਕੇ ਦੁੱਧ ਅਤੇ ਗੰਗਾ ਜਲ ਨਾਲ ਧੋ ਲਿਆ ਜਾਂਦਾ ਹੈ। ਇਨ੍ਹਾਂ ਫੁੱਲਾਂ ਨੂੰ ਹਰਦੁਆਰ ਜਾਂ ਪਹੋਏ ਲੈ ਜਾ ਕੇ ਜਲਪ੍ਰਵਾਹ ਕਰ ਦਿੱਤਾ ਜਾਂਦਾ ਹੈ। ਗੁਰਸਿੱਖ ਕੀਰਤਪੁਰ ਸਾਹਿਬ ਜਾ ਕੇ ਫੁੱਲਾਂ ਦਾ ਪ੍ਰਵਾਹ ਕਰਦੇ ਹਨ। ਸਿੱਖਾਂ ਵਿਚ ਮ੍ਰਿਤਕ ਦੀ ਮੌਤ ਦੇ ਦਸਵੇਂ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਜਾਂਦਾ ਹੈ।

ਵਿਗਿਆਨ ਅਤੇ ਤਕਨਾਲੋਜੀ ਦੇ ਪ੍ਰਗਤੀ ਕਰਨ ਨਾਲ ਰਸਮ ਰਿਵਾਜਾਂ ਦੀ ਰੂਪ ਰੇਖਾ ਵਿਚ ਕਾਫ਼ੀ ਤਬਦੀਲੀਆਂ ਆ ਰਹੀ ਹੈ। ਹੁਣ ਮਨੁੱਖ ਪ੍ਰਕਿਰਤੀ ਸਾਹਵੇਂ ਆਪਣੇ ਆਪ ਨੂੰ ਇਕੱਲਾ ਤੇ ਅਸੁਰੱਖਿਅਤ ਮਹਿਸੂਸ ਨਹੀਂ ਕਰਦਾ। ਇਸ ਲਈ ਰਸਮ ਰਿਵਾਜਾਂ ਦਾ ਰੂਪ ਆਦਿ ਭੌਤਿਕ ਅਤੇ ਧਾਰਮਿਕ ਨਾ ਰਹਿ ਕੇ ਭੌਤਿਕ ਅਤੇ ਸੈਕੂਲਰ ਹੁੰਦਾ ਜਾ ਰਿਹਾ ਹੈ। ਹੁਣ ਬੱਚੇ ਹਸਪਤਾਲਾਂ ਵਿਚ ਜਨਮ ਲੈਣ ਲੱਗੇ ਹਨ। ਕਚਹਿਰੀਆਂ ਵਿਚ ਵਿਆਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀਆਂ ਰਸਮਾਂ ਸੰਪੰਨ ਹੋਣ ਲੱਗੀਆਂ ਹਨ ਅਤੇ ਬਜ਼ੁਰਗ ਇਕੱਲੇ ਇਕਹਿਰੇ ਬਾਥ-ਰੂਮਾਂ ਵਿਚ ਹਾਰਟ ਅਟੈਕ ਨਾਲ ਸੁਰਗਵਾਸ ਹੋਣ ਲੱਗੇ ਹਨ। ਪ੍ਰਗਤੀ ਦੀ ਇਕ ਤੇਜ਼ ਹਨੇਰੀ ਸਾਡੇ ਰਸਮ ਰਿਵਾਜਾਂ ਨੂੰ ਰੋੜ੍ਹ ਕੇ ਲੈ ਗਈ ਹੈ। ਅੱਜ ਕੱਲ੍ਹ ਦੇ ਸਿਆਣੇ ਸਾਡੇ ਰਸਮ ਰਿਵਾਜਾਂ ਨੂੰ ਪੁਰਾਣੇ ਸਮੇਂ ਦੇ ਵਹਿਮ ਭਰਮ ਮੰਨ ਕੇ ਨੱਕ-ਬੁੱਲ੍ਹ ਵੱਟਦੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਪੁਰਾਣੇ ਮਨੁੱਖ ਦੀ ਸਿੱਧੀ ਸਾਦੀ ਅਤੇ ਅਵਿਕਸਿਤ ਜ਼ਿੰਦਗੀ ਲਈ ਇਹ ਰਸਮ ਰਿਵਾਜ ਬੜੀ ਮੁੱਲਪਰਕ ਭੂਮਿਕਾ ਨਿਭਾਉਂਦੇ ਸਨ। ਇਹ ਉਸ ਨੂੰ ਉਤਸ਼ਾਹ ਅਤੇ ਅਗਵਾਈ ਪ੍ਰਦਾਨ ਕਰਦੇ ਸਨ ਅਤੇ ਜੀਵਨ ਦੀ ਹਰ ਨਵੀਂ ਮੰਜ਼ਿਲ ਵਿਚ ਪ੍ਰਵੇਸ਼ ਕਰਨ ਸਮੇਂ ਉਸ ਨੂੰ ਮਾਨਸਿਕ ਤੌਰ ਤੇ ਤਿਆਰ ਕਰਦੇ ਸਨ। ਸਾਡੇ ਰਸਮ ਰਿਵਾਜ ਜਨਮ ਸਮੇਂ ਗਰਭਵਤੀ ਇਸਤਰੀ ਨੂੰ, ਵਿਆਹ ਸਮੇਂ ਮੁੰਡੇ ਤੇ ਕੁੜੀ ਨੂੰ ਅਤੇ ਮੌਤ ਸਮੇਂ ਪਿੱਛੇ ਰਹਿ ਗਏ ਪਰਿਵਾਹ ਨੂੰ ਨਵੀਆਂ ਪਰਿਸਥਿਤੀਆਂ ਨਾਲ ਜੂਝਣ ਲਈ ਤਿਆਰ ਕਰਦੇ ਸਨ। ਇਸ 'ਤਿਆਰੀ' ਵਿਚ ਹੀ ਰਸਮ ਰਿਵਾਜਾਂ ਦਾ ਸਮਾਜਕ ਅਤੇ ਸਭਿਆਚਾਰਕ ਮਹੱਤਵ ਛਿਪਿਆ ਹੋਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਰੂੜ੍ਹੀਆਂ

ਕਿੱਸਾ ਕਾਵਿ ਵਿਚ ਇਸ਼ਕ ਤੇ ਮੌਤ ਦਾ ਸੰਕਲਪ

ਕਿੱਸਾ ਕਾਵਿ ਮੱਧਕਾਲੀਨ ਪੰਜਾਬੀ ਸਾਹਿਤ ਦੀ ਇਕ ਸ਼ਕਤੀਸ਼ਾਲੀ ਅਤੇ ਅਤਿਅੰਤ ਲੋਕਪ੍ਰਿਯ ਕਾਵਿ ਪਰੰਪਰਾ ਹੈ। ਇਸ ਨੇ ਪੰਜਾਬੀ ਕਾਵਿ ਨੂੰ ਪਰਲੋਕ ਦੇ ਸਰੋਕਾਰਾਂ ਦੀ ਬਜਾਇ ਇਹਲੋਕ ਦੀਆਂ ਜ਼ਰੂਰਤਾਂ ਅਤੇ ਸਮੱਸਿਆਵਾਂ ਦੇ ਸੰਪ੍ਰੇਸ਼ਣ ਦਾ ਮਾਧਿਅਮ ਬਣਾਇਆ। ਪੰਜਾਬੀ ਕਿੱਸੇ, ਇਸਤ੍ਰੀ-ਪੁਰਖ ਦੇ ਕਮੁਕ ਪਿਆਰ ਨਾਲ ਸੰਬੰਧਿਤ ਇਕ ਅਜਿਹਾ ਦਸਤਾਵੇਜ਼ ਹਨ ਜਿਨ੍ਹਾਂ ਦੀਆਂ ਕੁਝ ਆਪਣੀਆਂ ਪਾਰੰਪਰਿਕ ਕਥਾ-ਰੂੜ੍ਹੀਆਂ ਹਨ। ਹੱਥਲੇ ਪੱਤਰ ਵਿਚ ਸਾਡਾ ਮਨੋਰਥ ਪੰਜਾਬੀ ਕਿੱਸਾ ਕਾਵਿ ਵਿਚ ਇਸ਼ਕ ਤੇ ਮੌਤ ਦੇ ਸੰਕਲਪਾਂ ਦੇ ਕੁਝ ਪ੍ਰਤੀਨਿਧ ਸੂਤਰਾਂ ਦੀ ਤਲਾਸ਼ ਕਰਨਾ ਹੈ।

ਇਸ਼ਕ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਦੁਆਰਾ ਪੁਰਸ਼ ਅਤੇ ਇਸਤ੍ਰੀ ਇਕ ਅਤਿਅੰਤ ਆਤਮੀਯ (Intimate) ਰਿਸ਼ਤੇ ਵਿਚ ਬੱਝ ਜਾਂਦੇ ਹਨ। ਪਰੰਤੂ, ਮਨੁੱਖੀ ਜੀਵਨ ਵਿਚ ਇਸ਼ਕ ਦੇ ਜਜ਼ਬੇ ਦਾ ਜਨਮ ਉਸ ਦੇ ਸਭਿਆਚਾਰਕ ਇਤਿਹਾਸ ਵਿਚ ਕਾਫ਼ੀ ਪਛੜ ਕੇ ਹੁੰਦਾ ਹੈ। ਆਦਿ ਮਾਨਵ ਪੁਨਰ-ਉਤਪਤੀ ਲਈ ਫ਼ਿਤਰਨ (Instinctive) ਵਿਵਹਾਰ ਕਰਦਾ ਸੀ। ਉਹ ਸਮੇਂ ਅਤੇ ਆਪਣੀ ਸਮਰੱਥਾ ਅਨੁਸਾਰ ਕਿਸੇ ਵੀ ਨਾਰੀ ਨਾਲ ਲਿੰਗਕ ਸੰਬੰਧ ਜੋੜ ਕੇ ਮਨੁੱਖੀ ਨਸਲ ਵਿਚ ਵਾਧਾ ਕਰਨ ਲਈ ਸੁਤੰਤਰ ਸੀ। ਪਰ ਕਿਸੇ ਸਮਾਜ ਵਿਸ਼ੇਸ਼ ਦੀਆਂ ਜ਼ਰੂਰਤਾਂ ਅਨੁਸਾਰ ਮਨੁੱਖੀ ਸਭਿਆਚਾਰ ਵਿਚ ਵਿਆਹ-ਸੰਸਥਾ ਦਾ ਜਨਮ ਹੋਇਆ। ਹਰ ਸਭਿਆਚਾਰ ਨੇ ਆਪਣੀ ਜਾਤੀ ਜਾਂ ਸਮਾਜ ਦੀਆਂ ਲੋੜਾਂ ਅਨੁਸਾਰ ਵਿਵਾਹਕ ਸੰਬੰਧਾਂ ਦੇ ਵੱਖ ਵੱਖ ਮਾਡਲ ਸਿਰਜੇ। ਗੋਤਰ-ਸਮਾਜ ਵਿਚ ਵੀ ਵਿਆਹ ਦੇ ਬਹੁਤ ਸਾਰੇ ਮਾਡਲ ਮਿਲ ਜਾਂਦੇ ਹਨ। ਕਿਧਰੇ ਆਪਣੇ ਗੋਤ ਵਿਚ ਹੀ ਵਿਆਹ ਕਰਨ ਦੀ ਪਰੰਪਰਾ ਹੈ ਅਤੇ ਕਿਤੇ ਇਕ ਜਾਂ ਵੱਧ ਗੋਤ ਛੱਡ ਕੇ ਜੀਵਨ-ਸਾਥੀ ਢੂੰਡਣ ਦੀ ਪਰੰਪਰਾ ਹੈ। ਇਨ੍ਹਾ ਪਰੰਪਰਾਵਾਂ ਦੇ ਮਨੋਵਿਗਿਆਨਕ, ਪਰਿਵਾਰਿਕ, ਲਿੰਗਿਕ ਜਾਂ ਜੈਨੇਟਿਕ ਆਧਾਰ ਹਨ ਜਿਨ੍ਹਾਂ ਬਾਰੇ ਮਾਨਵ ਵਿਗਿਆਨੀਆਂ ਜਾਂ ਸਭਿਆਚਾਰ ਵਿਗਿਆਨੀਆਂ ਨੇ ਬੜੇ ਵਿਸਤਾਰ ਨਾਲ ਲਿਖਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਸਮਾਜ ਦਾ ਸਭਿਆਚਾਰ ਇਕ ਵਿਵਸਥਾ/ਪ੍ਰਬੰਧ ਹੈ ਜਿਸ ਦੇ ਸਾਰੇ ਅੰਗ ਪਰਸਪਰ ਸੰਬੰਧਿਤ ਹੁੰਦੇ ਹਨ। ਹਰ ਸਭਿਆਚਾਰ ਨੂੰ ਸਮਝਣ ਦੀ ਇਕ ਕੁੰਜੀ ਇਹ ਵੀ ਹੈ ਕਿ ਉਸ ਵਿਚ ਇਸ਼ਕ ਨੂੰ ਕੀ ਅਤੇ ਕੈਸਾ ਸਥਾਨ ਹਾਸਲ ਹੈ ਅਤੇ ਇਸ ਪ੍ਰਤੀ ਉਸ ਦਾ ਰੁੱਖ ਕਿਹੋ ਜਿਹਾ ਹੈ। ਗੋਤਰ ਸਮਾਜ ਵਿਚ ਲਗਭਗ ਸਾਰੇ ਯੁਵਕ-ਯੁਵਤੀਆਂ ਆਪਣੇ ਲਈ ਨਿਰਧਾਰਿਤ ਪਤੀ ਜਾਂ ਪਤਨੀ ਨੂੰ ਬਿਨਾ ਕਿਸੇ ਵਿਰੋਧ/ਰੋਸ ਦੇ ਸਵੀਕਾਰ ਕਰ ਲੈਂਦੇ ਹਨ। ਇਸ਼ਕ ਜਾਂ ਪ੍ਰੇਮ ਦਾ ਸਵਾਲ ਵਿਆਹ ਤੋਂ ਪਿੱਛੋਂ ਪੈਦਾ ਹੁੰਦਾ ਹੈ ਅਤੇ ਵਿਆਹ ਤੋਂ ਪਿੱਛੋਂ ਹੀ ਇਹ ਜਜ਼ਬਾ ਵਿਕਸਿਤ ਜਾਂ ਪ੍ਰਫੁਲਿਤ ਹੁੰਦਾ ਹੈ। ਪਰ ਕਦੇ ਕਦੇ ਅਜਿਹਾ ਵੀ ਹੁੰਦਾ ਹੈ ਕਿ ਇਸ਼ਕ, ਵਿਆਹ ਸੰਬੰਧੀ ਆਪਣੇ ਸਮਾਜ ਦੀਆਂ ਸੀਮਾਵਾਂ ਜਾਂ ਦ੍ਰਿੜ੍ਹ ਪ੍ਰਥਾਵਾਂ ਦੀ ਪ੍ਰਵਾਹ ਨਹੀਂ ਕਰਦਾ ਯੁਵਕ-ਯੁਵਤੀਆਂ ਆਪਣੇ ਆਪਣੇ ਕਬੀਲੇ ਛੱਡ ਕੇ ਭੱਜ ਨਿਕਲਦੇ ਹਨ ਹਾਲਾਂ ਕਿ ਉਨ੍ਹਾਂ ਦੀ ਮੌਤ ਨਿਸ਼ਚਿਤ ਹੈ ਕਿਉਂਕਿ ਉਨ੍ਹਾਂ ਦੇ ਕਬੀਲੇ ਦੇ ਲੋਕ ਉਨ੍ਹਾਂ ਦਾ ਪਿੱਛਾ ਕਰਨਗੇ ਅਤੇ ਸਭਿਆਚਾਰ ਵਾਲੋਂ ਸੁਨਿਸ਼ਚਿਤ ਵਿਆਹ-ਸੰਸਥਾ ਦੇ ਵਿਰੁੱਧ ਵਿਦਰੋਹ ਕਰਨ ਵਾਲੇ ਇਨ੍ਹਾਂ 'ਭਗੌੜੇ ਪਾਪੀਆਂ' ਨੂੰ ਮਾਰ ਦੇਣਗੇ। ਗੋਤਰ-ਸਮਾਜ ਦੇ ਨਿਯਮ ਅਤਿਅੰਤ ਕਠੋਰ ਹਨ ਪਰ ਸਮਾਜ ਦੇ ਮੈਂਬਰ ਇਨ੍ਹਾਂ ਨਿਯਮਾਂ ਨੂੰ ਬਾਹਰ ਤੋਂ ਆਰੋਪਿਤ ਮੰਨਣ ਦੀ ਬਜਾਇ ਸੁਭਾਵਿਕ ਨਿਯਮ ਮੰਨਦੇ ਹਨ। ਇਨ੍ਹਾਂ ਨਿਯਮਾਂ ਦਾ ਉਲੰਘਣ ਕਰਨਾ ਉਨ੍ਹਾਂ ਆਂਤਰਿਕ ਵਰਜਨਾਵਾਂ ਦੇ ਕਾਰਨ ਕਠਿਨ ਹੁੰਦਾ ਹੈ ਜੋ ਅਜਿਹੇ ਸਮਾਜ ਵਿਚ ਪਲੇ ਹਰ ਵਿਅਕਤੀ ਦੇ ਮਨ ਵਿਚ ਵੱਸੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਸੰਕਲਪਾਂ ਨੂੰ ਜਕੜੀ ਰੱਖਦੀਆਂ ਹਨ ਪਰ ਤਾਂ ਵੀ ਇਨ੍ਹਾਂ ਦਾ ਉਲੰਘਣ/ਵਿਰੋਧ ਕਰਨ ਵਾਲੇ ਨਿਕਲ ਹੀ ਆਉਂਦੇ ਹਨ।

ਪੰਜਾਬੀ ਕਿੱਸਾ ਕਾਵਿ ਪਰੰਪਰਾ ਇਹੋ ਜਿਹਾ ਉਲੰਘਣ/ਵਿਰੋਧ ਕਰਨ ਵਾਲੇ ਇਸਤ੍ਰੀ-ਪੁਰਖਾਂ ਨੂੰ ਭਾਵ-ਨਿਰੂਪਣ ਦਾ ਵਿਸ਼ੇ ਬਣਾਉਂਦੀ ਹੈ। ਇਹ ਪਰੰਪਰਾ ਭਾਰਤੀ ਸਭਿਆਚਾਰ ਅਤੇ ਇਸਲਾਮਿਕ ਸਭਿਆਚਾਰ ਦੀ ਅੰਤਰ-ਕ੍ਰਿਆ ਵਿਚੋਂ ਪੈਦਾ ਹੋਈ ਪ੍ਰਤੀਤ ਹੁੰਦੀ ਹੈ। ਵਧੇਰੇ ਕਰਕੇ ਇਸ ਕਾਵਿ-ਪਰੰਪਰਾ ਨਾਲ ਸੰਬੰਧਿਤ ਨਾਇਕ ਤੇ ਨਾਇਕਾਵਾਂ ਨੂੰ ਮੁਸਲਮਾਨ ਦਿਖਾਇਆ ਗਿਆ ਹੈ। ਭਾਰਤੀ ਸਮਾਜ ਵਿਚ ਇਸਲਾਮੀਕਰਣ ਦੀ ਪ੍ਰਕਿਰਿਆ ਤੇਰ੍ਹਵੀਂ-ਚੌਧਵੀਂ ਸਦੀ ਵਿਚ ਸ਼ੁਰੂ ਹੁੰਦੀ ਹੈ। ਇਸ ਲਈ ਇਨ੍ਹਾਂ ਕਿੱਸਿਆਂ ਦੀਆਂ ਘਟਨਾਵਾਂ ਦੇ ਵਾਪਰਣ ਦਾ ਸਮਾਂ ਵੀ ਇਨ੍ਹਾਂ ਸਦੀਆਂ ਤੋਂ ਪਿੱਛੇ ਨਹੀਂ ਲਿਜਾਇਆ ਜਾ ਸਕਦਾ। ਸੋ ਸਪਸ਼ਟ ਹੈ ਕਿ ਹੀਰ-ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਸੋਹਣੀ ਮਹੀਂਵਾਲ ਵਰਗੇ ਪੰਜਾਬੀ ਮੂਲ ਦੇ ਕਿੱਸੇ ਚੌਧਵੀਂ-ਪੰਦਰ੍ਹਵੀਂ ਸਦੀ ਵਿਚ ਹੀ ਵਾਪਰੇ ਹੋਣਗੇ ਅਤੇ ਇਨ੍ਹਾਂ ਕਿੱਸਿਆਂ ਨਾਲ ਸੰਬੰਧਿਤ ਪਾਤਰਾਂ ਨੂੰ ਇਸਲਾਮ ਮਤਿ ਧਾਰਣ ਕੀਤਿਆਂ ਅਜੇ ਬਹੁਤ ਸਮਾਂ ਨਹੀਂ ਹੋਇਆ ਹੋਵੇਗਾ। ਸਾਡੀ ਇਸ ਧਾਰਣਾ ਦੀ ਪੁਸ਼ਟੀ ਇਨ੍ਹਾਂ ਕਿੱਸਿਆਂ ਵਿਚ ਸੰਕਲਿਤ ਉਸ ਸਭਿਆਚਾਰਕ ਸਾਮਗਰੀ ਤੋਂ ਵੀ ਹੁੰਦੀ ਹੈ ਜਿਸ ਵਿਚ ਹਿੰਦੂ ਧਰਮ ਅਤੇ ਇਸਲਾਮ ਦੋਹਾਂ ਦੇ ਗੁਣ-ਲੱਛਣ ਸੁਮਿਸ਼ਰਤ ਰੂਪ ਵਿਚ ਦੇਖੇ ਜਾ ਸਕਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਿੱਸਾ ਕਵੀਆਂ ਨੇ ਆਪਣੀਆਂ ਰਚਨਾਵਾਂ ਦਾ ਆਰੰਭ ਇਸ਼ਕ ਦੇ ਮੰਗਲਾ-ਚਰਣ ਦੁਆਰਾ ਕੀਤਾ ਹੈ। ਉਨ੍ਹਾਂ ਅਨੁਸਾਰ ਸ੍ਰਿਸ਼ਟੀ-ਰਚਨਾ ਦਾ ਮੂਲ ਕਾਰਣ ਇਸ਼ਕ ਹੀ ਹੈ ਅਤੇ ਇਸੇ ਲਈ ਇਹ ਇਕ ਸ਼ਰੋਮਣੀ ਤੇ ਵਿਆਪਕ ਜਜ਼ਬਾ ਹੈ।[1] ਉਨ੍ਹਾਂ ਨੇ ਆਪਣੀ ਕਾਵਿ-ਸਿਰਜਣਾ ਦਾ ਪ੍ਰਯੋਜਨ ਵੀ 'ਇਸ਼ਕ ਦੀ ਅਭਿਵਿਅਕਤੀ' ਨੂੰ ਮੰਨਿਆ ਹੈ।[2] ਕਿੱਸਾ ਕਵੀਆਂ ਨੇ 'ਪਹਿਲੀ ਨਜ਼ਰੇ ਹੋ ਜਾਣ ਵਾਲੇ ਇਸਤ੍ਰੀ-ਪੁਰਖ ਦੇ ਇਸ਼ਕ' ਦੀ ਪੇਸ਼ਕਾਰੀ ਕੀਤੀ ਹੈ। ਇਨ੍ਹਾਂ ਕਿੱਸਿਆਂ ਦੇ ਨਾਇਕ ਆਪਣੇ ਪਰਿਵਾਰ ਨਾਲ ਲੜ-ਝਗੜ ਕੇ ਅਤੇ ਘਰ ਵਾਲਿਆਂ ਦੀ ਮਰਜ਼ੀ ਦੇ ਵਿਰੁੱਧ ਇਕ ਲੰਬੀ ਯਾਤਰਾ ਤੇ ਨਿਕਲ ਤੁਰਦੇ ਹਨ। ਉਨ੍ਹਾਂ ਨੇ ਆਪਣੀਆਂ ਨਾਇਕਾਵਾਂ ਦੇ ਹੁਸਨ ਬਾਰੇ ਇਧਰੋਂ ਉਧਰੋਂ ਕੁਝ ਸੁਣ-ਸੁਣਾ ਵੀ ਰੱਖਿਆ ਹੁੰਦਾ ਹੈ। ਆਮ ਤੌਰ ਤੇ ਨਾਇਕ-ਨਾਇਕਾਵਾਂ ਦੀ ਪਹਿਲੀ ਮੁਲਾਕਾਤ ਤਕਰਾਰ ਦੇ ਮਾਹੌਲ ਵਿਚ ਹੁੰਦੀ ਹੈ ਪਰ ਇਕ ਦੂਜੇ ਨੂੰ ਦੇਖਦਿਆਂ ਹੀ ਤਕਰਾਰ, ਪਿਆਰ ਵਿਚ ਬਦਲ ਜਾਂਦਾ ਹੈ। ਵਾਰਿਸ ਸ਼ਾਹ ਨੇ ਰਾਂਝੇ ਨੂੰ ਭਰਾਵਾਂ-ਭਰਜਾਈਆਂ ਨਾਲ ਲੜ ਕੇ ਘਰੋਂ ਨਿਕਲਦਾ ਵਿਖਾਇਆ ਹੈ। ਜਾਣ ਲੱਗੇ ਨੂੰ ਭਰਜਾਈਆਂ ਮਿਹਣਾ ਮਾਰਦੀਆਂ ਨੇ ਕਿ ਜੇ ਤੂੰ ਸਾਨੂੰ ਪਸੰਦ ਨਹੀਂ ਕਰਦਾ ਤਾਂ ਜਾ ਕੇ ਹੀਰ-ਸਿਆਲ ਨੂੰ ਵਿਆਹ ਲਿਆਵੀਂ। ਰਾਂਝਾ ਝੰਗ ਸਿਆਲ ਵੱਲ ਨਿਕਲ ਤੁਰਦਾ ਹੈ ਅਤੇ ਲੁੱਡਣ ਮਲਾਹ ਦੀ ਬੇੜੀ ਵਿਚ ਪਈ 'ਹੀਰ ਦੀ ਸੇਜ' ਤੇ ਜਾ ਸੌਂਦਾ ਹੈ। ਪਤਾ ਲੱਗਣ ਤੇ ਹੀਰ ਆਪਣੀਆਂ ਸਹੇਲੀਆਂ ਦੀ ਫੌਜ ਨੂੰ ਨਾਲ ਲੈ ਕੇ ਉਸ ਨੂੰ ਸਜ਼ਾ ਦੇਣ ਲਈ ਆਉਂਦੀ ਹੈ। ਹੀਰ ਦੀਆਂ ਗਾਲ੍ਹਾਂ ਸੁਣ ਕੇ ਜਦ ਰਾਂਝਾ ਜਾਗ ਕੇ ਹੀਰ ਵੱਲ ਤੱਕਦਾ ਹੈ ਤਾਂ ਉਹ ਉਸ ਤੇ ਕੁਰਬਾਨ ਹੋ ਜਾਂਦੀ ਹੈ।[3] ਇਸੇ ਤਰ੍ਹਾਂ ਜਦੋਂ ਬਲੋਚ ਸੌਦਾਗਰ, ਪੁੰਨੂੰ ਸਾਹਮਣੇ ਸੱਸੀ ਦੇ ਹੁਸਨ ਦੀ ਤਾਰੀਫ਼ ਕਰਦੇ ਹਨ ਤਾਂ ਪੁੰਨੂੰ ਆਪਣੇ ਮਾਤਾ ਪਿਤਾ ਦੀ ਇੱਛਾ ਦੇ ਵਿਰੁੱਧ ਕੇਚਮ ਸ਼ਹਿਰ ਤੋਂ ਭੰਬੋਰ ਦੀ ਲੰਬੀ ਯਾਤਰਾ ਤੇ ਨਿਕਲ ਤੁਰਦਾ ਹੈ। ਭੰਬੋਰ ਪਹੁੰਚ ਕੇ ਉਹ ਸੱਸੀ ਦੇ ਬਾਗ ਵਿਚ ਵਿਛੀ ਪਈ ਸੱਸੀ ਦੀ ਸੇਜ ਤੇ ਚੜ੍ਹ ਕੇ ਸੌਂ ਜਾਂਦਾ ਹੈ। ਸੱਸੀ ਇਸ ਅਜਨਬੀ ਪਰਾਹੁਣੇ ਨੂੰ ਸਜ਼ਾ ਦੇਣ ਆਉਂਦੀ ਹੈ ਤਾਂ ਉਹ ਵੀ ਹੀਰ ਵਾਂਗ ਹੀ ਉਸ ਉੱਤੇ ਮੋਹਿਤ ਹੋ ਜਾਂਦੀ ਹੈ। ਅਜਨਬੀਪਣ ਦੀਆਂ ਦੀਵਾਰਾਂ ਟੁੱਟ ਜਾਂਦੀਆਂ ਹਨ ਅਤੇ ਨਾਇਕ-ਨਾਇਕਾ ਇਸ਼ਕ ਦੇ ਆਤਮੀਯ ਰਿਸ਼ਤੇ ਵਿਚ ਬੱਝ ਜਾਂਦੇ ਹਨ।[4] ਸੋਹਣੀ ਮਹੀਂਵਾਲ, ਯੂਸਫ਼-ਜ਼ੁਲੈਖਾਂ ਅਤੇ ਕੁਝ ਹੋਰ ਪ੍ਰਤੀਨਿਧ ਕਿੱਸਿਆਂ ਵਿਚ ਵੀ ਨਾਇਕ-ਨਾਇਕਾ ਦਾ ਇਸ਼ਕ ਇਸੇ ਤਰ੍ਹਾਂ ਦੀਆਂ ਹੁੜ੍ਹੀਆਂ ਦੁਆਰਾ ਪ੍ਰਵਾਨ ਚੜ੍ਹਦਾ ਦਿਖਾਇਆ ਗਿਆ ਹੈ।

ਕਈ ਲੇਖਕਾਂ ਨੇ ਇਸ਼ਕ ਦੇ ਜਜ਼ਬੇ ਨੂੰ ਅਜਨਬੀਅਤ ਦੀ ਸਥਿਤੀ ਨਾਲ ਜੋੜਕੇ ਵੇਖਿਆ ਹੈ।[5] ਉਨ੍ਹਾਂ ਅਨੁਸਾਰ ਇਸ਼ਕ ਮਾਨਵੀ ਹੋਂਦ ਦੀ ਸਮੱਸਿਆ ਦਾ ਇਕ ਜਵਾਬ ਹੈ। ਜਿਥੇ ਚਰਿੰਦਿਆਂ ਵਿਚ ਇਸ਼ਕ ਜਾਂ ਇਸ਼ਕ ਵਰਗਾ ਕੋਈ ਜਜ਼ਬਾ ਫ਼ਿਤਰਤਨ (Instinctual) ਹੁੰਦਾ ਹੈ ਉਥੇ ਬੰਦਿਆਂ ਵਿਚ ਇਹ ਜਜ਼ਬਾ ਕਾਫ਼ੀ ਵਿਕਸਿਤ ਅਤੇ ਜਟਿਲ ਹੋ ਚੁੱਕਾ ਹੈ। ਵਿਅਕਤੀ, ਪ੍ਰਕਿਰਤੀ ਤੋਂ ਕਾਫ਼ੀ ਹੱਦ ਤਕ ਉੱਚਾ ਉਠ ਗਿਆ ਹੈ ਅਤੇ ਘੱਟੋ ਘੱਟ ਹੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਪ੍ਰਕਿਰਤੀ ਨਾਲ ਏਕਤਾ (Oneness) ਦੀ ਸਥਿਤੀ ਵਿਚ ਨਹੀਂ ਰਿਹਾ। ਜਦੋਂ ਤੋਂ ਵਿਅਕਤੀ ਜਨਮ ਲੈਂਦਾ ਹੈ, ਉਸ ਸਮੇਂ ਤੋਂ ਉਹ ਇਕ ਅਜਿਹੀ ਸਥਿਤੀ ਵਿਚੋਂ ਬਾਹਰ ਨਿਕਲ ਆਉਂਦਾ ਹੈ ਜਿਸ ਨੂੰ ਅਸੀਂ ਇਕ ਨਿਸ਼ਚਿਤ ਸਥਿਤੀ ਕਹਿ ਸਕਦੇ ਹਾਂ। ਇਸ ਤੋਂ ਬਾਅਦ ਉਸ ਲਈ ਸਭ ਕੁਝ ਅਨਿਸ਼ਚਿਤ ਅਤੇ ਖੁੱਲ੍ਹਾ ਹੈ। ਸਿਰਫ਼ ਉਸ ਦਾ ਅਤੀਤ ਹੀ ਨਿਸ਼ਚਿਤ ਰਹਿ ਜਾਂਦਾ ਹੈ। ਭਵਿਖ ਬੱਸ ਉਤਨਾ-ਕੁ ਹੀ ਨਿਸ਼ਚਿਤ ਹੈ ਕਿ ਆਦਮੀ ਨੇ ਮਰ ਜਾਣਾ ਹੈ। ਕਿਉਂਕਿ ਆਦਮੀ ਪਾਸ ਵਿਵੇਕ ਹੈ, ਉਸ ਨੂੰ ਆਪਣੀਆਂ ਸੰਭਾਵਨਾਵਾਂ, ਆਪਣੇ ਅਤੀਤ ਅਤੇ ਆਪਣੇ ਸਾਥੀਆਂ-ਸਹਿਯੋਗੀਆਂ ਦੀ ਹੋਂਦ ਆਦਿ ਬਾਰੇ ਚੇਤਨਾ ਹੈ ਇਸ ਲਈ ਉਹ ਜਾਣਦਾ ਹੈ ਕਿ ਉਸ ਦਾ ਜਨਮ ਉਸ ਦੀ ਆਪਣੀ ਇੱਛਾ ਤੋਂ ਬਿਨਾਂ ਹੋਇਆ ਹੈ ਅਤੇ ਉਸ ਦੀ ਮੌਤ ਵੀ ਇੱਛਾ ਤੋਂ ਬਿਨਾਂ ਹੀ ਹੋ ਜਾਵੇਗੀ। ਉਹ ਆਪਣੇ ਮਿੱਤਰਾਂ-ਪਿਆਰਿਆਂ ਅਤੇ ਸਾਕ-ਸੰਬੰਧੀਆਂ ਤੋਂ ਪਹਿਲਾਂ ਜਾਂ ਪਿਛੋਂ ਬਿਲਕੁਲ ਇਕੱਲਾ ਮਰ ਜਾਵੇਗਾ। ਇਕਲਾਪੇ ਅਤੇ ਵਿਵੱਸਥਾ ਦਾ ਇਹ ਇਹਸਾਸ ਵਿਅਕਤੀ ਨੂੰ ਫ਼ਿਕਰਮੰਦ ਬਣਾ ਦਿੰਦਾ ਹੈ। ਇਕੱਲੇ ਹੋਣ ਦਾ ਅਰਥ ਹੈ, ਕੱਟੇ ਜਾਣਾ। ਮਾਨਵੀ ਸ਼ਕਤੀ ਦਾ ਪ੍ਰਯੋਗ ਕਰਨ ਤੋਂ ਮਹਿਰੂਮ ਹੋ ਜਾਣਾ। ਵਿਵੱਸਥਾ ਦਾ ਇਹ ਬੋਧ ਵਿਅਕਤੀ ਦੇ ਮਨ ਵਿਚ ਅਪਰਾਧ-ਬੋਧ ਦੀ ਭਾਵਨਾ ਨੂੰ ਵੀ ਜਾਗ੍ਰਿਤ ਕਰ ਦਿੰਦਾ ਹੈ। ਇਕਲਾਪੇ ਅਤੇ ਵਿਵੱਸਥਾ ਦਾ ਇਸ ਸਥਿਤੀ ਤੋਂ ਉਬਰਨ ਲਈ ਇਸ਼ਕ ਹੀ ਇਕੋ ਇਕ ਮਾਰਗ ਬਚਦਾ ਹੈ। ਇਸ਼ਕ ਵਿਅਕਤੀ ਦੀ ਇਕ ਅਜਿਹੀ ਬੁਨਿਆਦੀ ਜ਼ਰੂਰਤ ਹੋ ਨਿੱਬੜਦਾ ਹੈ ਜਿਸ ਦੁਆਰਾ ਉਹ ਆਪਣੇ ਇਕਲਾਪੇ ਦੀ ਕੈਦ ਵਿਚੋਂ ਬਾਹਰ ਨਿਕਲ ਸਕਦਾ ਹੈ। ਹਰ ਯੁਗ ਵਿਚ ਅਤੇ ਹਰ ਸਭਿਆਚਾਰ ਵਿਚ ਵਿਅਕਤੀ ਨੂੰ ਮਾਨਵੀ ਸਥਿਤੀ ਦੀ ਇਸ ਸਮੱਸਿਆ ਦਾ ਬਾਰ-ਬਾਰ ਸਾਹਮਣਾ ਕਰਨਾ ਪਿਆ ਹੈ। ਜਵਾਬ ਬਦਲਦੇ ਰਹੇ ਹਨ ਪਰ ਸਵਾਲ ਸਦਾ ਇਹੀ ਰਿਹਾ ਹੈ। ਕਦੇ ਮਨੁੱਖ ਨੇ ਪਸ਼ੂ-ਪੂਜਾ, ਕਦੇ ਜੰਗਾਂ-ਯੁਧਾਂ, ਕਦੇ ਐਸ਼ੋ ਇਸ਼ਰਤ, ਕਦੇ ਤਿਆਗ, ਕਦੇ ਰੱਬੀ ਪ੍ਰੇਮ ਅਤੇ ਕਦੇ ਮਨੁੱਖੀ ਪ੍ਰੇਮ ਵਿਚੋਂ ਇਸ ਬੁਨਿਆਦੀ ਸਵਾਲ ਦਾ ਜਵਾਬ ਢੂੰਡਿਆ ਹੈ। ਭਾਵੇਂ ਕੁਝ ਜਵਾਬ ਹੋਰ ਵੀ ਹੋ ਸਕਦੇ ਹਨ, ਹੋਣਗੇ ਵੀ ਪਰ ਇਹ ਕੋਈ ਏਨੇ ਜ਼ਿਆਦਾ ਨਹੀਂ ਕਿ ਇਨ੍ਹਾਂ ਦੀ ਗਿਣਤੀ ਹੀ ਨਾ ਹੋ ਸਕੇ। ਪਰ ਜੇ ਇਨ੍ਹਾਂ ਵੱਖ ਵੱਖ ਜਵਾਬਾਂ ਦੀ ਤਹਿ ਵਿਚ ਜਾਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਪਤਾ ਲਗ ਜਾਵੇਗਾ ਕਿ ਵਖਰੇਵੇਂ ਐਵੇਂ ਸਤਹੀ ਅਤੇ ਬਾਹਰੀ ਹੀ ਹਨ। ਕੇਂਦਰੀ ਤੱਤ ਲਗਪਗ ਉਹੀ ਹੈ ਕਿ ਇਕਲਾਪੇ ਅਤੇ ਅਜਨਬੀਅਤ ਦੀ ਸਥਿਤੀ ਨੂੰ ਭੰਗ ਕਰਕੇ ਏਕਤਾ ਦੀ ਸਥਿਤੀ ਵਿਚ ਪ੍ਰਵੇਸ਼ ਕੀਤਾ ਜਾਵੇ। ਮਨੁੱਖੀ ਇਸ਼ਕ ਇਕਲਾਪੇ ਅਤੇ ਅਜਨਬੀਅਤ ਦੀ ਇਸ ਸਥਿਤੀ ਨੂੰ ਭੰਗ ਕਰਕੇ ਇਕ ਵਿਅਕਤੀ ਨੂੰ ਦੂਜੇ ਵਿਅਕਤੀ ਨਾਲ ਏਕਤਾ ਦੀ ਸਥਿਤੀ ਵਿਚ ਬੰਨ੍ਹਦਾ ਹੈ ਅਤੇ ਕਿੱਸਾ ਕਵੀਆਂ ਨੇ ਇਸ਼ਕ ਦੀ ਇਸੇ ਪ੍ਰਕਿਰਤੀ ਵੱਲ ਬਾਰ ਬਾਰ ਉਲੇਖ ਕੀਤਾ ਹੈ। ਹੀਰਾਂ, ਸੱਸੀਆਂ, ਸੋਹਣੀਆਂ ਤੇ ਰਾਂਝੇ, ਪੁੰਨੂੰ, ਮਹੀਂਵਾਲ ਆਦਿਕ ਸਭ ਇਸੇ ਇਕਲਾਪੇ ਦੀ ਸਥਿਤੀ ਵਿਚੋਂ ਬਾਹਰ ਨਿਕਲਣ ਲਈ ਤਰਲੋ-ਮੱਛੀ ਹੁੰਦੇ ਵਿਖਾਏ ਗਏ ਹਨ।[6]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ ਕਾਵਿ ਦੇ ਮੁਖ ਪਾਤਰ ਆਪਣੇ ਆਲੇ ਦੁਆਲੇ ਵਿਚ ਅਜਨਬੀਅਤ ਦੀ ਭਾਵਨਾ ਮਹਿਸੂਸ ਕਰਦੇ ਹਨ। ਰਾਂਝਾ ਇਕੱਲਾ ਰਹਿ ਗਿਆ ਹੈ ਕਿਉਂਕਿ ਉਹ ਆਪਣੇ ਬਾਪ ਦਾ ਲਾਡਲਾ ਬੇਟਾ ਸੀ ਅਤੇ ਉਸ ਦੀ ਮੌਤ ਪਿਛੋਂ ਉਹ ਆਪਣੇ ਭਰਾਵਾਂ-ਭਰਜਾਈਆਂ ਦੀ ਈਰਖਾ ਦਾ ਸ਼ਿਕਾਰ ਹੋ ਗਿਆ ਹੈ। ਸੱਸੀ ਨਾਲ ਮਿਲਣ ਪਿਛੋਂ ਪੁੰਨੂ ਇਕੱਲਾ ਰਹਿ ਜਾਂਦਾ ਹੈ ਕਿਉਂਕਿ ਉਸ ਦੇ ਭਰਾ ਉਸ ਨੂੰ ਧੋਖੇ ਨਾਲ ਕੇਚਮ ਸ਼ਹਿਰ ਲੈ ਆਉਂਦੇ ਹਨ। ਹੀਰਾਂ, ਸੱਸੀਆਂ, ਸੋਹਣੀਆਂ ਇਕੱਲੀਆਂ ਹਨ। ਉਨ੍ਹਾਂ ਦੇ ਹੁਸਨ ਨੇ ਹੀ ਉਨ੍ਹਾਂ ਨੂੰ ਦੁਨੀਆਂ ਦੇ ਹੋਰ ਲੋਕਾਂ ਨਾਲੋਂ ਕੱਟ ਦਿੱਤਾ ਹੈ। ਵਧੇਰੇ ਖ਼ੂਬਸੂਰਤੀ ਵੀ ਵਿਅਕਤੀ ਨੂੰ ਸਮਾਜ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਲਈ ਅਜਨਬੀ ਬਣਾ ਦਿੰਦੀ ਹੈ। ਇਸ ਦੇ ਨਾਲ-ਨਾਲ ਉਹ ਆਪਣੇ ਆਪਣੇ ਘਰਾਂ ਪਰਿਵਾਰਾਂ ਵਿਚ ਇਕੱਲੀਆਂ ਇਕੱਲੀਆਂ ਧੀਆਂ ਹਨ। ਸਖੀਆਂ-ਸਹੇਲੀਆਂ ਦੇ ਸਮੂਹ ਵਿਚ ਵੀ ਉਹ ਫਿਟ ਨਹੀਂ ਬੈਠ ਸਕਦੀਆਂ ਕਿਉਂਕਿ ਉਨ੍ਹਾਂ ਦੀ ਖ਼ੂਬਸੂਰਤੀ ਹੀ ਉਨ੍ਹਾਂ ਨੂੰ ਦੂਜੀਆਂ ਨਾਲੋਂ ਨਿਖੇੜ ਦਿੰਦੀ ਹੈ। ਉਹ ਇਨ੍ਹਾਂ ਸੰਗ ਵਿਚਰਦਿਆਂ ਹੋਇਆਂ ਵੀ ਆਪਣੇ ਆਪ ਨੂੰ ਦੂਜੀਆਂ ਤੋਂ ਅਜਨਬੀ ਮਹਿਸੂਸ ਕਰਦੀਆਂ ਹਨ। ਅਜਨਬੀ-ਪਣ ਦੀ ਇਸੇ ਸਥਿਤੀ ਵਿਚ ਇਨ੍ਹਾਂ ਨਾਇਕਾਵਾਂ ਦੀ ਕਿਸੇ ਅਜਨਬੀ ਨਾਇਕ ਨਾਲ ਮੁਲਾ-ਕਾਤ ਹੁੰਦੀ ਹੈ। ਨਾਇਕ ਅਤੇ ਨਾਇਕਾ ਦੋਵੇਂ ਅਜਨਬੀਪਣ ਦੇ ਸ਼ਿਕਾਰ ਹੁੰਦੇ ਹਨ। ਇਹੀ ਸਥਿਤੀ ਦੋਹਾਂ ਨੂੰ 'ਇਕੋ ਜਿਹਾ' ਬਣਾਉਂਦੀ ਹੈ ਅਤੇ ਇਸੇ ਕਾਰਨ ਉਹ ਇਕ ਦੂਜੇ ਨਾਲ ਇਸ਼ਕ ਕਰਨ ਲੱਗਦੇ ਹਨ।

ਅਜਨਬੀਪਣ ਅਤੇ ਇਕਲਾਪੇ ਦੇ ਇਹਸਾਸ ਤੋਂ ਬਚਣ ਲਈ ਹਰ ਸਭਿਆਚਾਰ ਵਿਚ ਕੁਝ ਹੋਰ ਉਪਾਉ (Defence-mechanisms) ਵੀ ਹੁੰਦੇ ਹਨ ਜਿਵੇਂ ਸਮੂਹਕ ਰਸਮਾਂ ਰੀਤਾਂ, ਨਸ਼ਿਆਂ ਵਿਚ ਪਲਾਇਣ, ਸਭਿਆਚਾਰਕ ਰਸਮਾਂ ਰੀਤਾਂ ਪ੍ਰਤੀ ਪੂਰਾ-ਪੂਰਾ ਆਤਮ ਸਮਰਪਣ (Confoımity) ਆਦਿਕ ਪਰ ਇਸ਼ਕ ਅਜਿਹੀ ਪ੍ਰਕਿਰਿਆ ਹੈ ਜੋ ਵਿਅਕਤੀ ਨੂੰ ਅਜਨਬੀਪਣ ਅਤੇ ਇਕਲਾਪੇ ਦੀ ਸਥਿਤੀ ਵਿਚੋਂ ਬਾਹਰ ਲਿਆਉਣ ਵਿਚ ਵਧੇਰੇ ਸਾਜ਼ਗਾਰ ਹੋ ਨਿੱਬੜਦੀ ਹੈ। ਇਸ਼ਕ ਦੇ ਕਈ ਸਰੂਪ ਹਨ! ਪਰਮਾਤਮਾ ਨਾਲ ਇਸ਼ਕ, ਪਿਤਾ ਜਾਂ ਮਾਤਾ ਨਾਲ ਇਸ਼ਕ, ਭ੍ਰਾਤਰੀ ਪ੍ਰੇਮ ਅਤੇ ਕਾਮੁਕ ਪ੍ਰੇਮ। ਭਾਵੇਂ ਕਿੱਸਾ ਕਾਵਿ ਵਿਚ ਕਾਮੁਕ ਪ੍ਰੇਮ ਦਾ ਸੁਰ ਵਧੇਰੇ ਉੱਚਾ ਅਤੇ ਬਲਵਾਨ ਸੁਣਾਈ ਦਿੰਦਾ ਹੈ ਪਰ ਤਾਂ ਵੀ ਪ੍ਰੇਮ ਜਾਂ ਇਸ਼ਕ ਦੇ ਦੂਜੇ ਸਰੂਪ ਵੀ ਹਰ ਕਿੱਸੇ ਵਿਚ ਦੇਖੇ ਜਾ ਸਕਦੇ ਹਨ। ਬਹੁਤੇ ਕਵੀ ਤਾਂ ਇਸ਼ਕ ਦੀ ਪੇਸ਼ਕਾਰੀ ਹੀ ਕੁਝ ਅਜਿਹੇ ਢੰਗ ਨਾਲ ਕਰਦੇ ਹਨ ਕਿ ਇਸ਼ਕ ਮਜਾਜ਼ੀ ਅੰਤ ਵਿਚ ਇਸ਼ਕ-ਹਕੀਕੀ ਹੋ ਨਿੱਬੜਦਾ ਹੈ।[7] ਰਾਂਝਾ 'ਭਾਈ' ਦਾ ਮਰਤਬਾ ਪ੍ਰਾਪਤ ਕਰ ਲੈਂਦਾ ਹੈ ਅਤੇ ਹੀਰ 'ਮਾਈ' ਬਣ ਜਾਂਦੀ ਹੈ। ਇਉਂ ਕਿੱਸਾ ਕਵੀ ਆਪਣੇ-ਆਪਣੇ ਨਾਇਕਾਂ ਤੇ ਨਾਇਕਾਵਾਂ ਨੂੰ 'ਮਾਈ' ਅਤੇ 'ਭਾਈ' ਬਣਾ ਦਿੰਦੇ ਹਨ। ਆਧੁਨਿਕ ਪੰਜਾਬੀ ਕਾਵਿ ਦੇ ਇਕ ਸ਼੍ਰੋਮਣੀ ਕਵੀ ਪ੍ਰੋ. ਪੂਰਨ ਸਿੰਘ ਨੇ ਵੀ ਕਿੱਸਾ ਕਾਵਿ ਦੇ ਨਾਇਕਾਂ ਨਾਇਕਾਵਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸੇ ਸੰਬੋਧਨ ਨਾਲ ਸੰਬੋਧਿਤ ਕੀਤਾ ਹੈ।

'ਹਿਜਰਤ' ਅਤੇ 'ਮਫ਼ਰੂਰੀ' ਕਿੱਸਾ ਕਾਵਿ ਵਿਚ ਅਭਿਵਿਅਕਤ ਇਸ਼ਕ ਸੰਕਲਪ ਦੀਆਂ ਕੁਝ ਹੋਰ ਮਹੱਤਵਪੂਰਨ ਕਾਵਿ-ਰੂੜ੍ਹੀਆਂ ਹਨ। ਨਾਇਕ ਜਾਂ ਨਾਇਕਾ ਆਪਣੇ ਸਮਾਜਕ ਪਰਿਵਾਰਕ ਪਰਿਵਸ਼ ਤੋਂ ਉਪਰਾਮ ਹੋ ਕੇ ਹਿਜਰਤ ਕਰ ਆਉਂਦੇ ਹਨ। ਓਪਰੇ ਅਤੇ ਅਜਨਬੀ ਪਰਿਵੇਸ਼ ਵਿਚ ਪਹੁੰਚ ਕੇ ਆਪਣੇ ਵਰਗੇ ਕਿਸੇ ਹੋਰ ਅਜਨਬੀ ਨਾਲ ਪਹਿਲੀ ਨਜ਼ਰੇ ਪ੍ਰੇਮ ਕਰ ਬੈਠਦੇ ਹਨ ਪਰ ਜਦ ਸਮਾਜ ਇਸ ਪ੍ਰੇਮ ਨੂੰ ਪ੍ਰਵਾਨਗੀ ਨਹੀਂ ਦਿੰਦਾ ਤਾਂ ਪ੍ਰੇਮੀ-ਪ੍ਰੇਮਿਕਾ ਦੋਵੇਂ ਮਿਲ ਕੇ ਜਾਂ ਇਕੱਲੇ ਇਕੱਲੇ ਸਮਾਜ ਤੋਂ ਫ਼ਰਾਰ ਹੋਣ ਦੀ ਕੋਸ਼ਿਸ਼ ਕਰਦੇ ਹਨ। ਬਹੁਤੀ ਵਾਰ ਉਹ ਆਪਣੀ ਅਜਿਹੀ ਕੋਸ਼ਿਸ਼ ਵਿਚ ਸਫਲ ਨਹੀਂ ਹੋ ਪਾਉਂਦੇ ਅਤੇ ਮਰ ਜਾਂਦੇ ਹਨ ਜਾਂ ਮਾਰ ਦਿਤੇ ਜਾਂਦੇ ਹਨ। ਰਾਂਝਾ ਜਦੋਂ ਸ੍ਵੈ-ਇਛਾ ਨਾਲ ਤਖ਼ਤ ਹਜ਼ਾਰੇ ਨੂੰ ਛੱਡ ਕੇ ਝੰਗ ਸਿਆਲ ਵਲ ਨਿਕਲ ਤੁਰਦਾ ਹੈ ਤਾਂ ਉਹ ਹਿਜਰਤ ਦੀ ਸਥਿਤੀ ਵਿਚ ਹੈ ਪਰ ਜਦੋਂ ਉਹ ਰੰਗਪੁਰ ਖੇੜਿਆਂ ਤੋਂ ਹੀਰ ਨੂੰ ਉਧਾਲ ਕੇ ਨੱਠਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਮਫ਼ਰੂਰੀ ਦੀ ਸਥਿਤੀ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ। ਪੰਜਾਬੀ ਦੇ ਲਗਪਗ ਹਰ ਕਿੱਸਾ ਕਵੀ ਨੇ ਇਨ੍ਹਾਂ ਦੋਹਾਂ ਜਾਂ ਕਿਸੇ ਇਕ ਸਥਿਤੀ ਨੂੰ ਜ਼ਰੂਰ ਆਪਣੀ ਅਭਿਵਿਅਕਤੀ ਦਾ ਵਿਸ਼ਾ ਬਣਾਇਆ ਹੈ।

ਅਸੀਂ ਵੇਖਦੇ ਹਾਂ ਕਿ ਕਿੱਸਾ ਕਾਵਿ ਦੇ ਮੁਖ ਪਾਤਰ ਇਕ ਦੂਜੇ ਨਾਲ 'ਪਹਿਲੀ ਨਜ਼ਰੇ ਪ੍ਰੇਮ' ਕਰਨ ਲਗਦੇ ਹਨ। ਇਹ ਸਥਿਤੀ ਕਿਸੇ ਹੱਦ ਤਕ ਪਲਾਇਣਵਾਦੀ ਹੈ। ਆਪਣੇ ਇਕਲਾਪੇ ਤੋਂ ਘਬਰਾ ਕੇ ਕਿਸੇ ਦੂਜੇ ਦੀ ਸ਼ਖਸੀਅਤ ਵਿਚ ਪਨਾਹ ਢੂੰਡਣਾ। ਅਜਿਹਾ ਰਿਸ਼ਤਾ ਬਹੁਤਾ ਵਿਕਸਿਤ ਨਹੀਂ ਹੋ ਸਕਦਾ। ਕਿਉਂਕਿ ਇਥੇ 'ਦੂਜੇ' ਨੂੰ ਵਸਤੂ (Object) ਮੰਨ ਕੇ ਪ੍ਰੇਮ ਕੀਤਾ ਜਾਂਦਾ ਹੈ। 'ਦੂਜੇ' ਦੀ ਸੁਤੰਤਰਤਾ ਦਾ ਹਨਨ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਇਹ ਕੋਸ਼ਿਸ਼ ਦੋਵੇਂ ਧਿਰਾਂ ਵਲੋਂ ਹੁੰਦੀ ਹੈ, ਇਸ ਲਈ ਅਜਿਹਾ ਪ੍ਰੇਮ ਕਿਸੇ ਜਿਉਂਦੀ-ਧੜਕਦੀ ਸ਼ਖ਼ਸੀਅਤ ਦੀ ਬਜਾਏ ਇਕ ਵਸਤੂ ਨਾਲ ਪ੍ਰੇਮ ਹੋ ਨਿਬੜਦਾ ਹੈ। ਥੋੜੇ ਸਮੇਂ ਬਾਅਦ ਅਜਿਹਾ ਪ੍ਰੇਮ ਮੁਰਝਾਉਣ ਲੱਗਦਾ ਹੈ ਅਤੇ ਇਸ ਵਿਚੋਂ ਆਤਮੀਯਤਾ (Intimacy) ਨਸ਼ਟ ਹੋਣ ਲੱਗਦੀ ਹੈ। ਕਿੱਸਾ ਕਵੀਆਂ ਨੇ ਭਾਵੇਂ ਇਸ ਪ੍ਰਕਿਰਿਆ ਵਲ ਸੰਕੇਤ ਤਾਂ ਨਹੀਂ ਕੀਤਾ ਪਰ ਜੀਵਨ ਵਿਚੋਂ ਪ੍ਰੇਮ ਦੇ ਪਤਨ ਦੀ ਅਜਿਹੀ ਪ੍ਰਕਿਰਿਆ ਦੇ ਬਹੁਤ ਸਾਰੇ ਉਦਾਹਰਣ ਢੂੰਡੇ ਜਾ ਸਕਦੇ ਹਨ। ਕਈ ਕਿੱਸਾ ਕਵੀਆਂ ਨੇ ਪ੍ਰੇਮ-ਸੰਬੰਧਾਂ ਦੇ ਨਾਲ ਨਾਲ ਲਿੰਗ ਸੰਬੰਧਾਂ ਵਲ ਵੀ ਸੰਕੇਤ ਕੀਤੇ ਹਨ। ਪ੍ਰੇਮ ਲਈ ਲਿੰਗ ਸੰਬੰਧ ਜ਼ਰੂਰੀ ਤਾਂ ਨਹੀਂ ਹੁੰਦੇ ਪਰ ਪ੍ਰੇਮ ਦੇ ਪ੍ਰਗਟਾਵੇ ਦੀ ਇਕ ਵਿਧੀ ਲਿੰਗ ਸੰਬੰਧ ਜੋੜਨਾ ਵੀ ਹੈ। ਪਰ ਜਦੋਂ ਮਾਤਰ ਪ੍ਰੇਮ ਵਿਚਲੀ ਆਤਮੀਯਤਾ ਦੀ ਘਾਟ ਨੂੰ ਪੂਰਾ ਕਰਨ ਲਈ ਲਿੰਗ ਸੰਬੰਧ ਜੋੜੇ ਜਾਂਦੇ ਹਨ ਤਾਂ ਮੈਥੁਨ ਦੇ ਉਪਰੰਤ ਨਾਇਕ ਅਤੇ ਨਾਇਕਾ ਇਕ ਦੂਜੇ ਲਈ ਹੋਰ ਵੀ ਓਪਰੇ ਅਤੇ ਅਜਨਬੀ ਹੋ ਜਾਂਦੇ ਹਨ ਅਤੇ ਕਈ ਵਾਰ ਇਕ ਦੂਜੇ ਨੂੰ ਨਫ਼ਰਤ ਵੀ ਕਰਨ ਲੱਗਦੇ ਹਨ। ਸ਼ਾਇਦ ਮਿਰਜ਼ੇ ਅਤੇ ਸਾਹਿਬਾਂ ਦੇ ਫ਼ਰਾਰ ਹੋਣ ਪਿਛੋਂ ਕੋਈ ਅਜਿਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਥਿਤੀ ਹੀ ਵਾਪਰੀ ਹੋਵੇ ਅਤੇ ਮਿਰਜ਼ਾ, ਸਾਹਿਬਾਂ ਲਈ ਅਜਨਬੀ ਅਤੇ ਓਪਰਾ ਹੋ ਕੇ ਰਹਿ ਗਿਆ ਹੋਵੇ। ਮਿਰਜ਼ੇ ਦੇ ਦੁਖਦ ਅੰਤ ਨੂੰ ਸਮਝਣ ਲਈ ਇਹ ਸੰਕਲਪ ਵੀ ਇਕ ਕੁੰਜੀ ਵਜੋਂ ਵਰਤਿਆ ਜਾ ਸਕਦਾ ਹੈ।

ਕਾਮੁਕ ਪ੍ਰੇਮ (Erotic Love) ਸਦਾ ਅਧੂਰਾ ਰਹਿੰਦਾ ਹੈ। ਇਹ ਕਦੇ ਵੀ ਸੰਪੂਰਨ ਨਹੀਂ ਹੋ ਪਾਉਂਦਾ। ਇਸ ਵਿਚ ਇਕ ਵਿਅਕਤੀ ਆਪਣੇ ਵਰਗੇ ਕਿਸੇ ਹੋਰ ਵਿਅਕਤੀ ਦੀ ਸ਼ਖ਼ਸੀਅਤ ਵਿਚ ਪਲਾਇਣ ਢੂੰਡਣ ਦੀ ਕੋਸ਼ਿਸ਼ ਕਰਦਾ ਹੈ। ਨਾਇਕ ਜਾਂ ਨਾਇਕਾ ਇਕ ਦੂਜੇ ਤੋਂ ਬਿਨਾ ਕਿਸੇ ਹੋਰ ਵਿਅਕਤੀ ਨੂੰ ਪ੍ਰੇਮ ਨਹੀਂ ਕਰਦੇ। ਇਸੇ ਲਈ ਉਹ ਇਕ ਦੂਜੇ ਨਾਲ ਪ੍ਰੇਮ ਹੋ ਜਾਣ ਉਪਰੰਤ ਸਦਾ ਝੁੰਜਲਾਏ ਜਿਹੇ ਰਹਿੰਦੇ ਹਨ। ਉਹ ਪ੍ਰੇਮ ਦੇ ਜਜ਼ਬੇ ਨੂੰ ਵਿਕਸਿਤ ਕਰਨ ਵਿਚ ਵੀ ਅਸਫ਼ਲ ਰਹਿੰਦੇ ਹਨ। ਇਸੇ ਲਈ ਸੰਬੰਧਾਂ ਵਿਚ ਘੱਟ ਰਹੀ ਆਤਮੀਯਤਾ ਨੂੰ ਪੂਰਨ ਲਈ ਕਈ ਵਾਰ 'ਮੈਥੁਨ' ਦਾ ਸਹਾਰਾ ਵੀ ਲੈਂਦੇ ਹਨ। ਪਰ ਕਿਉਂਕਿ ਉਹ ਇਕ ਵਿਅਕਤੀ ਦੇ ਮਾਧਿਅਮ ਦੁਆਰਾ ਕੁਲ ਮਨੁੱਖਤਾ ਨਾਲ ਪ੍ਰੇਮ ਜਾਂ ਇਸ਼ਕ ਕਰਨ ਵਿਚ ਅਸਮਰੱਥ ਰਹਿੰਦੇ ਹਨ। ਇਸ ਲਈ ਆਪਣੇ ਪ੍ਰੇਮ-ਸੰਬੰਧਾਂ ਕਾਰਨ ਹੀ ਉਹ ਬਾਕੀ ਸਮਾਜ ਅਤੇ ਸਭਿਆਚਾਰ ਤੋਂ ਕੱਟੇ ਜਾਂਦੇ ਹਨ। ਮਨੁੱਖ ਦੇ ਹੋਰ ਜਜ਼ਬਿਆਂ ਵਾਂਗ ਇਸ਼ਕ ਵੀ ਇਕ ਸਮਾਜਕ ਸਭਿਆਚਾਰਕ ਵਰਤਾਰਾ ਹੈ। ਸਮਾਜ ਤੇ ਸਭਿਆਚਾਰ ਤੋਂ ਵੱਖ ਹੋਇਆ ਇਹ ਜਜ਼ਬਾ ਸੁੱਕਣ ਲੱਗਦਾ ਹੈ। ਇਸੇ ਸਥਿਤੀ ਤੋਂ ਪ੍ਰੇਸ਼ਾਨ ਹੋ ਕੇ ਨਾਇਕ/ਨਾਇਕਾ ਸਮਾਜ ਤੋਂ ਫ਼ਰਾਰ ਹੋਣ ਦੀ ਕੋਸ਼ਿਸ਼ ਕਰਦੇ ਹਨ। ਪਰ ਮਨੁੱਖੀ ਸਮਾਜ ਤਾਂ ਸਭ ਜਗ੍ਹਾ ਹੈ। ਇਸ ਤੋਂ ਫ਼ਰਾਰ ਹੋ ਕੇ ਉਹ ਕਿੱਥੇ ਜਾਣਗੇ? ਨਹੀਂ, ਉਨ੍ਹਾਂ ਲਈ ਕਿਧਰੇ ਵੀ ਕੋਈ ਜਗ੍ਹਾ ਨਹੀਂ ਹੈ। ਇਸ ਲਈ ਅੰਤ ਵਿਚ ਉਹ ਮੌਤ ਦੀ ਗੋਦ ਵਿਚ ਪਲਾਇਣ ਜਾ ਲੱਭਦੇ ਹਨ ਜਿੱਥੇ ਸਭ ਦੂਰੀਆਂ ਤੇ ਦੀਵਾਰਾਂ ਮਿੱਟ ਜਾਂਦੀਆਂ ਹਨ ਅਤੇ ਮਨੁੱਖੀ ਹੋਂਦ ਦਾ ਸੰਕਟ ਆਪਣੇ ਆਪ ਹੱਲ ਹੋ ਜਾਂਦਾ ਹੈ।

ਕਿਉਂਕਿ ਪ੍ਰੇਮੀ ਲੋਕ ਸਮਾਜਕ ਰਹੁ-ਰੀਤਾਂ ਪ੍ਰਤੀ ਸਗਲ ਸਮਰਪਣ (Conform) ਨਹੀਂ ਕਰਦੇ ਬਲਕਿ ਇਨ੍ਹਾਂ ਦੇ ਵਿਰੁੱਧ ਡੱਟ ਕੇ ਮਨੁੱਖੀ ਹੋਂਦ ਦੀ ਸਾਰਥਿਕਤਾ ਲੱਭਣ ਲਈ ਕੋਈ ਹੋਰ ਉਪਰਾਲਾ ਕਰਦੇ ਹਨ ਇਸ ਲਈ ਹਰ ਸਮਾਜ ਦੇ ਸਭਿਆਚਾਰਕ ਇਤਿਹਾਸ ਵਿਚ ਉਹ ਇਕ 'ਸ਼ਹੀਦ' ਦਾ ਮਰਤਬਾ ਪ੍ਰਾਪਤ ਕਰ ਜਾਂਦੇ ਹਨ। ਉਨ੍ਹਾਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਅਤੇ ਉਹ ਜਨਮਾਨਸ ਦੇ ਦਿਲਾਂ ਤੇ ਰਾਜ ਕਰਨ ਲੱਗਦੇ ਹਨ ਪਰ ਕਾਮੁਕ ਪ੍ਰੇਮ (Erotic Love) ਆਪਣੇ ਵਿਚ ਅਧੂਰਾ ਅਤੇ ਦ੍ਵੈਤਵਾਦੀ ਸੁਭਾ ਦਾ ਧਾਰਨੀ ਹੈ। ਇਸ ਦਾ ਅੰਤ ਦੁਖਦ ਹੀ ਰਿਹਾ ਹੈ ਅਤੇ ਸ਼ਾਇਦ ਇਹ ਕਦੇ ਸੁਖਦ ਹੋ ਵੀ ਨਾ ਸਕੇ। ਅਜਿਹੇ ਪ੍ਰੇਮ ਦੀ ਅਭਿਵਿਅਕਤੀ ਵਿਚ ਪੰਜਾਬੀ ਕਿੱਸਾ ਕਾਵਿ ਦੀ ਭੂਮਿਕਾ ਬੜੀ ਮਹੱਤਵਪੂਰਨ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਤੇ ਟਿੱਪਣੀਆਂ

1. ਅਵਲ ਹਮਦ ਖ਼ੁਦਾ ਦਾ ਵਿਰਦ ਕੀਜੇ
ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ ।

(ਹੀਰ ਵਾਰਿਸ ਸ਼ਾਹ)

ਹਿਕਮਤ ਨਾਲ ਹਕੀਮ ਅਜ਼ਲ ਦੇ ਨਕਸ਼ ਨਿਗਾਰ ਬਣਾਇਆ ।
ਹਰ ਅਰਵਾਹ ਅਸੀਰ ਇਸ਼ਕ ਦਾ ਕੈਦ ਜਿਸਮ ਵਿਚ ਪਾਇਆ ।

(ਸੱਸੀ ਹਾਸ਼ਮ)

2. ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ
ਕਿੱਸਾ ਹੀਰ ਦਾ ਨਵਾਂ ਬਣਾਈਏ ਜੀ ।
ਏਸ ਪ੍ਰੇਮ ਦੀ ਝੋਕ ਦਾ ਸਭ (ਸ਼ੁਭ) ਕਿੱਸਾ
ਜੀਭਾ ਸੋਹਣੀ ਨਾਲ ਸੁਣਾਈਏ ਜੀ ।...
ਯਾਰਾਂ ਨਾਲ ਬਹਿ ਕੇ ਵਿਚ ਮਜਲਿਸਾਂ ਦੇ
ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ ।

(ਹੀਰ ਵਾਰਿਸ ਸ਼ਾਹ)

ਸੁਣ ਸੁਣ ਹੋਤ ਸੱਸੀ ਦੀਆਂ ਬਾਤਾਂ ਕਾਮਲ ਇਸ਼ਕ ਕਮਾਇਆ ।
ਹਾਸ਼ਮ ਜੋਸ਼ ਤਬੀਅਤ ਕੀਤਾ ਵਹਿਮ ਉੱਤੇ ਵੱਲ ਆਇਆ ।

(ਸੱਸੀ ਹਾਸ਼ਮ)

3. ਕੂਕਾਂ ਮਾਰਦੀ ਮਾਰਦੀ ਪਕੜ ਛਮਕਾਂ
ਪਰੀ ਆਦਮੀ ਤੇ ਕਹਿਰਵਾਨ ਹੋਈ ।
ਰਾਂਝੇ ਉੱਠ ਕੇ ਆਖਿਆ ਵਾਹ ਸੱਜਣ
ਹੀਰ ਹੱਸ ਕੇ ਤੇ ਮਿਹਰਬਾਨ ਹੋਈ ।

(ਹੀਰ ਵਾਰਿਸ ਸ਼ਾਹ)

4. ਸੱਸੀ ਆਣ ਡਿੱਠਾ ਵਿਚ ਨੀਂਦਰ ਹੋਤ ਬੇਹੋਸ਼ ਜੁ ਖ਼ਾਬੋਂ ।
ਸੂਰਜ ਵਾਂਗ ਸ਼ੁਆ ਹੁਸਨ ਦੀ ਬਾਹਰ ਪਵਸੁ ਨਕਾਬੋਂ ।
ਜੇ ਲਖ ਪਾ ਸੰਦੂਕ ਛੁਪਾਈਏ ਆਵਗੁ ਮੁਸ਼ਕ ਗੁਲਾਬੋਂ ।
ਹਾਸ਼ਮ ਹੁਸਨ ਪ੍ਰੀਤ ਨਾ ਛੁਪਦੇ ਤਾਰਕ ਹੋਣ ਹਿਜਾਬੋਂ ।

(ਸੱਸੀ ਹਾਸ਼ਮ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. Erich Fromm, *The Art of Loving*, Pp. 7-10.

6. ਸੁੰਞੀ ਫਿਰਾਂ ਤ੍ਰਿੰਞਣੀ ਚੈਨ ਨਾਹੀਂ,
ਅੱਲਾ ਵਾਲਿਆ ਤੂੰ ਸਾਨੂੰ ਤਾਰਿਆ ਈ।
ਵਾਰਿਸਸ਼ਾਹ ਹੈ ਕੌਣ ਸ਼ਰੀਕ ਉਸ ਦਾ
ਜਿਸ ਦਾ ਰੱਬ ਨੇ ਕੰਮ ਸਵਾਰਿਆ ਈ।

(ਹੀਰ ਵਾਰਿਸ)

7. ਇਕੋ ਬੂਟਾ ਇਕੋ ਲੱਜ਼ਤ ਇਕੋ ਪਤਾ ਨਿਸ਼ਾਨੀ।
ਉਸੀ ਬੂਟਿਉਂ ਫੁੱਲ ਮਜਾਜ਼ੀ ਮੇਵਾ ਇਸ਼ਕ ਹੱਕਾਕੀ।...
ਅਵਲ ਆਖ਼ਰ ਜ਼ਾਹਿਰ ਬਾਤਨ ਖੇਡ ਇਸ਼ਕ ਦੀ ਤਾਜ਼ੀ।
ਭਾਵੇਂ ਇਸ਼ਕ ਹਕੀਕੀ ਹੋਵੇ ਭਾਵੇਂ ਇਸ਼ਕ ਮਜਾਜ਼ੀ।

(ਹਾਸ਼ਮ : ਸ਼ੀਰੀਂ ਫਰਹਾਦ)

8. ਆ ਵੀਰਾ—ਰਾਂਝਿਆ !
ਆ ਭੈਣੇ—ਹੀਰੇ !
ਸਾਨੂੰ ਛੋੜ ਨਾ ਜਾਵੇ
ਬਿਨ ਤੁਸਾਂ ਅਸੀਂ ਸੱਖਣੇ।

(ਪ੍ਰੋ. ਪੂਰਨ ਸਿੰਘ)

ਸਹਾਇਕ ਪੁਸਤਕ ਸੂਚੀ

ਪੰਜਾਬੀ

'ਹੀਰ ਵਾਰਿਸ ਸ਼ਾਹ' (ਸੰਪ. ਸੰਤ ਸਿੰਘ ਸੇਖੋਂ), ਸਾਹਿਤ ਅਕਾਦੇਮੀ, ਨਵੀਂ ਦਿੱਲੀ, ਦੂਜੀ ਵਾਰ 1977.

'ਸੱਸੀ ਹਾਸ਼ਮ' (ਸੰਪ. ਪ੍ਰੋ. ਹਰਨਾਮ ਸਿੰਘ ਸ਼ਾਨ), ਧਨਪਤ ਰਾਇ ਐਂਡ ਸਨਜ਼, ਜਲੰਧਰ, ਦੂਜੀ ਐਡੀਸ਼ਨ 1959.

ਹਿੰਦੀ

ਯੂਲਿਆਨ ਬ੍ਰੋਮਲੇਯ, ਰੋਮਾਨ ਪੋਦੋਲਨੀ, 'ਮਾਨਵ ਔਰ ਸੰਸਕ੍ਰਿਤੀ', (ਅਨੁ. ਯੋਗੇਂਦ੍ਰ ਨਾਗਪਾਲ), ਪ੍ਰਗਤੀ ਪ੍ਰਕਾਸ਼ਨ, ਮਾਸਕੋ, 1987.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Fromm, Erich., *The Art of Loving*, George Allen & Unwin Ltd, London, 1960.

H. R. Zimmer, *Philosophies of India*, Routledge, London, 1955.

Marcuse, Herbert, "The Social Implication of Psychoanalytic Revisionism", *Dissent*, New York, Summer, 1955.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਦਰਯਾਰ ਕ੍ਰਿਤ ਕਿੱਸਾ ਪੂਰਨ ਭਗਤ ਦਾ ਸਭਿਆਚਾਰਕ ਵਿਸ਼ਲੇਸ਼ਣ

ਕਾਦਰਯਾਰ ਮਹਾਰਾਜਾ ਰਣਜੀਤ ਸਿੰਘ ਕਾਲ ਦਾ ਇਕ ਪ੍ਰਸਿੱਧ ਕਵੀ ਹੈ। ਉਸ ਦਾ ਜਨਮ ਮਾਛੀਕੇ ਜ਼ਿਲ੍ਹਾ ਗੁਜਰਾਂਵਾਲਾ ਵਿਚ ਹੋਇਆ। ਉਹ ਜ਼ਾਤ ਦਾ ਸੰਧੂ ਜੱਟ ਸੀ। ਉਸ ਦੇ ਜਨਮ ਦੀ ਤਾਰੀਖ ਦਾ ਅਨੁਮਾਨ ਉਸ ਦੀ ਆਪਣੀ ਇਕ ਰਚਨਾ 'ਮਹਿਰਾਜਨਾਮਾ' ਤੋਂ ਲਗਾਇਆ ਜਾਂਦਾ ਹੈ। ਇਸ ਰਚਨਾ ਦੇ ਅੰਤ ਵਿਚ ਉਸ ਨੇ ਲਿਖਿਆ ਹੈ :

> ਦਿਲ ਵਿਚ ਫ਼ਿਕਰ ਨਹੀਂ ਸਰਵਰ ਦਾ
> ਹੋਰ ਖਿਆਲ ਭੁਲਾਇਆ।
> ਛੋਟੀ ਉਮਰੇ ਸਰੇ ਪਰ ਸਖ਼ਤੀ
> ਇਹ ਮਹਿਰਾਜ ਬਣਾਇਆ
> ਬਾਰਾਂ ਸੌ ਸੰਤਾਲੀ ਸਾਲਾਂ
> ਪਾਕ ਨਬੀ ਦੇ ਪਿੱਛੋਂ
> ਇਹ ਮਸ਼ਕੂਰ ਬਣਾਇਆ ਯਾਰ
> ਵੇਖ ਮੁਆਰਜ ਵਿਚੋਂ

ਉਕਤ ਪ੍ਰਸੰਗ ਵਿਚ ਕਵੀ 1247 ਹਿਜਰੀ ਸੰਨ ਦਾ ਪ੍ਰਯੋਗ ਕਰਦਾ ਹੈ। ਜੇ ਇਸ ਨੂੰ ਈਸਵੀ ਸੰਨ ਵਿਚ ਪਰਿਵਰਤਿਤ ਕਰ ਲਿਆ ਜਾਵੇ ਤਾਂ ਇਹ 1832 ਈਸਵੀ ਬਣਦਾ ਹੈ; ਇਸ ਸਮੇਂ ਕਵੀ ਆਪਣੀ ਉਮਰ ਛੋਟੀ ਦੱਸਦਾ ਹੈ। ਜੇ ਇਹ ਉਮਰ 26–27 ਸਾਲਾਂ ਦੀ ਮੰਨੀ ਜਾਏ ਤਾਂ ਕਾਦਰਯਾਰ ਦਾ ਜਨਮ 1805 ਈਸਵੀ ਦੇ ਨੇੜੇ ਤੇੜੇ ਹੋਇਆ ਮੰਨਿਆ ਜਾ ਸਕਦਾ ਹੈ। ਉਕਤ ਪ੍ਰਸੰਗ ਵਿਚ 'ਸਿਰੇ ਪਰ ਸਖ਼ਤੀ' ਦਾ ਅਨੁਮਾਨ ਇੰਜ ਵੀ ਲਗਾਇਆ ਗਿਆ ਹੈ ਜਿਵੇਂ ਉਸ ਦੇ ਬਾਪ ਦਾ ਸਾਇਆ ਕਾਦਰਯਾਰ ਦੇ ਸਿਰ ਤੋਂ ਉਠ ਗਿਆ ਹੋਵੇ ਅਤੇ ਭਰਾ ਉਸ ਉਪਰ ਸਖ਼ਤੀ ਕਰਦੇ ਹੋਣ।[1] ਕਾਦਰਯਾਰ ਦੀ ਪੜ੍ਹਾਈ ਲਿਖਾਈ ਬਾਰੇ ਵੀ ਵਿਦਵਾਨਾਂ ਵਿਚ ਕਈ ਮਤਿ ਹਨ। ਇਕ ਮਤਿ ਤਾਂ ਇਹ ਹੈ ਕਿ ਉਸ ਦੀ ਵਿੱਦਿਆ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਲਮੀ ਲਿਆਕਤ ਕੋਈ ਬਹੁਤੀ ਨਹੀਂ ਸੀ।[2] ਦੂਜੇ ਮਤਿ ਅਨੁਸਾਰ ਉਹ ਇਕ ਵਿਦਵਾਨ ਪੁਰਖ ਸੀ ਅਤੇ ਫ਼ਾਰਸੀ ਜ਼ਬਾਨ ਉਪਰ ਉਸ ਨੂੰ ਕਾਫ਼ੀ ਅਖਤਿਆਰ ਸੀ[3]।

ਕਾਦਰਯਾਰ ਦੇ ਕਿੱਸਿਆਂ ਦਾ ਸਭਿਆਚਾਰਕ ਵਿਸ਼ਲੇਸ਼ਣ ਕਰਨ ਤੇ ਵੀ ਕਈ ਮਹੱਤਵਪੂਰਣ ਨੁਕਤੇ ਸਾਹਮਣੇ ਆਉਂਦੇ ਹਨ। ਆਮ ਤੌਰ ਤੇ ਮੁਸਲਮਾਨ ਕਿੱਸਾ ਕਵੀਆਂ ਨੇ ਆਪਣੇ ਕਥਾਨਕ ਦਾ ਪਰਿਵੇਸ਼ ਇਸਲਾਮੀ ਰੱਖਿਆ ਹੁੰਦਾ ਹੈ। ਉਹ ਆਪਣੇ ਕਿਰਦਾਰ ਨੂੰ ਇਸਲਾਮੀ ਸਭਿਆਚਾਰਕ ਪਰਿਵੇਸ਼ ਵਿਚੋਂ ਉਭਾਰਦੇ ਹਨ ਪਰੰਤੂ ਕਾਦਰਯਾਰ ਦੇ ਕਿੱਸਿਆਂ ਵਿਚ ਭਾਰਤੀ ਮਿਥਿਹਾਸ ਦਾ ਰੰਗ ਬੜਾ ਗੂੜ੍ਹਾ ਅਤੇ ਪ੍ਰਬਲ ਹੈ। ਹਿੰਦੂ ਮਿਥਿਹਾਸ ਬਾਰੇ ਕਾਦਰਯਾਰ ਦੀ ਵਾਕਫੀਅਤ ਦਾ ਸੋਮਾ ਇਲਾਕੇ ਦੇ ਰਮਤੇ ਸਾਧੂ, ਜੋਗੀ ਸੰਤ ਆਦਿਕ ਮੰਨੇ ਜਾਂਦੇ ਹਨ ਜਿਨ੍ਹਾਂ ਤੋਂ ਉਸ ਨੇ ਆਪਣੇ ਇਲਾਕੇ ਦੀਆਂ ਲੋਕ ਪ੍ਰਿਯ ਘਟਨਾ ਨੂੰ ਸੁਣਿਆ ਅਤੇ ਪਹਿਲੀ ਵਾਰ ਪੰਜਾਬੀ ਸਾਹਿਤ ਦਾ ਅੰਗ ਬਣਾਇਆ।[4]

ਕਾਦਰਯਾਰ ਦੀਆਂ ਮੁੱਖ ਰਚਨਾਵਾਂ ਹੇਠ ਲਿਖੀਆਂ ਹਨ :

1. ਕਿੱਸਾ ਪੂਰਨ ਭਗਤ
2. ਕਲੀਆਂ ਪੂਰਨ ਭਗਤ
:. ਕਿੱਸਾ ਰਾਜਾ ਰਸਾਲੂ
4. ਕਿੱਸਾ ਸੋਹਣੀ ਮਹੀਂਵਾਲ
5. ਸੀਹਰਫੀ ਹਰੀ ਸਿੰਘ ਨਲੂਆ
6. ਮਹਿਰਾਜਨਾਮਾ
7. ਰੋਜ਼ਾਨਾਮਾ

ਕਿੱਸਾ ਪੂਰਨ ਭਗਤ, ਕਾਦਰਯਾਰ ਦੀ ਇਕ ਪ੍ਰਸਿੱਧ ਤੇ ਪ੍ਰਤੀਨਿਧ ਰਚਨਾ ਹੈ। ਉਸ ਨੇ ਇਸ ਵਾਰਤਾ ਨੂੰ ਪਹਿਲੀ ਵਾਰ ਕਿੱਸਾ ਕਾਵਿ ਦਾ ਰੂਪਾਕਾਰ ਪ੍ਰਦਾਨ ਕੀਤਾ। ਇਕ ਰਵਾਇਤ ਅਨੁਸਾਰ ਕਾਦਰਯਾਰ ਨੇ ਇਹ ਕਿੱਸਾ ਸੋਲਾਂ ਦਿਨ ਵਿਚ ਸੰਪੂਰਨ ਕੀਤਾ। ਇਸ ਵਾਰਤਾ ਨੂੰ ਕਵੀ ਨੇ ਪੰਜ ਸੀਹਰਫੀਆਂ ਵਿਚ ਰੂਪਬੱਧ ਕੀਤਾ ਹੈ। ਇਹ ਕਿੱਸਾ ਕਾਦਰਯਾਰ ਦੀਆਂ ਰਚਨਾਵਾਂ ਵਿਚੋਂ ਸਭ ਤੋਂ ਵੱਧ ਲੋਕ ਪ੍ਰਿਯ ਹੋਇਆ ਹੈ ਅਤੇ ਆਮ ਪਾਠਕ ਇਸੇ ਕਿੱਸੇ ਰਚੈਤਾ ਹੋਣ ਕਾਰਨ ਹੀ ਕਾਦਰਯਾਰ ਨੂੰ ਜਾਣਦੇ ਹਨ। ਇਹ ਕਿੱਸਾ ਪੰਜ ਸੀਹਰਫੀਆਂ ਵਿਚ ਵਿਉਂਤਬੱਧ ਕੀਤਾ ਗਿਆ ਹੈ ਅਤੇ ਇਹ ਸੀਹਰਫੀਆਂ ਅਸਲ ਵਿਚ ਪੰਜ ਥੀਮਿਕ ਇਕਾਈਆਂ ਹੀ ਹਨ। ਸਮੁੱਚੇ ਘਟਨਾ ਪ੍ਰਬੰਧ ਨੂੰ ਸੂਤਰ ਬੱਧ ਕਰਕੇ ਪੰਜ ਥੀਮਿਕ ਇਕਾਈਆਂ ਵਿਚ ਵੰਡਣਾ ਇਹ ਦਰਸਾਉਂਦਾ ਹੈ ਕਿ ਕਾਦਰਯਾਰ ਘਟਨਾ ਪ੍ਰਬੰਧ ਜਾਂ ਕਥਾਨਕ ਦੇ ਮਹੱਤਵ ਅਤੇ ਪ੍ਰਭਾਵ ਤੋਂ ਭਲੀ ਭਾਂਤ ਜਾਣੂ ਸੀ। ਇਸ ਕਿੱਸੇ ਦੀ ਬਣਤਰ ਅਤੇ 'ਬੁਣਤਰ' ਨੂੰ ਸਮਝਣ ਲਈ ਅਸੀਂ ਵੀ ਇਨ੍ਹਾਂ ਥੀਮਿਕ ਇਕਾਈਆਂ ਨੂੰ ਹੀ ਆਪਣੇ ਅਧਿਐਨ ਵਿਸ਼ਲੇਸ਼ਣ ਦਾ ਵਿਸ਼ੇ ਬਣਾਉਂਦੇ ਹਾਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਪੂਰਨ ਦਾ ਜਨਮ : ਪ੍ਰਕ੍ਰਿਤੀ ਬਨਾਮ ਸੰਸਕ੍ਰਿਤੀ

ਪੂਰਨ ਦਾ ਜਨਮ ਸਿਆਲਕੋਟ ਦੇ ਰਾਜੇ ਸਲਵਾਨ ਦੇ ਘਰ ਹੋਇਆ। ਪੂਰਨ ਦੇ ਨਛੱਤਰਾਂ ਦਾ ਅਧਿਐਨ ਕਰਕੇ ਪੰਡਤਾਂ ਨੇ ਸਲਵਾਨ ਨੂੰ ਸਲਾਹ ਦਿੱਤੀ ਕਿ ਉਹ ਬਾਰ੍ਹਾਂ ਵਰ੍ਹੇ ਆਪਣੇ ਪੁੱਤਰ ਦੇ ਮੱਥੇ ਨਾ ਲੱਗੇ। ਪੰਡਤਾਂ ਦੇ ਆਖੇ ਲੱਗ ਕੇ ਰਾਜੇ ਨੇ ਪੂਰਨ ਨੂੰ ਬਾਰ੍ਹਾਂ ਵਰ੍ਹੇ ਲਈ ਇਕ ਹਨ੍ਹੇਰੀ ਕੋਠੜੀ ਵਿਚ ਬੰਦ ਕਰਵਾ ਦਿੱਤਾ :

ਬੇ-ਬੇਦ ਉੱਤੇ ਜਿਵੇਂ ਲਿਖਿਆ ਸੀ
ਤਿਵੇਂ ਪੰਡਤਾਂ ਆਖ ਸੁਣਾਇ ਦਿੱਤਾ।
ਪੂਰਨ ਇਕ ਹਨੇਰਿਓਂ ਨਿਕਲਿਆ ਸੀ,
ਦੂਜੀ ਕੋਠੜੀ ਦੇ ਵਿਚ ਪਾਇ ਦਿੱਤਾ।

ਇਸੇ ਕੋਠੜੀ ਵਿਚ ਪੂਰਨ ਨੂੰ ਸ਼ਾਸਤ੍ਰ ਅਤੇ ਸ਼ਾਸਤ੍ਰ ਵਿੱਦਿਆ ਪ੍ਰਦਾਨ ਕੀਤੀ ਗਈ। ਬਾਰ੍ਹਾਂ ਵਰ੍ਹੇ ਗੁਜ਼ਰਨ ਤੋਂ ਬਾਅਦ ਪੂਰਨ ਆਪਣੇ ਪਿਤਾ ਦੇ ਦਰਬਾਰ ਵਿਚ ਹਾਜ਼ਰ ਹੋਇਆ। ਇਨ੍ਹਾਂ ਬਾਰ੍ਹਾਂ ਵਰ੍ਹਿਆਂ ਦੌਰਾਨ ਰਾਜੇ ਸਲਵਾਨ ਨੇ ਲੂਣਾ ਨਾਮ ਦੀ ਇਕ ਖ਼ੂਬਸੂਰਤ ਔਰਤ ਨਾਲ ਵੀ ਸ਼ਾਦੀ ਕਰ ਲਈ ਸੀ। ਪੂਰਨ ਦੀ ਸਕੀ ਮਾਂ ਇੱਛਰਾਂ ਆਪਣੇ ਵੱਖਰੇ ਮਹੱਲ ਵਿਚ ਰਹਿੰਦੀ ਹੈ। ਰਾਜਾ ਸਲਵਾਨ, ਪੂਰਨ ਨੂੰ ਇਕ ਨੌਜਵਾਨ ਗੱਭਰੂ ਦੇ ਰੂਪ ਵਿਚ ਵੇਖ ਕੇ ਬਹੁਤ ਖ਼ੁਸ਼ ਹੋਇਆ। ਉਸ ਨੇ ਆਪਣੇ ਲਾਗੀਆਂ ਨੂੰ ਹੁਕਮ ਦਿੱਤਾ ਕਿ ਉਹ ਪੂਰਨ ਦੀ ਸ਼ਾਦੀ ਲਈ ਕੋਈ ਯੋਗ ਕੰਨਿਆਂ ਢੂੰਡਣ। ਪਰ ਪੂਰਨ ਨੇ ਆਪਣੇ ਪਿਤਾ ਨੂੰ ਨਿਝੱਕ ਹੋ ਕੇ ਕਹਿ ਦਿੱਤਾ ਕਿ ਉਹ ਆਪਣੀ ਸੁਤੰਤਰਤਾ ਨੂੰ ਵਿਆਹ ਦੀਆਂ ਬੇੜੀਆਂ ਵਿਚ ਜਕੜਨਾ ਨਹੀਂ ਚਾਹੁੰਦਾ :

ਜ਼ਾਲ ਜ਼ਰਾ ਨਾ ਬਾਪ ਤੋਂ ਸੰਗ ਕਰਦਾ,
ਕਹਿੰਦਾ ਬਾਬਲਾ ਪੁੱਤ ਵਿਆਹੁ ਨਾਹੀਂ।
ਜਿਸ ਵਾਸਤੇ ਲੋਕ ਵਿਆਹ ਕਰਦੇ,
ਮੇਰੇ ਮਨ ਅਜੇ ਕੋਈ ਚਾਹੁ ਨਾਹੀਂ।
ਮੇਰਾ ਭੌਰ ਸਲਾਮਤੀ ਰਹੂ ਏਵੇਂ,
ਬੰਨ੍ਹ ਬੇੜੀਆਂ ਬਾਬਲਾ ਪਾਉ ਨਾਹੀਂ।
ਕਾਦਰਯਾਰ ਨਾ ਸੰਗਦਾ ਕਹੇ ਪੂਰਨ,
ਮੈਨੂੰ ਰੱਬ ਦਾ ਨਾਉਂ ਭੁਲਾਉ ਨਾਹੀਂ।

ਰਾਜਾ ਸਲਵਾਨ ਆਪਣੇ ਪੁੱਤਰ ਪੂਰਨ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਉਦਾਸ ਹੋ ਜਾਂਦਾ ਹੈ ਪਰ ਅਮੀਰ ਵਜ਼ੀਰ ਉਸਨੂੰ ਦਿਲਾਸਾ ਦਿੰਦੇ ਹੋਏ ਕਹਿੰਦੇ ਹਨ ਕਿ ਅਜੇ ਪੂਰਨ ਦੀ ਉਮਰ ਹੀ ਕੀ ਹੈ ? ਜਦੋਂ ਉਹ ਪੂਰੀ ਤਰ੍ਹਾਂ ਜਵਾਨ ਹੋ ਗਿਆ, ਆਪੇ ਵਿਆਹ ਲਈ ਰਜ਼ਾਮੰਦ ਹੋ ਜਾਵੇਗਾ। ਬਾਦਸ਼ਾਹ ਇਹ ਸੁਣ ਕੇ ਸੰਤੁਸ਼ਟ ਹੋ ਜਾਂਦਾ ਹੈ ਅਤੇ ਪੂਰਨ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੁਕਮ ਹਿੰਦਾ ਹੈ ਕਿ ਉਹ ਆਪਣੀਆਂ ਮਾਵਾਂ ਨੂੰ ਸਲਾਮ ਕਰਕੇ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰੇ।

ਮਾਂ-ਇੱਛਰਾਂ ਨੂੰ ਮਿਲਣ ਉਪਰੰਤ ਪੂਰਨ ਲੂਣਾ ਨੂੰ ਮਿਲਣ ਉਸ ਦੇ ਰੰਗ ਮਹੱਲ ਚਲਾ ਜਾਂਦਾ ਹੈ। ਦੇਖਦਿਆਂ ਹੀ ਲੂਣਾ ਉਸ ਉੱਤੇ ਮੋਹਿਤ ਹੋ ਜਾਂਦੀ ਹੈ ਅਤੇ ਪੂਰਨ ਨੂੰ ਮੁਦਰਾਵਾਂ ਅਥਵਾ ਵਾਣੀ ਦੁਆਰਾ ਉਕਸਾਉਣ ਦੀ ਅਸਫਲ ਚੇਸ਼ਟਾ ਕਰਦੀ ਹੈ। ਉਹ ਪੂਰਨ ਨੂੰ ਸਮਝਾਉਂਦੀ ਹੈ ਕਿ ਉਨ੍ਹਾਂ ਦੋਹਾਂ ਦਾ ਆਪਸ ਵਿਚ ਮਾਂ-ਪੁੱਤ ਦਾ ਰਿਸ਼ਤਾ ਪ੍ਰਮਾਣਿਕ ਨਹੀਂ ਹੈ। ਦੋਵੇਂ ਹਾਣੀ ਹਨ ਅਤੇ ਇਕ ਦੂਜੇ ਤੋਂ ਆਪਣੀ ਕਾਮੁਕ-ਭੁੱਖ ਤ੍ਰਿਪਤ ਕਰ ਸਕਦੇ ਹਨ ਪਰ ਪੂਰਨ ਲਈ ਇਹੋ ਜਿਹੀਆਂ ਗੱਲਾਂ ਅਸੰਭਵ ਅਤੇ ਘੋਰ ਅਪਰਾਧੀ ਸਨ। ਉਹ ਕਾਹਲੀ ਨਾਲ ਨੱਠ ਕੇ ਉਥੋਂ ਚਲਾ ਆਉਂਦਾ ਹੈ।

ਲੂਣਾ ਪੂਰਨ ਅੱਗੇ ਆਪਣੇ ਪ੍ਰੇਮ ਦਾ ਇਜ਼ਹਾਰ ਕਰ ਬੈਠੀ ਸੀ। ਉਹ ਆਪਣੀ ਪਰਾਜਯ ਕਾਰਨ ਬਹੁਤ ਕੁੰਠਿਤ ਸੀ। ਇਸ ਲਈ ਉਹ ਪੂਰਨ ਤੋਂ ਬਦਲਾ ਲੈਣ ਦਾ ਨਿਸ਼ਚੇ ਕਰ ਲੈਂਦੀ ਹੈ। ਰਾਤ ਨੂੰ ਰਾਜਾ ਸਲਵਾਨ ਜਦ ਰੰਗ ਮਹਲ ਪਹੁੰਚਦਾ ਹੈ ਤਾਂ ਉਸ ਨੂੰ ਪੂਰਨ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੰਦੀ ਹੈ। ਉਸ ਨੂੰ ਕਹਿੰਦੀ ਹੈ ਕਿ ਪੂਰਨ ਨੇ ਉਸਦੀ ਇੱਜ਼ਤ ਉੱਪਰ ਹਮਲਾ ਕਰ ਦਿੱਤਾ ਸੀ ਅਤੇ ਉਸ ਨੇ ਮਸਾਂ ਉਸ ਤੋਂ ਆਪਣੇ ਆਪ ਨੂੰ ਬਚਾਇਆ ਹੈ। ਇਹ ਸੁਣ ਕੇ ਰਾਜਾ ਕ੍ਰੋਧ ਵਿਚ ਭੜਕ ਪੈਂਦਾ ਹੈ। ਸਾਰੀ ਰਾਤ, ਬੇਚੈਨੀ ਵਿਚ ਕਰਵਟਾਂ ਬਦਲਦਾ ਹੋਇਆ ਗੁਜ਼ਾਰਦਾ ਹੈ। ਸਵੇਰੇ ਉੱਠਦਿਆਂ ਹੀ ਉਹ ਪੂਰਨ ਨੂੰ ਦਰਬਾਰ ਵਿਚ ਬੁਲਾ ਭੇਜਦਾ ਹੈ।

2. ਫੈਸਲਾ : ਜੀਵਨ ਬਨਾਮ ਮੌਤ

ਪੂਰਨ ਨੂੰ ਦਰਬਾਰ ਵਿਚ ਬੁਲਾ ਕੇ ਰਾਜਾ ਸਲਵਾਨ ਉਸ ਨੂੰ ਬਹੁਤ ਬੁਰਾ ਭਲਾ ਕਹਿੰਦਾ ਹੈ। ਪੂਰਨ ਆਪਣੇ ਆਪ ਨੂੰ ਨਿਰ ਅਪਰਾਧ ਸਿੱਧ ਕਰਨ ਵਾਸਤੇ ਬਹੁਤੇਰੇ ਵਾਸਤੇ ਪਾਉਂਦਾ ਹੈ। ਆਪਣੀ ਪਰੀਖਿਆ ਦੇਣ ਲਈ ਉਹ ਹਰ ਕਰੜੀ ਤੋਂ ਕਰੜੀ ਅਜ਼ਮਾਇਸ਼ ਵਿਚੋਂ ਗੁਜ਼ਰਨ ਲਈ ਤਿਆਰ ਹੈ ਪਰ ਬਾਦਸ਼ਾਹ ਉਸ ਨੂੰ ਸਫ਼ਾਈ ਦਾ ਕੋਈ ਮੌਕਾ ਨਹੀਂ ਦਿੰਦਾ। ਮਾਂ ਇੱਛਰਾਂ ਨੂੰ ਪੂਰਨ ਦੀ ਸਜ਼ਾ ਬਾਰੇ ਪਤਾ ਚੱਲਦਾ ਹੈ ਤਾਂ ਉਹ ਆਪਣਾ ਹਾਰ ਸ਼ਿੰਗਾਰ ਤੋੜ ਕੇ ਖੁਦ ਦਰਬਾਰ ਵਿਚ ਹਾਜ਼ਰ ਹੋ ਕੇ ਆਪਣੇ ਰਾਜੇ ਪਤੀ ਤੋਂ ਰਹਿਮ ਦੀ ਭੀਖ ਮੰਗਦੀ ਹੈ ਪਰ ਬਾਦਸ਼ਾਹ ਉਸ ਦੀ ਇਕ ਨਹੀਂ ਸੁਣਦਾ। ਆਖਰ ਜਲਾਦ ਆ ਪਹੁੰਚਦੇ ਨੇ। ਬਾਦਸ਼ਾਹ ਉਨ੍ਹਾਂ ਨੂੰ ਹੁਕਮ ਦਿੰਦਾ ਹੈ ਕਿ ਪੂਰਨ ਦੇ ਹੱਥ ਪੈਰ ਵੱਢ ਕੇ ਉਸ ਨੂੰ ਖੂਹ ਵਿਚ ਸੁੱਟ ਦੇਵੋ। ਇਸ ਵਕਤ ਵੀ ਲੂਣਾ ਚੋਰੀ ਚੋਰੀ ਪੂਰਨ ਨੂੰ ਸੰਦੇਸ਼ਾ ਭੇਜਦੀ ਹੈ ਕਿ ਜੇ ਪੂਰਨ ਉਸ ਦਾ ਕਿਹਾ ਮੰਨ ਲਵੇ ਤਾਂ ਉਹ ਅਜੇ ਵੀ ਪੂਰਨ ਨੂੰ ਬੰਧਨ-ਮੁਕਤ ਕਰਵਾ ਸਕਦੀ ਹੈ ਪਰ ਪੂਰਨ ਧਰਮ ਨੂੰ ਜਿੰਦਗੀ ਨਾਲੋਂ ਵਧੇਰੇ ਮਹੱਤਵਪੂਰਨ ਮੰਨ ਕੇ ਉਸ ਦੀ ਪੇਸ਼ਕਸ਼ ਠੁਕਰਾ ਦਿੰਦਾ ਹੈ। ਜ਼ੱਲਾਦ, ਪੂਰਨ ਦੇ ਹੱਥ ਪੈਰ ਵੱਢ ਕੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਖੂਹ ਵਿਚ ਸੁੱਟ ਦਿੰਦੇ ਹਨ।

ਕਾਦਰਯਾਰ ਅਨੁਸਾਰ ਪੂਰਨ ਬਾਰ੍ਹਾਂ ਵਰ੍ਹੇ ਇਸੇ ਖੂਹ ਵਿਚ ਪਿਆ ਰਹਿੰਦਾ ਹੈ। ਆਖਰ ਇਕ ਦਿਨ ਉਸ ਖੂਹ ਦੇ ਕੋਲ ਦੀ ਗੁਰੂ ਗੋਰਖ ਨਾਥ ਦੀ ਗੁਜ਼ਰ ਹੁੰਦੀ ਹੈ। ਗੋਰਖ ਨਾਥ ਦਾ ਇਕ ਸਿਸ਼ ਖੂਹ ਵਿਚੋਂ ਪਾਣੀ ਕੱਢਣ ਜਾਂਦਾ ਹੈ ਤਾਂ ਉਸ ਦੀ ਨਜ਼ਰ ਪੂਰਨ ਤੇ ਪੈਂਦੀ ਹੈ। ਗੋਰਖ ਨਾਥ ਉਸ ਨੂੰ ਖੂਹ ਵਿਚੋਂ ਕਢਵਾਉਂਦਾ ਹੈ ਅਤੇ ਆਪਣੀ ਮਿਹਰਾਮਤਿ ਨਾਲ ਉਸ ਦੇ ਹੱਥ ਪੈਰ ਵੀ ਨਰੋਏ ਕਰ ਦਿੰਦਾ ਹੈ।

3. ਜੋਗ ਧਾਰਨਾ : ਅਨੁਰਾਗ ਬਨਾਮ ਵੈਰਾਗ

ਪੂਰਨ ਗੋਰਖ ਨਾਥ ਨੂੰ ਆਪਣੀ ਸਾਰੀ ਜੀਵਨ ਕਥਾ ਸੁਣਾਉਂਦਾ ਹੈ। ਉਹ ਦੱਸਦਾ ਹੈ ਕਿ ਜਦੋਂ ਉਹ ਅਜੇ ਬਾਰ੍ਹਾਂ ਵਰ੍ਹੇ ਭੋਰੇ ਵਿਚ ਕੱਟ ਕੇ ਬਾਹਰ ਆਇਆ ਹੀ ਸੀ ਤਾਂ ਉਸ ਦੇ ਪਿਤਾ ਨੇ ਪੂਰਨ ਨੂੰ ਵਿਆਹ ਕਰਨ ਵਾਸਤੇ ਪੁੱਛਿਆ ਸੀ। ਉਸ ਦੇ ਇਨਕਾਰ ਕਰਨ ਤੇ ਪਿਤਾ ਉਸ ਵੱਲ ਬੜੀਆਂ ਕਹਿਰ ਭਰੀਆਂ ਨਜ਼ਰਾਂ ਨਾਲ ਝਾਕਿਆ ਸੀ ਉਸ ਪਿੱਛੋਂ ਲੂਣਾ ਨੇ ਉਸ ਨਾਲ ਜੋ ਵਿਵਹਾਰ ਕੀਤਾ ਸੀ ਉਹ ਵੀ ਪੂਰਨ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਗੋਰਖ ਨਾਥ ਨੂੰ ਦੱਸ ਦਿੱਤਾ। ਗੋਰਖ ਨਾਥ ਬੜੇ ਠਰੰਮੇ ਨਾਲ ਉਸ ਦੀ ਗੱਲ ਸੁਣਦਾ ਹੈ ਅਤੇ ਉਸ ਨੂੰ ਆਪਣੇ ਹੱਥਾਂ ਨਾਲ ਜਲ ਪਿਲਾ ਕੇ ਸ਼ਾਂਤ ਕਰਦਾ ਹੈ। ਬਾਅਦ ਵਿਚ ਉਹ ਪੂਰਨ ਨੂੰ ਘਰ ਜਾਣ ਦੀ ਸਲਾਹ ਦਿੰਦਾ ਹੈ ਪਰ ਪੂਰਨ ਨੂੰ ਹੁਣ ਘਰ-ਬਾਰ ਦਾ ਕੋਈ ਮੋਹ ਨਹੀਂ ਰਿਹਾ। ਉਹ ਗੋਰਖ ਨਾਥ ਨੂੰ ਬੇਨਤੀ ਕਰਦਾ ਹੈ ਕਿ ਉਸ ਨੂੰ ਵੀ ਯੋਗ ਮਤਿ ਵਿਚ ਦਾਖ਼ਲ ਕਰ ਲਿਆ ਜਾਵੇ। ਆਖਰ ਗੋਰਖ ਨਾਥ ਤਰੁੱਠਦਾ ਹੈ। ਆਪਣੇ ਹੱਥਾਂ ਨਾਲ ਪੂਰਨ ਦੀ ਇਕ ਲਿਟ ਕੱਢ ਕੇ ਉਸ ਨੂੰ ਜੋਗੀ ਬਣਾ ਲੈਂਦਾ ਹੈ। ਸਾਥੀ ਜੋਗੀ ਪੂਰਨ ਦੀ ਪਰੀਖਿਆ ਲੈਣੀ ਚਾਹੁੰਦੇ ਹਨ। ਉਹ ਉਸ ਨੂੰ ਕਹਿੰਦੇ ਹਨ ਕਿ ਜੇ ਉਹ ਰਾਣੀ ਸੁੰਦਰਾਂ ਤੋਂ ਭਿੱਖਿਆ ਲੈ ਆਵੇ ਤਾਂ ਉਹ ਪਰੀਖਿਆ ਵਿਚ ਸਫ਼ਲ ਹੋਵੇਗਾ।

ਪੂਰਨ ਰਾਣੀ ਸੁੰਦਰਾਂ ਦੇ ਮਹਿਲੀਂ ਚਲਾ ਜਾਂਦਾ ਹੈ। ਗੋਲੀਆਂ ਭਿੱਖਿਆ ਦੇਣ ਆਉਂਦੀਆਂ ਹਨ ਤਾਂ ਪੂਰਨ ਇਨਕਾਰ ਕਰਦਾ ਹੈ ਕਿ ਉਹ ਰਾਣੀ ਸੁੰਦਰਾਂ ਤੋਂ ਹੀ ਭਿੱਖਿਆ ਲਏਗਾ। ਰਾਣੀ ਸੁੰਦਰਾਂ ਪੂਰਨ ਨੂੰ ਦੇਖਦੇ ਸਾਰ ਉਸ ਨੂੰ ਦਿਲ ਦੇ ਬੈਠਦੀ ਹੈ। ਉਹ ਮੋਤੀਆਂ ਦੇ ਭਰੇ ਹੋਏ ਥਾਲ ਪੂਰਨ ਨੂੰ ਭੇਟ ਕਰਦੀ ਹੈ ਅਤੇ ਬੇਨਤੀ ਕਰਦੀ ਹੈ ਕਿ ਉਹ ਦਹਿਲੀਜ਼ ਲੰਘ ਕੇ ਅੰਦਰ ਪ੍ਰਵੇਸ਼ ਕਰੇ ਪਰ ਪੂਰਨ ਹੁਣ ਵੈਰਾਗੀ ਹੋ ਚੁੱਕਾ ਹੈ। ਉਹ ਘਰ ਦੀਆਂ ਦਹਿਲੀਜ਼ਾਂ ਨਹੀਂ ਉਲੰਘ ਸਕਦਾ। ਆਖਿਰ ਰਾਣੀ ਸੁੰਦਰਾਂ ਉਸ ਨੂੰ ਬਾਹਰ ਤੋਂ ਹੀ ਵਿਦਾ ਕਰ ਦਿੰਦੀ ਹੈ। ਗੁਰੂ ਗੋਰਖ ਨਾਲ ਮੋਤੀਆਂ ਦੇ ਥਾਲ ਦੇਖ ਕੇ ਪੂਰਨ ਨੂੰ ਕਹਿੰਦੇ ਹਨ ਕਿ ਬੇਟਾ, ਜੋਗੀਆਂ ਲਈ ਇਹ ਹੀਰੇ ਮੋਤੀ ਕਿਸੇ ਕੰਮ ਨਹੀਂ। ਸਾਨੂੰ ਸਿਰਫ਼ ਖਾਣ ਵਾਸਤੇ ਭੋਜਨ ਦੀ ਜ਼ਰੂਰਤ ਹੈ। ਇਹ ਸੁਣ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਨ, ਰਾਣੀ ਸੁੰਦਰਾਂ ਨੂੰ ਉਸ ਦੇ ਮੋਤੀਆਂ ਦੇ ਥਾਲ ਵਾਪਸ ਕਰ ਆਉਂਦਾ ਹੈ। ਰਾਣੀ ਸੁੰਦਰਾਂ ਯੋਗੀਆਂ ਲਈ ਆਪਣੇ ਹੱਥਾਂ ਨਾਲ ਭੋਜਨ ਤਿਆਰ ਕਰਦੀ ਹੈ ਅਤੇ ਗੋਰਖ ਨਾਥ ਦੀ ਸੇਵਾ ਵਿਚ ਹਾਜ਼ਰ ਹੁੰਦੀ ਹੈ।

4. ਪੂਰਨ ਤੇ ਸੁੰਦਰਾਂ : ਵਿਅਕਤਿਕਿਤਾ ਬਨਾਮ ਸਮਾਜਿਕਤਾ

ਗੋਰਖ ਨਾਥ ਸੁੰਦਰਾਂ ਦੀ ਨਿਮਰਤਾ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਆਪਣੀ ਕੋਈ ਮੁਰਾਦ ਮੰਗ ਲੈਣ ਦਾ ਪ੍ਰਸਤਾਵ ਪੇਸ਼ ਕਰਦਾ ਹੈ। ਸੁੰਦਰਾਂ ਉਸ ਪਾਸੋਂ ਪੂਰਨ ਨੂੰ ਮੰਗ ਲੈਂਦੀ ਹੈ। ਗੁਰੂ ਦਾ ਹੁਕਮ ਮੰਨ ਕੇ ਪੂਰਨ ਨੂੰ ਸੁੰਦਰਾਂ ਨਾਲ ਜਾਣਾ ਪੈਂਦਾ ਹੈ ਪਰ ਦਿਲੋਂ ਉਹ ਸੁੰਦਰਾਂ ਨਾਲ ਜਾ ਕੇ/ਰਹਿ ਕੇ ਰਾਜ਼ੀ ਨਹੀਂ। ਉਸ ਨੂੰ ਸੁੰਦਰਾਂ ਨਾਲ ਰਹਿਣਾ ਆਪਣੀ ਵਿਅਕਤਿਕ ਸੁਤੰਤਰਤਾ ਦੇ ਰਾਜ ਵਿਚ ਇਕ ਦੀਵਾਰ ਵਾਂਗ ਪ੍ਰਤੀਤ ਹੁੰਦਾ ਹੈ। ਉਹ ਹੁਣ ਸਮਾਜ ਦਾ ਅੰਗ ਨਹੀਂ ਬਣਨਾ ਚਾਹੁੰਦਾ। ਇਸੇ ਲਈ ਉਹ ਮੌਕਾ ਤਾੜ ਕੇ ਸੁੰਦਰਾਂ ਪਾਸੋਂ ਨੱਸ ਤੁਰਦਾ ਹੈ।

ਸੁੰਦਰਾਂ ਪੂਰਨ ਦੇ ਵਿਛੋੜੇ ਵਿਚ ਬੁਰੀ ਤਰ੍ਹਾਂ ਕਲਵਲ ਹੋ ਜਾਂਦੀ ਹੈ। ਆਖ਼ਰ ਉਹ ਪੂਰਨ ਨੂੰ ਵਿੰਹਦੀ ਵਿੰਹਦੀ ਆਪਣੇ ਰੰਗ ਮਹਲ ਤੋਂ ਛਾਲ ਮਾਰ ਕੇ ਆਤਮ-ਹੱਤਿਆ ਕਰ ਲੈਂਦੀ ਹੈ। ਪੂਰਨ ਮੁੜ ਗੋਰਖ ਨਾਥ ਪਾਸ ਜਾ ਪਹੁੰਚਦਾ ਹੈ ਪਰ ਗੁਰੂ ਅਜੇ ਆਪਣੇ ਸ਼ਿਸ਼ ਨੂੰ ਹੋਰ ਪਰੀਖਿਆਵਾਂ ਵਿਚੋਂ ਗੁਜ਼ਾਰਨਾ ਚਾਹੁੰਦਾ ਹੈ। ਉਹ ਉਸ ਨੂੰ ਸਿਆਲਕੋਟ ਜਾਣ ਦਾ ਹੁਕਮ ਦੇ ਦਿੰਦਾ ਹੈ। ਸਿਆਲਕੋਟ ਪਹੁੰਚ ਕੇ ਪੂਰਨ ਆਪਣੇ ਹੀ ਨਾਮ ਨਾਲ ਜਾਣੇ ਜਾਂਦੇ ਇਕ ਬਾਗ ਵਿਚ ਬੈਠ ਕੇ ਤਪੱਸਿਆ ਸ਼ੁਰੂ ਕਰ ਦਿੰਦਾ ਹੈ। ਬਾਰ੍ਹਾਂ ਵਰ੍ਹੇ ਉਸ ਨੂੰ ਤਪੱਸਿਆ ਵਿਚ ਲੀਨ ਬੈਠਿਆਂ ਗੁਜ਼ਰ ਜਾਂਦੇ ਹਨ। ਹੁਣ ਪੂਰਨ ਆਪ ਕਰਣ-ਕਾਰਣ ਸਮਰਥ ਹੋ ਜਾਂਦਾ ਹੈ। ਦੂਰ ਦੂਰ ਤੋਂ ਲੋਕ ਮੁਰਾਦਾਂ ਦੀ ਪੂਰਤੀ ਲਈ ਉਸ ਪਾਸ ਆਉਣ ਲਗਦੇ ਹਨ। ਉਸ ਦੀ ਖਿਆਤੀ ਸੁਣ ਕੇ ਰਾਜਾ ਸਲਵਾਨ ਅਤੇ ਰਾਣੀ ਲੂਣਾ ਵੀ ਉਸ ਦੇ ਦਰਸ਼ਨ ਕਰਨ ਅਤੇ ਉਸ ਪਾਸੋਂ ਮੁਰਾਦ ਮੰਗਣ ਲਈ ਆਉਂਦੇ ਹਨ।

ਪੂਰਨ ਉਨ੍ਹਾਂ ਦਾ ਯਥਾਯੋਗ ਸਤਿਕਾਰ ਕਰਦਾ ਹੈ ਅਤੇ ਆਉਣ ਦਾ ਕਾਰਣ ਪੁੱਛਦਾ ਹੈ। ਰਾਜਾ ਦੱਸਦਾ ਹੈ ਕਿ ਉਸ ਦੇ ਘਰ ਸੰਤਾਨ ਨਹੀਂ ਹੋਈ। ਜੋਗੀ ਦੇ ਰੂਪ ਵਿਚ ਹੋਣ ਕਰ ਕੇ ਰਾਜਾ ਸਲਵਾਨ ਪੂਰਨ ਨੂੰ ਨਹੀਂ ਪਹਿਚਾਣਦਾ। ਪੂਰਨ ਕਹਿੰਦਾ ਹੈ ਕਿ ਮੇਰੇ ਹਿਸਾਬ ਨਾਲ ਤਾਂ ਤੁਹਾਡੇ ਘਰ ਇਕ ਸੰਤਾਨ ਹੋਈ ਸੀ। ਉਸ ਦਾ ਕੀ ਬਣਿਆ? ਰਾਜਾ ਆਪਣੇ ਪੁੱਤਰ ਦੇ ਕੁਕਰਮ ਬਾਬਤ ਜੋਗੀ ਨੂੰ ਦੱਸਦਾ ਹੈ ਪਰ ਜੋਗੀ ਇਹੀ ਸਵਾਲ ਲੂਣਾ ਨੂੰ ਦੁਬਾਰਾ ਪੁੱਛ ਲੈਂਦਾ ਹੈ। ਹੁਣ ਰਾਣੀ ਲੂਣਾਂ ਹੋਰ ਝੂਠ ਨਹੀਂ ਬੋਲ ਸਕਦੀ। ਉਹ ਆਪਣਾ ਸਾਰਾ ਕਸੂਰ ਮੰਨ ਲੈਂਦੀ ਹੈ। ਰਾਜਾ ਸਲਵਾਨ ਇਹ ਸੁਣ ਕੇ ਗੁੱਸੇ ਵਿਚ ਭੜਕ ਪੈਂਦਾ ਹੈ ਪਰ ਪੂਰਨ ਉਸ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦਿੰਦਾ ਹੈ। ਇਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਹੀ ਉਹ ਇਕ ਚਾਵਲ ਦਾ ਦਾਣਾ ਲੂਣਾ ਨੂੰ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਇਸ ਦੇ ਖਾਣ ਨਾਲ ਹੀ ਉਸ ਦੇ ਘਰ ਇਕ ਯੋਧਾ ਪੁੱਤਰ ਪੈਦਾ ਹੋਵੇਗਾ ਪਰ ਉਹ ਘਰ ਵਿਚ ਕਦੇ ਟਿਕੇਗਾ ਨਹੀਂ। ਲੂਣਾ ਵੀ ਉਸ ਦੇ ਵਿਛੋੜੇ ਵਿਚ ਤੜਪਦੀ ਰਹੇਗੀ।

ਕੁਝ ਦੇਰ ਬਾਅਦ ਪੂਰਨ ਦੀ ਅੰਨ੍ਹੀ ਹੋ ਚੁੱਕੀ ਮਾਂ ਇੱਛਰਾਂ ਵੀ ਪੂਰਨ ਜੋਗੀ ਨੂੰ ਮਿਲਣ ਆਉਂਦੀ ਹੈ। ਪੂਰਨ ਆਪਣੀ ਮਾਤਾ ਦੀ ਕਰੁਣਾ ਸਥਿਤੀ ਦੇਖ ਕੇ ਕੁਰਲਾ ਉਠਦਾ ਹੈ, ਉਹ ਅੱਗੋਂ ਉੱਠ ਕੇ ਆਪਣੀ ਮਾਤਾ ਦਾ ਸਵਾਗਤ ਕਰਦਾ ਹੈ। ਉਸ ਦਾ ਹਾਲ ਚਾਲ ਪੁੱਛਦਾ ਹੈ। ਮਾਂ ਆਪਣੇ ਪੁੱਤਰ ਦੀ ਆਵਾਜ਼ ਪਹਿਚਾਣ ਲੈਂਦੀ ਹੈ ਅਤੇ ਉਸ ਤੋਂ ਅਤਾ ਪਤਾ ਪੁੱਛਣ ਲੱਗਦੀ ਹੈ ਪੂਰਨ ਭਾਵੇਂ ਦੋਬਾਰਾ ਸਮਾਜਕ ਰਿਸ਼ਤਿਆਂ ਦੀ ਕੈਦ ਨਹੀਂ ਪੈਣਾ ਚਾਹੁੰਦਾ ਪਰ ਉਹ ਆਪਣੇ ਆਪ ਨੂੰ ਛਿਪਾ ਕੇ ਵੀ ਨਹੀਂ ਰੱਖ ਸਕਦਾ। ਉਹ ਇਕਬਾਲ ਕਰ ਲੈਂਦਾ ਹੈ ਕਿ ਉਹ ਉਸੇ ਦਾ ਪੁੱਤਰ ਪੂਰਨ ਹੈ।

ਸਵੈ-ਇੱਛਿਕ ਚੋਣ : ਅਪੂਰਨ ਬਨਾਮ ਪੂਰਨ

ਲੂਣਾ ਅਤੇ ਸਲਵਾਨ ਆਪਣੇ ਕੁਕਰਮਾਂ ਕਾਰਣ ਬੜੇ ਪਰੇਸ਼ਾਨ ਅਤੇ ਸ਼ਰਮਿੰਦੇ ਹੁੰਦੇ ਹਨ ਪਰ ਪੂਰਨ ਉਨ੍ਹਾਂ ਨੂੰ ਪਿਛਲੀਆਂ ਸਾਰੀਆਂ ਗੱਲਾਂ ਭੁੱਲ ਜਾਣ ਦਾ ਉਪਦੇਸ਼ ਦਿੰਦਾ ਹੈ। ਸਲਵਾਨ ਪੂਰਨ ਤੋਂ ਆਪਣੇ ਕੀਤੇ ਦੀ ਮੁਆਫ਼ੀ ਮੰਗਦਾ ਹੈ ਅਤੇ ਉਸ ਨੂੰ ਰਾਜ ਭਾਗ ਸੰਭਾਲਣ ਦੀ ਬੇਨਤੀ ਵੀ ਕਰਦਾ ਹੈ। ਪੂਰਨ ਉਸ ਦੀ ਇਸ ਪੇਸ਼ਕਸ਼ ਨੂੰ ਠੁਕਰਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਹੁਣ ਤਖ਼ਤ ਉੱਤੇ ਉਸ ਦਾ ਭਰਾ (ਰਾਜਾ ਰਸਾਲੂ) ਹੀ ਬੈਠੇਗਾ। ਇਸ ਉਪਰੰਤ ਉਹ ਆਪਣੀ ਮਾਂ ਇੱਛਰਾਂ ਤੋਂ ਜਾਣ ਦੀ ਇਜਾਜ਼ਤ ਮੰਗਦਾ ਹੈ। ਇੱਛਰਾਂ ਬਹੁਤ ਵੈਰਾਗਮਈ ਹੋ ਜਾਂਦੀ ਹੈ ਪਰ ਪੂਰਨ ਬੜੀ ਨਿਮ੍ਰਤਾ ਨਾਲ ਉਸ ਨੂੰ ਆਪਣੇ ਫਰਜ਼ ਅਤੇ ਉਦੇਸ਼ ਤੋਂ ਜਾਣੂ ਕਰਵਾਉਂਦਾ ਹੋਇਆ ਵਾਪਸ ਆਪਣੇ ਗੁਰੂ ਗੋਰਖ ਨਾਥ ਪਾਸ ਜਾ ਪਹੁੰਚਦਾ ਹੈ।

ਗੋਰਖ ਨਾਥ ਨੂੰ ਸਾਰਾ ਬ੍ਰਿਤਾਂਤ ਸੁਣਾ ਕੇ ਪੂਰਨ ਉਸ ਨੂੰ ਬੇਨਤੀ ਕਰਦਾ ਹੈ ਕਿ ਉਹ ਆਖਰੀ ਵਾਰ ਆਪਣੀ ਮਾਤਾ ਇੱਛਰਾਂ ਨੂੰ ਦੋਬਾਰਾ ਸ੍ਵੈ ਇੱਛਾ ਅਧੀਨ ਮਿਲਣਾ ਚਾਹੁੰਦਾ ਹੈ। ਗੋਰਖ, ਪੂਰਨ ਅਤੇ ਹੋਰ ਸਾਰੇ ਜੋਗੀ ਸਿਆਲਕੋਟ ਵਲ ਚੱਲ ਪੈਂਦੇ ਹਨ। ਸਿਆਲਕੋਟ ਪਹੁੰਚ ਕੇ ਉਸੇ ਬਾਗ ਵਿਚ ਡੇਰੇ ਲਾ ਦਿੰਦੇ ਹਨ। ਪੂਰਨ ਦੀ ਆਮਦ ਸੁਣ ਕੇ ਰਾਜਾ ਸਲਵਾਨ, ਰਾਣੀ ਲੂਣਾ ਤੇ ਮਾਂ ਇੱਛਰਾਂ ਉਸ ਨੂੰ ਮਿਲਣ ਆਉਂਦੇ ਹਨ। ਪੂਰਨ ਨੇ ਲੂਣਾ ਨੂੰ ਪੁੱਤਰ ਦਾ ਜੋ ਵਰ ਦਿੱਤਾ ਸੀ, ਉਹ ਫਲੀਭੂਤ ਹੋ ਚੁੱਕਾ ਸੀ। ਪੂਰਨ, ਰਾਜੇ ਰਸਾਲੂ, ਆਪਣੇ ਭਰਾ ਨੂੰ, ਕੰਗਣਾਂ ਦਾ ਤੋਹਫ਼ਾ ਪ੍ਰਦਾਨ ਕਰਦਾ ਹੈ। ਇਹ ਤੋਹਫਾ ਵੀ ਇਕ ਪ੍ਰਤੀਕ ਸੀ ਕਿ ਰਸਾਲੂ ਦਾ ਰਾਜੇ ਦੇ ਰੂਪ ਵਿਚ ਅਭਿਸ਼ੇਕ ਹੋਵੇਗਾ। ਮਾਂ ਇੱਛਰਾਂ ਨੂੰ ਮਿਲਦਾ ਹੈ ਤਾਂ ਉਸ ਨੂੰ ਮੁਕਤੀ ਦਾ ਵਰਦਾਨ ਦਿੰਦਾ ਹੈ। ਇਸ ਤਰ੍ਹਾਂ ਸਵੈਇੱਛਿਤ ਸੁਤੰਤਰਤਾ ਦੁਆਰਾ ਪੂਰਨ, ਪੂਰਨਤਾ ਦੀ ਮੰਜ਼ਿਲ ਪ੍ਰਾਪਤ ਕਰ ਲੈਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਦਰਯਾਰ ਕ੍ਰਿਤ 'ਕਿੱਸਾ ਪੂਰਨ ਭਗਤ' ਨੂੰ ਕਈ ਵਿਰੋਧ ਜੁੱਟਾਂ ਵਿਚ ਰੱਖ ਕੇ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ੇ ਬਣਾਇਆ ਜਾ ਸਕਦਾ ਹੈ। ਪਹਿਲਾ ਵਿਰੋਧ ਜੁੱਟ, ਪ੍ਰਕ੍ਰਿਤੀ : ਸੰਸਕ੍ਰਿਤੀ ਦਾ ਬਣਦਾ ਹੈ। ਪੂਰਨ, ਪ੍ਰਕਿਰਤੀ ਦਾ ਪ੍ਰਤੀਰੂਪ ਹੈ। ਉਹ ਕਦੇ ਵੀ ਸੰਸਕ੍ਰਿਤੀ ਦਾ ਅੰਗ ਨਹੀਂ ਬਣਦਾ। ਜਨਮ ਦੇ ਸਮੇਂ ਤੋਂ ਲੈ ਕੇ ਇਸ ਰਚਨਾ ਦੇ ਅੰਤ ਤਕ ਉਸ ਨੂੰ ਸੰਸਕ੍ਰਿਤੀ ਦੇ ਵੱਖ ਵੱਖ ਰੂਪ ਪੜਾਉ ਆਪਣੇ ਵਲ ਆਕ੍ਰਸ਼ਿਤ ਕਰਦੇ ਹਨ ਪਰ ਹਰ ਵਾਰ ਉਹ ਠੋਸੀਆਂ ਪਰਿਸਥਿਤੀਆਂ ਜਾਂ ਸਵੈ-ਇਛਿਤ ਚੋਣ ਕਾਰਨ ਸੰਸਕ੍ਰਿਤੀ ਵਿਚ ਸ਼ਾਮਲ ਹੋਣੋਂ ਬਚ ਰਹਿੰਦਾ ਹੈ।

ਆਪਣੇ ਜੀਵਨ ਦੇ ਮੁੱਢਲੇ ਬਾਰ੍ਹਾਂ ਵਰ੍ਹੇ ਉਹ ਮਾਤਾ ਪਿਤਾ ਦੇ ਪਿਆਰ ਅਤੇ ਭੈਣ ਭਰਾਵਾਂ, ਦੋਸਤਾਂ ਮਿੱਤਰਾਂ ਦਾ ਸੰਗਤ ਤੋਂ ਮਹਿਰੂਮ ਰਹਿ ਕੇ ਇਕ ਭੋਰੇ ਵਿਚ ਗੁਜ਼ਾਰ ਦਿੰਦਾ ਹੈ। ਇਹ ਉਸ ਦੀ ਜ਼ਿੰਦਗੀ ਦੀ ਸੱਚਾ ਸੁੱਚਾ ਪਿਆਰ ਲੈਣ ਦੀ ਉਮਰ ਸੀ। ਇਸੇ ਉਮਰ ਵਿਚ ਉਸ ਨੇ ਸਮਾਜਕ ਸੰਸਕਾਰ ਗ੍ਰਹਿਣ ਕਰਨੇ ਸਨ ਪਰ ਉਸ ਨੂੰ ਅਜਿਹੇ ਸੰਸਕਾਰ ਗ੍ਰਹਿਣ ਕਰਨ ਦਾ ਕੋਈ ਅਜਿਹਾ ਅਵਸਰ ਹੀ ਨਾ ਮਿਲਿਆ। ਅਗਲੇ ਬਾਰ੍ਹਾਂ ਵਰ੍ਹੇ ਵਿਅਕਤੀ ਸਮਾਜਕ ਸੰਸਕਾਰਾਂ ਦੇ ਘੇਰੇ ਵਿਚ ਰਹਿ ਕੇ ਥੋੜੀ ਬਹੁਤ ਸੁੰਦਰਤਾ ਮਾਨਣ ਲਈ ਪ੍ਰਯਤਨਸ਼ੀਲ ਰਹਿੰਦਾ ਹੈ। ਇਸੇ ਉਮਰ ਵਿਚ ਵਿਵਰਜਿਤ ਫੁੱਲ ਚੱਖਣ ਦੀ ਲਾਲਸਾ ਪੈਦਾ ਹੁੰਦੀ ਹੈ। ਇਹ ਲਾਲਸਾ ਵੀ ਸਮਾਜਕ ਪ੍ਰਬੰਧ ਦੀ ਹੀ ਦੇਣ ਹੈ। ਪੂਰਨ ਕਿਉਂਕਿ ਕਦੇ ਵੀ ਸਮਾਜਕ ਪ੍ਰਬੰਧ ਦਾ ਅੰਗ ਨਹੀਂ ਬਣਿਆ, ਇਸ ਲਈ ਉਸ ਦੇ ਮਨ ਵਿਚ ਅਜਿਹੀ ਲਾਲਸਾ ਪੈਦਾ ਨਹੀਂ ਹੁੰਦੀ। ਇਸੇ ਕਾਰਣ ਉਹ ਲੂਣਾ ਦੀ ਪੇਸ਼ਕਸ ਪ੍ਰਵਾਨ ਨਹੀਂ ਕਰ ਸਕਦਾ ਅਤੇ ਸਿੱਟੇ ਵਜੋਂ ਅਗਲੇ ਬਾਰ੍ਹਾਂ ਵਰ੍ਹੇ ਉਸ ਨੂੰ ਇਕ ਖੂਹ ਵਿਚ ਗੁਜ਼ਾਰਨੇ ਪੈਂਦੇ ਹਨ।

ਗੋਰਖ ਨਾਥ ਪੂਰਨ ਨੂੰ ਖੂਹ ਵਿਚੋਂ ਬਾਹਰ ਕੱਢ ਲੈਂਦਾ ਹੈ, ਰਾਜ਼ੀ ਬਾਜ਼ੀ ਬਣਾ ਦਿੰਦਾ ਹੈ ਅਤੇ ਹੁਕਮ ਦਿੰਦਾ ਹੈ ਕਿ ਹੁਣ ਉਹ ਆਪਣੇ ਮਾਂ ਬਾਪ ਪਾਸ ਵਾਪਸ ਚਲਾ ਜਾਏ ਪਰ ਪੂਰਨ ਨੂੰ ਸੰਸਕ੍ਰਿਤੀ ਦੇ ਤਕਾਜ਼ੇ ਪਸੰਦ ਨਹੀਂ। ਉਹ ਗੋਰਖ ਨਾਥ ਦਾ ਸ਼ਿਸ਼ ਬਣ ਕੇ ਆਦਿ-ਪ੍ਰਕਿਰਤੀ ਦੀ ਗੋਦ ਵਿਚ ਹੀ ਰਹਿਣਾ ਚਾਹੁੰਦਾ ਹੈ। ਇਥੇ ਹੀ ਉਸ ਦੀ ਮੁਲਾਕਾਤ ਰਾਣੀ ਸੁੰਦਰਾਂ ਦੇ ਨਾਲ ਹੁੰਦੀ ਹੈ। ਇਹ ਉਸ ਦੇ ਜੀਵਨ ਦੀ ਤੀਜੀ ਅਵਸਥਾ ਸੀ ਅਤੇ ਇਸ ਵਿਚ ਉਸ ਨੂੰ ਸਮਾਜਕ ਜੀਵਨ ਵਿਚੋਂ ਉਪਜਿਆ ਇਕ ਬੜਾ ਸ਼ੁੱਧ ਅਤੇ ਪਵਿੱਤਰ ਅਨੁਰਾਗ ਪ੍ਰਾਪਤ ਹੁੰਦਾ ਹੈ ਪਰ ਪੂਰਨ ਦਾ ਆਪਾ, ਸੰਸਕ੍ਰਿਤੀ ਦੇ ਕਿਸੇ ਵੀ ਰੂਪ ਗੱਠਣ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ। ਉਹ ਸੁੰਦਰਾਂ ਦੇ ਸ਼ੁੱਧ ਅਨੁਰਾਗ ਨੂੰ ਵੀ ਅਸਵੀਕਾਰ ਦਿੰਦਾ ਹੈ।

ਹੁਣ ਗੋਰਖ ਨਾਥ ਪੂਰਨ ਨੂੰ ਹੁਕਮ ਦਿੰਦਾ ਹੈ ਕਿ ਉਹ ਸਿਆਲਕੋਟ ਜਾ ਕੇ ਆਪਣੇ ਮਾਂ ਬਾਪ ਨੂੰ ਮਿਲੇ। ਪੂਰਨ ਸਿਆਲਕੋਟ ਆਉਂਦਾ ਹੈ ਅਤੇ ਇਕ ਬਾਗ ਵਿਚ ਬਹਿ ਕੇ ਬਾਰ੍ਹਾਂ ਵਰ੍ਹੇ ਤਪੱਸਿਆ ਵਿਚ ਲੀਨ ਰਹਿੰਦਾ ਹੈ। ਇਹ ਤਪੱਸਿਆ ਉਸ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਨਤਾ ਦੇ ਨੇੜੇ ਲੈ ਜਾਂਦੀ ਹੈ। ਪਿਤਾ ਸਲਵਾਨ ਨਾਲ ਮੁਲਾਕਾਤ ਹੁੰਦੀ ਹੈ ਤਾਂ ਉਸ ਨੂੰ ਪੂਰਨ ਦੇ ਨਿਰਪਰਾਧ ਹੋਣ ਬਾਰੇ ਵਿਸ਼ਵਾਸ ਹੋ ਜਾਂਦਾ ਹੈ। ਉਹ ਪੂਰਨ ਨੂੰ ਰਾਜ ਭਾਗ ਸੰਭਾਲਣ ਵਾਸਤੇ ਕਹਿੰਦਾ ਹੈ ਪਰ ਪੂਰਨ ਦੀ ਆਤਮਾ ਹੁਣ ਕਿਸੇ ਵੀ ਪ੍ਰਕਾਰ ਦੇ ਸਾਂਸ-ਕ੍ਰਿਤਿਕ-ਸਮਾਜਕ ਬੰਧਨ ਨੂੰ ਪ੍ਰਵਾਨ ਕਰਨ ਵਾਸਤੇ ਤਿਆਰ ਨਹੀਂ। ਉਹ ਆਪਣੀ ਮਾਂ ਇੱਛਰਾਂ ਨੂੰ ਮਿਲਦਾ ਹੈ ਅਤੇ ਉਸ ਤੋਂ ਖਿਮਾਂ ਮੰਗ ਕੇ ਵਾਪਸ ਪ੍ਰਕਿਰਤੀ ਦੀ ਖੁਲ੍ਹ ਵਿਚ ਮੁੜ ਜਾਂਦਾ ਹੈ।

ਉਕਤ ਚਾਰੇ ਸਥਿਤੀਆਂ ਪੂਰਨ ਨੂੰ ਬਿਨਾਂ ਮੰਗੇ ਜਾਂ ਅਣਚਾਹੇ ਰੂਪ ਵਿਚ ਮਿਲਦੀਆਂ ਹਨ। ਭਾਵੇਂ ਇਨ੍ਹਾਂ ਸਥਿਤੀਆਂ ਵਿਚ ਉਹ ਆਪਣੀ ਸੁਤੰਤਰਤਾ ਨੂੰ ਅਖੰਡ ਰੱਖਣ ਵਿਚ ਸਫਲ ਤਾਂ ਹੋ ਜਾਂਦਾ ਹੈ ਪਰ ਤਾਂ ਵੀ ਉਹ ਇਹ ਨਹੀਂ ਕਹਿ ਸਕਦਾ ਕਿ ਉਸ ਨੇ ਉਕਤ ਸਥਿਤੀਆਂ ਵਿਚੋਂ ਕੋਈ ਇਕ ਆਪ ਵਰੀ ਹੈ। ਇਹ ਉਹ ਸਥਿਤੀਆਂ ਹਨ ਜਿਨ੍ਹਾਂ ਵਿਚ ਪੂਰਨ ਨੂੰ ਸੁੱਟ ਦਿੱਤਾ ਗਿਆ ਪਰ ਤਾਂ ਵੀ ਉਹ ਇਨ੍ਹਾਂ ਵਿਚੋਂ ਸੁਰਖਰੂ ਬਾਹਰ ਨਿਕਲ ਆਇਆ। ਪੰਜਵੀਂ ਅਤੇ ਆਖਰੀ ਸਥਿਤੀ ਪੂਰਨ ਆਪ ਚੁਣਦਾ ਹੈ। ਉਹ ਆਪ ਦੋਬਾਰਾ ਸਵੈ-ਇੱਛਾ ਨਾਲ ਸਿਆਲਕੋਟ ਸ਼ਹਿਰ ਵਿਚ ਜਾਂਦਾ ਹੈ, ਆਪਣੇ ਮਾਤਾ ਪਿਤਾ ਨੂੰ ਮਿਲਦਾ ਹੈ, ਆਪਣੇ ਭਰਾ ਰਸਾਲੂ ਨੂੰ ਰਾਜ ਭਾਗ ਸੌਂਪਦਾ ਹੈ ਅਤੇ ਆਪਣੀ ਮਾਤਾ ਇੱਛਰਾਂ ਦੀ ਮੁਕਤੀ ਦਾ ਸਮਾਨ ਪੈਦਾ ਕਰਦਾ ਹੈ। ਇਉਂ ਇਸ ਪੰਜਵੀਂ ਸਥਿਤੀ ਵਿਚ ਹੀ ਪੂਰਨ 'ਪੂਰਨ' ਦੇ ਰੂਪ ਵਿਚ ਸਥਾਪਤ ਹੁੰਦਾ ਹੈ। ਇਸ ਸਥਿਤੀ ਵਿਚ ਉਹ ਆਪਣੀ ਸੁਤੰਤਰਤਾ ਅਤੇ ਸਵੈ-ਇੱਛਾ ਨਾਲ ਪ੍ਰਵੇਸ਼ ਕਰਦਾ ਹੈ ਅਤੇ ਬੜੇ ਦ੍ਰਿੜ੍ਹ ਵਿਸ਼ਵਾਸ ਨਾਲ ਇਸ ਸਥਿਤੀ ਵਿਚੋਂ ਸੁਰਖਰੂ ਹੋ ਕੇ ਉਭਰਦਾ ਹੈ।

ਕਾਦਰਯਾਰ ਦੇ ਇਸ ਕਿੱਸੇ ਵਿਚ ਦੂਜਾ ਵਿਰੋਧ ਜੁਟ ਜੀਵਨ : ਮੌਤ ਹੈ। ਪੂਰਨ ਆਪਣੀ ਤਮਾਮ ਜ਼ਿੰਦਗੀ ਜੀਵਨ ਅਤੇ ਮੌਤ ਦੇ ਵਿਚਕਾਰ ਤਣਿਆ ਰਹਿੰਦਾ ਹੈ। ਮਾਂ ਦੀ ਕੁੱਖ ਦੇ ਹਨੇਰੇ ਵਿਚੋਂ ਬਾਹਰ ਨਿਕਲ ਕੇ ਜ਼ਿੰਦਗੀ ਦੀ ਰੌਸ਼ਨੀ ਵਿਚ ਆਉਂਦਾ ਹੈ ਤਾਂ ਜੋਤਸ਼ੀ ਉਸ ਨੂੰ ਬਾਰ੍ਹਾਂ ਵਰ੍ਹੇ ਭੋਰੇ ਦੀ ਕੈਦ ਵਿਚ ਰਹਿਣ ਦਾ ਆਦੇਸ਼ ਸੁਣਾ ਦਿੰਦੇ ਹਨ। ਉਹ ਜ਼ਿੰਦਗੀ ਨੂੰ ਭੋਰੇ ਦੇ ਅੰਨ੍ਹੇ ਚਾਨਣ ਵਿਚੋਂ ਦੇਖਦਾ ਹੈ। ਬਾਰਾਂ ਵਰ੍ਹੇ ਦੀ ਯਾਤਨਾ ਭਰਪੂਰ ਜ਼ਿੰਦਗੀ ਬਿਤਾਉਣ ਤੋਂ ਬਾਅਦ ਉਹ ਜ਼ਿੰਦਗੀ ਦੇ ਚਾਨਣ ਵਿਚ ਆਉਂਦਾ ਹੈ ਤਾਂ ਲੂਣਾ ਨਾਲ ਤਕਰਾਰ ਹੋਣ ਤੇ ਉਸ ਨੂੰ ਇਕ ਅੰਨ੍ਹੇ ਖੂਹ ਵਿਚ ਸੁਟਵਾ ਦਿੱਤਾ ਜਾਦਾ ਹੈ। ਇਸ ਖੂਹ ਵਿਚ ਉਹ ਹੋਰ ਬਾਰ੍ਹਾਂ ਵਰ੍ਹੇ ਜ਼ਿੰਦਗੀ ਦੀ ਜੁਸਤਜੂ ਵਿਚ ਗੁਜ਼ਾਰਦਾ ਹੈ। ਬਾਰਾਂ ਵਰ੍ਹੇ ਬਾਅਦ ਕਿਧਰੇ ਜਾ ਕੇ ਗੋਰਖ ਨਾਥ ਉਸ ਖੂਹ ਦੇ ਨੇੜਿਓਂ ਗੁਜ਼ਰਦਾ ਹੈ ਅਤੇ ਪੂਰਨ ਦਾ ਨਿਸਤਾਰਾ ਹੁੰਦਾ ਹੈ ਪਰ ਹੁਣ ਪੂਰਨ ਦੇ ਆਪਣੇ ਮਨ ਵਿਚ ਜੀਣ ਦੀ ਕੋਈ ਆਕਾਂਖਿਆ ਬਾਕੀ ਨਹੀਂ ਬਚਦੀ। ਉਹ ਜਿਉਣਾ ਬੰਦ ਕਰ ਕੇ ਬੈਠ ਜਾਂਦਾ ਹੈ। ਬਹੁਤ ਸਾਰੇ ਲੋਕ ਉਸ ਦੇ ਮਨ ਦੇ ਦਰਵਾਜ਼ੇ ਉਤੇ ਦਸਤਕ ਦਿੰਦੇ ਹਨ—ਰਾਣੀ ਸੁੰਦਰਾਂ, ਰਾਜਾ ਸਲਵਾਨ, ਮਾਂ ਇੱਛਰਾਂ ਅਤੇ ਭਰਾ ਰਾਜਾ ਰਸਾਲੂ। ਪਰ ਉਹ ਕਿਸੇ ਵਾਸਤੇ ਆਪਣੇ ਮਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਦਰਵਾਜ਼ਾ ਨਹੀਂ ਖੋਲ੍ਹਦਾ। ਉਹ ਜਿਉਂਦੇ ਜੀ ਆਪਣੇ ਮਨ ਨੂੰ ਮਾਰ ਲੈਂਦਾ ਹੈ ਅਤੇ ਆਪਣੀ ਜ਼ਿੰਦਗੀ ਦੇ ਅੰਤਮ ਪੜਾ ਤਕ ਪਹੁੰਚਣ ਸਮੇਂ ਤਕ ਉਹ ਜੀਵਨ ਅਤੇ ਮੌਤ ਵਿਚਲੇ ਵਿਰੋਧ ਨੂੰ ਮਿਟਾ ਲੈਂਦਾ ਹੈ।

ਇਹ ਕਿੱਸੇ ਵਿਚ ਅਨਰਾਗ : ਵੈਰਾਗ ਵੀ ਕਥਾਨਕ ਦੀ ਇਕ ਮਹੱਤਵਪੂਰਣ ਇਕਾਈ ਵਜੋਂ ਪ੍ਰਸਤੁਤ ਹੁੰਦੇ ਹਨ। ਕਿੱਸੇ ਦਾ ਹਰ ਕਿਰਦਾਰ ਅਨੁਰਾਗ : ਵੈਰਾਗ ਦੇ ਵਿਰੋਧ ਵਿਚ ਤਣਿਆ ਹੋਇਆ ਹੈ। ਰਾਜੇ ਸਲਵਾਨ ਨੂੰ ਔਲਾਦ ਦਾ ਸੁੱਖ ਚਾਹੀਦਾ ਹੈ ਪਰ ਨਹੀਂ ਮਿਲਦਾ। ਬੇਟਾ ਪੂਰਨ ਹੁੰਦਾ ਹੈ ਤਾਂ ਉਹ ਉਸ ਨੂੰ ਪਿਆਰ ਦੁਲਾਰ ਕਰਨਾ ਲੋਚਦਾ ਹੈ ਪਰ ਜੋਤਸ਼ੀ ਉਸ ਬੇਟੇ ਨੂੰ ਬਾਰ੍ਹਾਂ ਵਰ੍ਹੇ ਅੱਖੋਂ ਪਰੇ ਰੱਖਣ ਦੀ ਸਲਾਹ ਦਿੰਦੇ ਹਨ। ਪੁੱਤਰ ਦੇ ਅਨਰਾਗ/ਵੈਰਾਗ ਦੀ ਇਕ ਸਥਿਤੀ ਵਿਚ ਰਾਜਾ ਲੂਣਾ ਨਾਮ ਦੀ ਇਕ ਸੁੰਦਰ ਇਸਤਰੀ ਨਾਲ ਵਿਆਹ ਕਰਵਾ ਲੈਂਦਾ ਹੈ। ਸਲਵਾਨ ਉਸ ਨੂੰ ਪਿਆਰ ਕਰਦਾ ਹੈ ਪਰ ਉਹ ਉਸ ਨੂੰ ਪਿਆਰ ਨਹੀਂ ਕਰਦੀ। ਉਹ ਉਸ ਨੂੰ ਆਪਣਾ ਤਨ ਤਾਂ ਦਿੰਦੀ ਹੈ ਪਰ ਆਪਣੇ ਮਨ ਉਤੇ ਉਸ ਦਾ ਅਧਿਕਾਰ ਨਹੀਂ ਹੋਣ ਦਿੰਦੀ। ਸਲਵਾਨ ਆਪਣੀ ਇਸ ਮਜ਼ਬੂਰੀ ਉਤੇ ਛਟਪਟਾਉਂਦਾ ਰਹਿੰਦਾ ਹੈ।

ਪੂਰਨ ਬਾਹਰ ਆਉਂਦਾ ਹੈ ਤਾਂ ਲੂਣਾ ਉਸ ਉਪਰ ਆਪਣਾ ਪਿਆਰ ਨਿਛਾਵਰ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਪੂਰਨ ਉਸ ਦੇ ਪਿਆਰ ਨੂੰ ਸਵੀਕਾਰ ਨਹੀਂ ਕਰ ਸਕਦਾ। ਰਾਣੀ ਉਸ ਤੋਂ ਬਦਲਾ ਲੈਣ ਤੇ ਉਤਾਰੂ ਹੋ ਜਾਂਦੀ ਹੈ। ਸਲਵਾਨ ਲੂਣਾ ਨੂੰ ਮਾਨਸਿਕ ਤੌਰ ਤੇ ਆਪਣੇ ਅਧਿਕਾਰ ਹੇਠ ਲੈਣ ਲਈ, ਉਸ ਤੋਂ ਸਗਲ ਸਮਰਪਣ ਕਰਵਾਉਣ ਵਾਸਤੇ ਪੂਰਨ ਦੀ ਬਲੀ ਦੇ ਦਿੰਦਾ ਹੈ। ਪਰ ਤਾਂ ਵੀ ਉਹ ਲੂਣਾ ਉੱਤੇ ਸਮੁੱਚਾ ਅਧਿਕਾਰ ਨਹੀਂ ਜਮਾ ਸਕਦਾ। ਇਸ ਲਈ ਉਹ ਸਾਰੀ ਉਮਰ ਪਛਤਾਵੇ ਦੀ ਅੱਗ ਵਿਚ ਸੜਦਾ ਰਹਿੰਦਾ ਹੈ।

ਪੂਰਨ ਨੂੰ ਅੱਗੇ ਜਾ ਕੇ ਸੁੰਦਰਾਂ ਦਾ ਅਨੁਰਾਗ ਪ੍ਰਾਪਤ ਹੁੰਦਾ ਹੈ। ਪਰ ਉਹ ਚੌਦ੍ਹਾਂ ਵਰ੍ਹੇ ਸਾਸਕ੍ਰਿਤਕ ਸੰਗਠਨਾਂ ਤੋਂ ਦੂਰ ਰਹਿਣ ਕਾਰਣ ਉਹ ਅਨੁਰਾਗ ਦੀ ਤੜਪ ਮਹਿਸੂਸ ਨਹੀਂ ਕਰ ਸਕਦਾ। ਉਹ ਸੁੰਦਰਾਂ ਨੂੰ ਅਨੁਰਾਗ/ਵੈਰਾਗ ਦੇ ਮੁਕਾਮ ਤੇ ਤੜਪਦਿਆਂ ਛੱਡ ਕੇ ਗੋਰਖ ਨਾਥ ਪਾਸ ਵਾਪਸ ਚਲਾ ਜਾਂਦਾ ਹੈ। ਬਹੁਤ ਦੇਰ ਬਾਅਦ ਜਦ ਉਹ ਇੱਛਰਾਂ ਨੂੰ ਮਿਲਦਾ ਹੈ ਤਾਂ ਉਹ ਇੱਛਰਾਂ ਦੇ ਆਪਣੇ ਪੁੱਤਰ ਦੇ ਅਨੁਰਾਗ ਦੀ ਸ਼ਰਤ ਵੀ ਪੂਰੀ ਨਹੀਂ ਕਰ ਪਾਉਂਦਾ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਸ ਕਿੱਸੇ ਦੇ ਸਾਰੇ ਪਾਤਰ ਅਨੁਰਾਗ/ਵੈਰਾਗ ਦੀ ਨਾ ਖੁਸ਼ਗਵਾਰ ਅਤੇ ਕਠਿਨ ਜਿਹੀ ਸਥਿਤੀ ਵਿਚ ਫਸੇ ਹੋਏ ਹਨ। ਅੰਤ ਵਿਚ ਇਕੱਲਾ ਪੂਰਨ ਹੀ ਇਸ ਦੁਫੇੜ ਵਿਚ ਸਮੀਕਰਣ ਸਥਾਪਤ ਕਰਦਾ ਦਿਖਾਇਆ ਗਿਆ ਹੈ।

ਇਸ ਕਿੱਸੇ ਵਿਚ ਸਾਕਾਦਾਰੀ ਸਿਸਟਮ ਦਾ ਅਧਿਐਨ ਕਰਨ ਲਈ ਪਿਤਾ ਪੁੱਤਰ ਨੂੰ ਵੀ ਇਕ ਵਿਰੋਧ ਜੁਟ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਸ ਵਿਰੋਧਜੁਟ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਈਡਿਪਸ ਕੰਪਲੈਕਸ' (Oedipus Complex) ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪਿਤਾ ਪੁੱਤਰ ਦੇ ਦਰਮਿਆਨ ਵਿਰੋਧ ਇਸ ਰਚਨਾ ਦੇ ਆਰੰਭ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਜਦ ਜੋਤਸ਼ੀ ਪਿਤਾ ਨੂੰ ਪੁੱਤਰ ਤੋਂ ਬਾਰ੍ਹਾਂ ਵਰ੍ਹੇ ਦੂਰ ਰਹਿਣ ਦੀ ਸਲਾਹ ਦਿੰਦੇ ਹਨ। ਬਾਰ੍ਹਾਂ ਵਰ੍ਹਿਆਂ ਬਾਅਦ ਜਦ ਪੁੱਤਰ, ਪਿਤਾ ਦੇ ਰੂਬਰੂ ਹੁੰਦਾ ਹੈ ਤਾਂ ਪੂਰਨ ਦੇ ਵਿਆਹ ਦੀ ਗੱਲ ਤੇ ਪਿਤਾ ਪੁੱਤਰ ਦਾ ਆਪਸ ਵਿਚ ਤਰਕਾਰ ਹੋ ਜਾਂਦਾ ਹੈ ਜਿਸ ਨੂੰ ਦਰਬਾਰੀ ਬੜੀ ਹੋਸ਼ਿਆਰੀ ਨਾਲ ਸੰਭਾਲ ਲੈਂਦੇ ਹਨ ਪਰ ਉਸ ਤੋਂ ਬਾਅਦ ਵੀ ਅਸੀਂ ਦੇਖਦੇ ਹਾਂ ਕਿ ਇਹ ਵਿਰੋਧ ਕਦੇ ਖਤਮ ਨਹੀਂ ਹੁੰਦਾ ਸਗੋਂ ਵਧਦਾ ਹੀ ਚਲਾ ਜਾਂਦਾ ਹੈ। ਪਿਤਾ ਪੁੱਤਰ ਵਿਰੋਧ ਨਾਲ ਹੀ ਜੁੜਿਆ ਹੋਇਆ ਇਕ ਹੋਰ ਸੰਕਲਪ ਮਾਂ-ਪੁੱਤਰ ਅਨੁਰਾਗ ਦਾ ਹੈ। ਕਾਦਰ ਯਾਰ ਨੇ ਕੁਝ ਸਾਂਸਕ੍ਰਿਤਕ ਮੁੱਲਾਂ ਦੀ ਪਾਲਣਾ ਕਰਦਿਆਂ ਹੋਇਆਂ ਮਾਤਾ ਤੇ ਪੁੱਤਰ ਦੇ ਅਨੁਰਾਗ ਨੂੰ ਇੱਛਰਾਂ ਪੂਰਨ ਦੇ ਰਿਸ਼ਤੇ ਵਿਚ ਰੱਖ ਕੇ ਵੇਖਣ ਦੇ ਨਾਲ ਨਾਲ ਲੂਣਾ ਅਤੇ ਪੂਰਨ ਦੇ ਆਪਸੀ ਵਿਰੋਧਮੂਲਕ ਰਿਸ਼ਤੇ ਵਿਚ ਰੱਖ ਕੇ ਵੇਖਣ ਦੀ ਕੋਸ਼ਿਸ਼ ਵੀ ਕੀਤੀ ਹੈ। ਯੂਨਾਨੀ ਕਥਾ 'ਰਾਜਾ ਈਡਿਪਸ' ਵਿਚ ਈਡਿਪਸ ਆਪਣੇ ਪਿਤਾ ਦਾ ਕਤਲ ਕਰ ਕੇ ਮਾਤਾ ਨਾਲ ਸ਼ਾਦੀ ਕਰ ਲੈਂਦਾ ਹੈ। ਸਾਡੀ ਇਸ ਕਥਾ ਵਿਚ ਵਿਵਰਜਿਤ ਸੰਬੰਧ ਜੋੜਨ ਦੀ ਪਹਿਲ ਲੂਣਾ ਵਲੋਂ ਕਰਵਾਈ ਗਈ ਹੈ ਜਿਸ ਲਈ ਪੂਰਨ ਕਦੇ ਤਿਆਰ ਨਹੀਂ ਹੁੰਦਾ। ਆਪਣੇ ਸਾਂਸਕ੍ਰਿਤਕ ਮੁੱਲਾਂ ਦਾ ਲਿਹਾਜ਼ ਕਰਦਿਆਂ ਕਾਦਰ ਯਾਰ ਨੇ ਕੁਝ ਚਿਹਨਿਕ (Signifiers) ਉਲਟੇ ਕਰ ਦਿੱਤੇ ਹਨ ਪਰ ਤਾਂ ਵੀ ਚਿਹਨਿਤ ਯਥਾਰਥ (Signified) ਵਿਚ ਕੋਈ ਬਹੁਤਾ ਰਰਕ ਨਹੀਂ ਪਿਆ। ਰਾਣੀ ਲੂਣਾ ਸਲਵਾਨ ਤੋਂ ਕਦੇ ਗਰਭਵਤੀ ਨਹੀਂ ਹੁੰਦੀ। ਪੂਰਨ ਜੋਗੀ ਦੁਆਰਾ ਦਿੱਤੇ ਗਏ ਚਾਵਲ ਦੇ ਦਾਣੇ ਨਾਲ ਹੀ ਉਹ ਗਰਭਵਤੀ ਹੁੰਦੀ ਹੈ ਅਤੇ ਰਸਾਲੂ ਨੂੰ ਜਨਮ ਦਿੰਦੀ ਹੈ।

ਕਾਦਰ ਯਾਰ ਕ੍ਰਿਤ 'ਪੂਰਨ ਭਗਤ' ਦੇ ਇਸ ਸੰਖਿਪਤ ਜਿਹੇ ਪਾਠ ਮੂਲਕ ਵਿਸ਼ਲੇਸ਼ਣ (Textual-analysis) ਦੁਆਰਾ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਇਹ ਰਚਨਾ ਪੰਜਾਬੀ ਸਭਿਆਚਾਰ ਨੂੰ ਸਮਝਣ ਲਈ ਇਕ ਬੜਾ ਮਹੱਤਵਪੂਰਨ ਦਸਤਾਵੇਜ਼ ਹੈ। ਇਸ ਵਿਚ ਸਾਡੇ ਸਭਿਆਚਾਰ ਦੇ ਬੜੇ ਮੁੱਲਪਰਕ ਵੇਰਵੇ ਸੰਕਲਿਤ ਹਨ। ਪੰਜਾਬੀ ਵਿਚ ਰਚੇ ਗਏ ਵਧੇਰੇ ਕਿੱਸੇ ਘਟਨਾ ਸੰਕਲਨ ਤਕ ਹੀ ਸੀਮਿਤ ਰਹਿੰਦੇ ਹਨ। ਉਨ੍ਹਾਂ ਵਿਚ ਘਟਨਾਵਾਂ ਦੀ ਵਿਉਂਤਬੰਦੀ ਜੀਵਨ-ਮੁੱਲਾਂ ਦੇ ਅਨੁਸ਼ਾਸ਼ਨ ਦੀ ਸਖ਼ਤੀ ਨਾਲ ਪਾਲਣਾ ਨਹੀਂ ਕਰਦੀ ਪਰ ਇਸ ਕਿੱਸੇ ਵਿਚ ਕਾਦਰਯਾਰ ਨੇ ਬੜਾ ਸੁਚੇਤ ਹੋ ਕੇ ਕੁਝ ਜੀਵਨ ਮੁੱਲਾਂ ਦੀ ਪ੍ਰੋੜ੍ਹਤਾ ਅਤੇ ਪੈਰਵਾਈ ਕੀਤੀ ਹੈ। ਪੂਰਨ ਦੇ ਪੂਰਨ ਹੋਣ ਦੀ ਪ੍ਰਕਿਰਿਆ ਦਾ ਬੜਾ ਪ੍ਰਮਾਣਿਕ ਅਤੇ ਅਰਥਪੂਰਣ ਵੇਰਵਾ ਇਸ ਰਚਨਾ ਵਿਚ ਸਾਂਭਿਆ ਹੋਇਆ ਹੈ। ਇਹੀ ਕਾਰਣ ਹੈ ਕਿ ਇਸ਼ਕ ਨਾਲ ਸੰਬੰਧਤ ਉਤਸੁਕਤਾ ਭਰਪੂਰ ਘਟਨਾਵਾਂ ਦੀ ਅਣਹੋਂਦ ਹੋਣ ਦੇ ਬਾਵਜੂਦ ਇਹ ਕਿੱਸਾ ਸਾਰੇ ਪੰਜਾਬੀਆਂ ਦੀ ਧੜਕਣ ਬਣਿਆ ਰਿਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿਪਣੀਆਂ

1. ਵੇਖੋ ਕਾਦਰ ਯਾਰ (ਸੰਪਾਦਿਕ ਪ੍ਰੋ. ਗੁਰਚਰਨ ਸਿੰਘ) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਦੂਜਾ ਐਡੀਸ਼ਨ 1969, ਪੰਨਾ 2.
2. ਬਾਵਾ ਬੁੱਧ ਸਿੰਘ, ਬੰਬੀਹਾ ਬੋਲ, ਪੰਨਾ 190.
3. ਅਬਦੁਲ ਗਫੂਰ ਕੁਰੈਸ਼ੀ, ਪੰਜਾਬੀ ਜ਼ਬਾਨ ਦਾ ਅਦਬ ਤੇ ਤਾਰੀਖ ਲਾਹੌਰ 1956, ਪੰਨਾ 335.
4. ਕਾਦਰਯਾਰ (ਸੰਪਾ. ਪ੍ਰੋ. ਗੁਰਚਰਨ ਸਿੰਘ) ਉਕਤ ਕਥਿਤ, ਪੰਨਾ 5.

ਸਹਾਇਕ ਗ੍ਰੰਥਾਵਲੀ

1. ਕਾਦਰ ਯਾਰ (ਸੰਪ. ਪ੍ਰੋ. ਗੁਰਚਰਨ ਸਿੰਘ) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੂਜਾ ਐਡੀਸ਼ਨ, 1969.
2. Durkheim, Emile, *Incest : The Nature and Origin of Taboo*, New York 1968.
3. Harjeet Singh Gill, *The Semiotics of Creative Process in Language and Literature*, Punjabi University, Patiala, 1983.
4. Levi-strauss, Claude, *Structural Anthropology*, Penguin Books, 1963.
5. *Savage Mind*, The University of Chicago Press, 1973.
6. Sartre, Jean Paul *Being and Nothingness*, Philosophical Library, New York, 1956.
7. *Studies in Anthropological Linguistics*, (Phakha Sanjam, vol. XIV 1981), Punjabi University, Patiala.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ ਦੇ ਨਿਰਮਾਣ ਵਿਚ ਗੁਰੂ ਗੋਬਿੰਦ ਸਿੰਘ ਦਾ ਯੋਗਦਾਨ

ਪੰਜਾਬੀ ਸਭਿਆਚਾਰ ਇਕ ਸੰਯੁਕਤ/ਸੁਮਿਸ਼ਰਤ (Composite) ਸਭਿਆਚਾਰ ਹੈ। ਦੋ ਹਜ਼ਾਰ ਸਾਲ ਤੋਂ ਵੀ ਪਹਿਲਾਂ ਪੰਜਾਬ ਵਿਚ ਅਨਯ ਸਭਿਆਚਾਰਾਂ ਦਾ ਪ੍ਰਵੇਸ਼ ਸ਼ੁਰੂ ਹੋ ਚੁੱਕਾ ਸੀ। ਹੋਰ ਸਾਰੇ ਪਾਸਿਆਂ ਤੋਂ ਸਮੁੰਦਰ ਅਤੇ ਬਹੁਤ ਉੱਚੇ ਪਹਾੜਾਂ ਨਾਲ ਘਿਰਿਆ ਹੋਣ ਕਰਕੇ ਪੰਜਾਬ ਭਾਰਤ ਦਾ ਸਿੰਘ-ਦੁਆਰ ਬਣਿਆ ਰਿਹਾ ਹੈ। ਬਾਹਰ ਤੋਂ ਆਉਣ ਵਾਲੇ ਸ਼ਰਨਾਰਥੀ ਅਤੇ ਧਾੜਵੀ ਪੰਜਾਬ ਦੇ ਰਸਤਿਉਂ ਹੀ ਭਾਰਤ ਵਿਚ ਦਾਖਲ ਹੁੰਦੇ ਰਹੇ। ਪੰਜਾਬ ਦੇ ਜਿਸ ਇਤਿਹਾਸ ਤੋਂ ਅਸੀਂ ਪਰਿਚਤ ਹਾਂ, ਉਹ ਆਰੀਆ ਲੋਕਾਂ ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ। ਇਹ ਲੋਕ ਕਦੋਂ, ਕਿਵੇਂ ਅਤੇ ਕਿੱਥੋਂ ਆ ਕੇ ਵੱਸੇ, ਇਸ ਬਾਰੇ ਇਤਿਹਾਸਕਾਰਾਂ ਵਿਚ ਅਨੇਕਾਂ ਮਤਿ ਹਨ। ਆਮ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਹ ਰੂਸ ਦੇ ਦੱਖਣੋਂ ਮੱਧ ਏਸ਼ੀਆ ਤੋਂ ਆ ਕੇ ਇਥੇ ਵੱਸੇ ਸਨ। ਜਿਨ੍ਹਾਂ ਲੋਕਾਂ ਨਾਲ ਸ਼ੁਰੂ ਵਿਚ ਆਰੀਆ ਕਬੀਲੇ ਦੇ ਯੁੱਧ ਹੋਏ ਅਤੇ ਜਿਨ੍ਹਾਂ ਨੂੰ ਸੰਸਕ੍ਰਿਤ ਗ੍ਰੰਥਾਂ ਵਿਚ ਦੱਸਯੂ (ਦਾਸ) ਕਹਿ ਕੇ ਸੰਬੋਧਨ ਕੀਤਾ ਗਿਆ ਹੈ, ਉਨ੍ਹਾਂ ਦੀ ਸੰਸਕ੍ਰਿਤੀ ਆਰੀਆ ਲੋਕਾਂ ਦੀ ਸੰਸਕ੍ਰਿਤੀ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਹੜੱਪਾ, ਰੋਪੜ ਅਤੇ ਸੰਘੋਲ ਦੀ ਖੁਦਾਈ ਤੋਂ ਇਸ ਤੱਥ ਦੀ ਭਲੀ ਪ੍ਰਕਾਰ ਪੁਸ਼ਟੀ ਹੁੰਦੀ ਹੈ।

ਦਸਵੀਂ ਸਦੀ ਦੇ ਅੰਤ ਤੱਕ ਪੰਜਾਬ ਉੱਤੇ ਮਹਿਮੂਦ ਗਜ਼ਨਵੀ ਦੇ ਹਮਲੇ ਸ਼ੁਰੂ ਹੋ ਚੁੱਕੇ ਸਨ। ਸੰਨ 1192 ਈ. ਵਿਚ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਪੰਜਾਬ ਅਤੇ ਭਾਰਤ ਵਿਚ ਹਿੰਦੂ ਰਾਜ ਨੂੰ ਖ਼ਤਮ ਕਰ ਦਿੱਤਾ। ਖਿਲਜੀਆਂ ਅਤੇ ਤੁਗਲਕਾਂ ਦੇ ਜ਼ਮਾਨੇ ਵਿਚ ਗੱਖੜਾਂ ਨੇ ਪੰਜਾਬ ਵਿਚ ਤਾਕਤ ਹਾਸਲ ਕਰਨ ਦੇ ਕਾਫ਼ੀ ਯਤਨ ਕੀਤੇ ਪਰ ਉਹ ਬਹੁਤੇ ਸਫ਼ਲ ਨਾ ਹੋ ਸਕੇ। ਸੰਨ 1 98 ਈ. ਵਿਚ ਤੈਮੂਰ ਨੇ ਭਾਰਤ ਉੱਪਰ ਹਮਲਾ ਕੀਤਾ ਅਤੇ ਇਸ ਨੂੰ ਲੁੱਟ ਪੁੱਟ ਕੇ ਤਬਾਹ ਕਰ ਦਿੱਤਾ। ਤੈਮੂਰ ਜਾਂਦਾ ਹੋਇਆ ਸਯੱਦਾ ਨੂੰ ਭਾਰਤ ਦੀ ਹਕੂਮਤ ਦੇ ਗਿਆ ਪਰ ਸੱਯਦਾਂ ਅਤੇ ਲੋਧੀਆਂ ਦੇ ਜ਼ਮਾਨੇ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਤਕੜੀ ਹਕੂਮਤ ਨਾ ਬਣ ਸਕੀ। ਅੰਤ 1526 ਈ. ਵਿਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਹਰਾ ਕੇ ਭਾਰਤ ਵਿਚ ਮੁਗਲ ਰਾਜ ਦੀ ਨੀਂਹ ਰੱਖੀ ਜੋ ਪੰਦਰਾਂ ਕੁ ਸਾਲ ਦੇ ਵਕਫੇ ਨੂੰ ਛੱਡ ਕੇ, (ਜਦ ਸ਼ੇਰ ਸ਼ਾਹ ਸੂਰੀ ਨੇ ਦੇਸ਼ ਦੀ ਵਾਗ ਡੋਰ ਸੰਭਾਲੀ ਸੀ) 1706 ਈ. (ਔਰੰਗਜ਼ੇਬ ਦੀ ਮੌਤ) ਤੱਕ ਚਲਦੀ ਰਹੀ। ਗੁਰੂ ਨਾਨਕ ਦੇਵ ਜੀ (1469–1539) ਤੋਂ ਲੈ ਕੇ ਗੁਰੂ ਗੋਬਿੰਦ ਸਿੰਘ (1675–1708 ਈ.) ਤਕ ਬਾਬੇ-ਕਿਆਂ ਅਤੇ ਬਾਬਰ ਕਿਆਂ ਦੇ ਦਰਮਿਆਨ ਇਕ ਬੜਾ ਤਿੱਖਾ ਸੰਘਰਸ਼ ਚਲਦਾ ਰਿਹਾ ਅਤੇ ਅੰਤ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਵਿਚੋਂ ਮੁਗਲ ਰਾਜ ਦੀਆਂ ਸਫਾਂ ਵਲ੍ਹੇਟ ਦਿੱਤੀਆਂ। ਇਹ ਇਕ ਅਜਿਹਾ ਸੰਘਰਸ਼ ਸੀ ਜਿਸ ਨੂੰ ਅਸੀਂ ਸਭਿਆਚਾਰਕ ਕ੍ਰਾਂਤੀ ਦਾ ਨਾਮ ਵੀ ਦੇ ਸਕਦੇ ਹਾਂ। ਇਸ ਕ੍ਰਾਂਤੀ ਨੂੰ ਪਰਿਣਾਮ ਤੱਕ ਪਹੁੰਚਾਉਣ ਵਿਚ ਗੁਰੂ ਗੋਬਿੰਦ ਸਿੰਘ ਨੇ ਬੜੀ ਮੁੱਲ ਪਰਕ ਭੂਮਿਕਾ ਅਦਾ ਕੀਤੀ। ਇਸ ਭੂਮਿਕਾ ਦੇ ਕੁਝ ਇਕ ਪ੍ਰਤੀਨਿਧ ਧਰਾਤਲਾਂ ਨੂੰ ਗੁਰੂ ਜੀ ਨੇ ਬੜੀ ਦੂਰਦਰਸ਼ਿਤਾ ਅਤੇ ਵਿਗਿਆਨਕ ਸੋਚ ਦੁਆਰਾ ਸਰੰਜਾਮ ਦਿੱਤਾ।

ਗੁਰੂ ਗੋਬਿੰਦ ਸਿੰਘ ਦੇ ਪੰਜਾਬੀ ਸਭਿਆਚਾਰਕ ਦ੍ਰਿਸ਼ ਉਤੇ ਅਵਤਰਿਤ ਹੋਣ ਤੋਂ ਪਹਿਲਾਂ ਪੰਜਾਬ ਵੱਖ ਵੱਖ ਸਭਿਆਚਾਰਕ ਗਰੁੱਪਾਂ ਦਾ ਇਕ ਸਮੂਹ ਸੀ। ਹਰ ਸਮੂਹ ਆਪਣੀ ਵੱਖਰੀ ਸ਼ਨਾਖਤ ਬਚਾਈ ਰੱਖਣਾ ਲੋਚਦਾ ਸੀ। ਆਰੀਆ ਲੋਕਾਂ ਤੋਂ ਲੈ ਕੇ ਮੁਗਲਾਂ ਦੇ ਆਗਮਨ ਤੱਕ ਇਥੇ ਬਹੁਤ ਸਾਰੇ ਸਭਿਆਚਾਰਕ ਗਰੁੱਪ ਆਏ। ਇਹਨਾਂ ਗਰੁੱਪਾਂ ਦੀ ਪੰਜਾਬ ਦੇ ਮੂਲ ਵਾਸੀਆਂ ਨਾਲ ਅੰਤਰ-ਕ੍ਰਿਆ ਹੋਈ। ਬਾਹਰਲੇ ਲੋਕਾਂ ਨੇ ਪੰਜਾਬੀ ਮੂਲ ਦੇ ਲੋਕਾਂ ਨਾਲ ਵਿਆਹ ਕਰਵਾ ਕੇ ਇਥੋਂ ਦੇ ਸਭਿਆਚਾਰ ਦਾ ਹੀ ਇਕ ਅੰਗ ਬਣ ਜਾਣ ਦੀ ਕੋਸ਼ਿਸ਼ ਕੀਤੀ ਪਰ ਸਭਿਆਚਾਰ ਦੇ ਪ੍ਰਸੰਗ ਵਿਚ ਉਲੇਖਯੋਗ ਤੱਤ ਇਹ ਹੈ ਕਿ ਨਾ ਤਾਂ ਬਾਹਰਲਾ ਤੁਹਾਨੂੰ ਛੇਤੀ ਕਿਧਰੇ ਪ੍ਰਵਾਨ ਕਰਦਾ ਹੈ ਤੇ ਨਾ ਹੀ ਤੁਸੀਂ ਆਪਣੇ ਵਿਵਹਾਰ ਪੈਟਰਨ ਨੂੰ ਬਦਲ ਸਕਣ ਵਿਚ ਛੇਤੀ ਕਿਧਰੇ ਕਾਮਯਾਬ ਹੋ ਸਕਦੇ ਹੋ। ਇਕ ਸਭਿਆਚਾਰ ਦੀ ਖਾਧ ਖੁਰਾਕ, ਪਹਿਰਾਵਾ, ਸ਼ਗਨ-ਅਪਸ਼ਗਨ, ਧਾਰਮਿਕ ਰਹੁਰੀਤਾਂ ਅਤੇ ਦੇਵੀ-ਦੇਵਤੇ ਉਸ ਦੀ ਵੱਖਰੀ ਸ਼ਨਾਖਤ ਨੂੰ ਬੜੀ ਦੇਰ ਤਕ ਬਚਾਈ ਰੱਖਦੇ ਹਨ। ਇਹੀ ਕਾਰਨ ਸੀ ਕਿ ਪੰਜਾਬ ਦੇ ਲੋਕ ਕਿਸੇ ਹੱਦ ਇਕ ਸਾਂਸਕ੍ਰਿਤਕ ਸੰਗਠਨ ਦਾ ਰੂਪ ਨਾ ਧਾਰਣ ਕਰ ਸਕੇ ਅਤੇ ਉਹ ਆਪਣੀ ਵੱਖਰੀ ਵੱਖਰੀ ਸ਼ਨਾਖਤ ਨੂੰ ਬਚਾਈ ਰੱਖਣ ਲਈ ਹਰ ਸਮੇਂ ਇਸ ਮੌਕੇ ਦੇ ਤਾੜ ਵਿਚ ਰਹਿੰਦੇ ਸਨ, ਜਦੋਂ ਉਹ ਦੂਜੇ ਸਭਿਆਚਾਰ ਨੂੰ ਨੀਵਾਂ ਦਿਖਾ ਸਕਣ। ਇਸ ਮੰਤਵ ਲਈ ਕਈ ਵਾਰ ਵਿਦੇਸ਼ੀ ਧਾੜਵੀਆਂ ਨੂੰ ਆਮੰਤ੍ਰਿਤ ਕੀਤਾ ਗਿਆ ਅਤੇ ਕਈ ਵਾਰ ਆਪਣੇ ਦੇਸ਼ ਦੇ ਕਿਸੇ ਰਾਜੇ ਦੀ ਬਜਾਏ ਕਿਸੇ ਵਿਦੇਸ਼ੀ ਹਮਲਾਵਰ ਨੂੰ ਸਹਿਯੋਗ ਦਿੱਤਾ ਗਿਆ। ਇਤਿਹਾਸਕਾਰ ਭਾਵੇਂ ਅਜਿਹੀ ਗੱਲ ਨੂੰ 'ਦੇਸ਼ ਨਾਲ ਗਦਾਰੀ' ਦਾ ਨਾਮ ਦਿੰਦੇ ਹਨ। ਪਰ ਆਪਣੀ ਜਾਣੇ ਇਹ ਲੋਕ ਆਪਣੇ ਸਭਿਆਚਾਰ ਨੂੰ ਵਧਦਾ-ਫੁਲਦਾ ਵੇਖਣ ਲਈ ਇਹ 'ਗੱਦਾਰੀ' ਕਰ ਰਹੇ ਹੁੰਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਕ ਯੁੱਗ ਪੁਰਸ਼ ਵਾਂਗ ਆਪਣਾ ਇਕ ਪ੍ਰਾਜੈਕਟ ਮਿੱਥਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ ਸੀ। ਇਸ ਪ੍ਰਾਜੈਕਟ ਨੂੰ ਸਪਸ਼ਟ ਕਰਦੇ ਹੋਏ ਆਪ ਬਚਿੱਤਰ ਨਾਟਕ ਵਿਚ ਲਿਖਦੇ ਹਨ :

ਹਮ ਏਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥

ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸ਼ਟ ਦੋਖੀਅਨ ਪਕਰਿ ਪਛਾਰੋ ॥

ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥

ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਟ ਸਭਨ ਕੋ ਮੂਲ ਉਪਾਰਨ ॥

ਆਪਣੇ ਇਸ ਪ੍ਰਾਜੈਕਟ ਦੀ ਸੰਪੂਰਨਤਾ ਲਈ ਗੁਰੂ ਜੀ ਨੇ ਪੰਜਾਬੀ ਸੰਸਕ੍ਰਿਤੀ ਦੇ ਭਿੰਨ ਭਿੰਨ ਧਰਾਤਲਾਂ ਦਾ ਬੜਾ ਡੂੰਘਾ ਅਧਿਐਨ ਕੀਤਾ। ਇਹੀ ਕੰਮ ਭਾਵੇਂ ਗੁਰੂ ਨਾਨਕ ਦੇਵ ਜੀ ਦੇ ਜ਼ਮਾਨੇ ਤੋਂ ਹੀ ਸ਼ੁਰੂ ਹੋ ਚੁੱਕਾ ਸੀ ਅਤੇ ਉਨ੍ਹਾਂ ਤੋਂ ਬਾਅਦ ਹਰ ਗੁਰੂ ਵਿਅਕਤੀ ਨੇ ਪੰਜਾਬ ਦੇ ਵੱਖ ਵੱਖ ਸਭਿਆਚਾਰਕ ਸੰਗਠਨਾਂ ਨੂੰ ਇਕ ਸਭਿਆਚਾਰਕ ਇਕਾਈ ਵਿਚ ਪਰੋਣ ਵਿਚ ਬੜਾ ਮਹੱਤਵਪੂਰਨ ਯੋਗਦਾਨ ਦਿੱਤਾ। ਪਰੰਤੂ ਗੁਰੂ ਗੋਬਿੰਦ ਸਿੰਘ ਨੇ ਇਹ ਕੰਮ ਮੁਕੰਮਲ ਕਰਕੇ ਇਸ ਉੱਪਰ ਮੁੰਦਾਵਣੀ ਲਗਾ ਦਿੱਤੀ। ਦਸਮ ਗੁਰੂ ਜੀ ਨੇ ਬੜੀ ਦੂਰਦਰਸ਼ਿਤਾ ਨਾਲ ਪੰਜਾਬੀਆਂ ਦੇ ਚਰਿੱਤਰ ਦਾ ਅਧਿਐਨ ਕਰਨ ਉਪਰੰਤ ਇਹ ਜਾਣ ਲਿਆ ਸੀ ਕਿ ਭਾਵੇਂ ਉੱਪਰੋਂ ਦੇਖਣ ਨੂੰ ਪੰਜਾਬੀ ਲੋਕ ਅਸਥਿਰਤਾ ਅਤੇ ਅਫਰਾ-ਤਫਰੀ ਦੇ ਸਮੱਰਥਕ ਪ੍ਰਤੀਤ ਹੁੰਦੇ ਹਨ ਪਰ ਅਸਲ ਵਿਚ ਇਹ ਲੋਕ ਸੁਤੰਤਰਤਾ ਪ੍ਰੇਮੀ ਹਨ ਅਤੇ ਸੁਤੰਤਰਤਾ ਪ੍ਰਾਪਤੀ ਲਈ ਹੀ ਇਹ ਲੋਕ ਹਰ ਸਮੇਂ ਜੰਗਾਂ-ਯੁੱਧਾਂ ਵਿਚ ਲੀਨ ਰਹਿੰਦੇ ਹਨ। ਪੰਜਾਬੀ ਲੋਕਾਂ ਨੇ ਸੁਤੰਤਰਤਾ ਸੰਬੰਧੀ ਕੋਈ ਥੀਸਿਜ਼ ਸਿਰਜਣ ਤੋਂ ਬਿਨਾ ਹੀ ਇਸ ਨੂੰ ਆਪਣੀ ਜੀਵਨ ਜਾਚ ਦਾ ਅੰਗ ਬਣਾਇਆ ਹੋਇਆ ਸੀ ਅਤੇ ਜਦੋਂ ਵੀ ਇਨ੍ਹਾਂ ਨੂੰ ਕੋਈ ਮੌਕਾ ਮਿਲਿਆ, ਇਹਨਾਂ ਨੇ ਪੰਜਾਬ ਵਿਚ ਗਣ-ਰਾਜ ਸਥਾਪਿਤ ਕਰ ਲਿਆ। ਸੁਤੰਤਰਤਾ ਪ੍ਰਤੀ ਪੰਜਾਬੀਆਂ ਦੇ ਇਸ ਮੋਹ ਨੂੰ ਗੁਰੂ ਜੀ ਨੇ ਇਕ ਨਿਸਚਿਤ ਦਿਸ਼ਾ ਪ੍ਰਦਾਨ ਕੀਤੀ ਅਤੇ ਪੰਜਾਬ ਵਿਚ ਸੁਤੰਤਰਤਾ ਦੇ ਸੰਕਲਪ ਨੂੰ ਇਕ ਠੋਸ ਆਧਾਰ ਬਖ਼ਸ਼ਿਆ।

ਗੁਰੂ ਗੋਬਿੰਦ ਸਿੰਘ ਜੀ ਪੰਜਾਬੀਆਂ ਦੇ ਇਸ ਚਰਿੱਤਰ ਤੋਂ ਵੀ ਪਰਿਚਿਤ ਸਨ ਕਿ ਇਹ ਲੋਕ ਕਿਸੇ ਨਵੇਂ ਸਾਮਰਾਜ ਦੀ ਸਥਾਪਨਾ ਲਈ ਹਥਿਆਰ ਨਹੀਂ ਉਠਾ ਸਕਦੇ। ਇਹਨਾਂ ਨੇ ਇਤਨੀਆਂ ਵੱਡੀਆਂ ਸ਼ਹਿਨਸ਼ਾਹੀਆਂ ਦੀ ਸਫ ਵਲੇਟੀ ਜਾਂਦੀ ਵੇਖੀ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਲਤਨਤ ਪ੍ਰਤੀ ਇਹਨਾਂ ਦੇ ਮਨ ਵਿਚ ਵੈਰਾਗ ਭਾਵ ਪੈਦਾ ਹੋ ਚੁੱਕੇ ਹਨ ਜਿਹੜੇ ਲੋਕਾਂ ਨੇ ਸਿਕੰਦਰ ਨੂੰ ਖਾਲੀ ਹੱਥ ਜਾਂਦਿਆਂ ਵੇਖਿਆ ਅਤੇ ਇਸ ਤੱਥ ਨੂੰ ਆਪਣੀ ਸੋਚ ਦਾ ਇਕ ਪਰਿਪੱਕ ਆਧਾਰ ਬਣਾਇਆ ਹੋਇਆ ਹੈ, ਉਹ ਕਿਸੇ ਛੋਟੇ ਮੋਟੇ ਰਾਜ ਦੀ ਸਥਾਪਨਾ ਲਈ ਕਿਵੇਂ ਇਕ ਮੁੱਠ ਹੋ ਸਕਦੇ ਸਨ ? ਸੋ ਗੁਰੂ ਜੀ ਨੇ ਪੰਜਾਬੀਆਂ ਦੇ ਜਜ਼ਬੇ ਨੂੰ ਮੁਗਲ ਸਾਮਰਾਜ ਦੀਆਂ ਸਫਾਂ ਵਲੇਟਣ ਲਈ ਵੰਗਾਰਿਆ ਅਤੇ ਪੰਜਾਬ ਦੇ ਸਾਰੇ ਲੋਕ ਚਾਈਂ ਚਾਈਂ ਇਸ ਧਰਮ-ਯੁੱਧ ਵਿਚ ਸ਼ਾਮਲ ਹੋਏ । ਧਰਮ ਯੁੱਧ ਲਈ ਲੜਨ ਪ੍ਰਤੀ ਪੰਜਾਬੀਆਂ ਦੇ ਚਾਓ ਨੂੰ ਗੁਰੂ ਜੀ ਨੇ ਇਕ 'ਕਲਾ ਵਜੋਂ' ਪ੍ਰਤਿਸ਼ਠਿਤ ਕੀਤਾ ਹੈ । 'ਕ੍ਰਿਸ਼ਨ ਅਵਤਾਰ' ਵਿਚ ਧਰਮ ਯੁੱਧ ਲਈ ਜੂਝ ਮਰਨ ਦੀ ਆਪਣੀ ਅਤੇ ਸਮੁੱਚੇ ਪੰਜਾਬੀਆਂ ਦੀ ਉਮੰਗ ਨੂੰ ਨਿਰੂਪਤ ਕਰਦੇ ਹੋਏ ਆਪ ਲਿਖਦੇ ਹਨ :

ਹੇ ਰਵਿ ਹੇ ਸਸਿ ਹੇ ਕਰੁਣਾ ਨਿਧ
ਮੇਰੀ ਅਬੇ ਬਿਨਤੀ ਸੁਨਿ ਲੀਜੈ ॥
ਅਉਰ ਨਾ ਮਾਂਗਤ ਹੋ ਤੁਮ ਤੇ ਕਛੁ
ਚਾਹਤ ਹੋ ਚਿਤ ਮੇਂ ਸੋਈ ਕੀਜੈ ॥
ਸ਼ਸਤ੍ਰਨ ਸਿਉ ਅਤਿ ਹੀ ਰਣ ਭੀਤਰ
ਜੂਝ ਮਰੋ ਤਉ ਸਾਚ ਪਤੀਜੈ ॥
ਸੰਤ ਸਹਾਇ ਸਦਾ ਜਗ ਮਾਹਿ
ਕ੍ਰਿਪਾ ਕਰ ਸ਼ਾਮ ਇਹੇ ਵਰੁ ਦੀਜੈ ॥

ਇਸੇ ਤਰ੍ਹਾਂ 'ਸ਼ਸਤ੍ਰ ਨਾਮ ਮਾਲਾ' ਵਿਚ ਆਪ ਕਹਿੰਦੇ ਹਨ :

ਅਸਿ ਕਿਰਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਇਹੀ ਹਮਾਰੇ ਪੀਰ ॥

ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਵੱਖ ਵੱਖ ਸਭਿਆਚਾਰਕ ਗਰੁੱਪਾਂ ਨਾਲ ਜੁੜੇ ਪੰਜਾਬੀਆਂ ਦੇ ਜ਼ਾਹਿਰਾ ਅਤੇ ਬਾਹਰਗਤ ਵੱਖਰੇਵੇਂ ਉਹਨਾਂ ਨੂੰ ਇਕ ਸਭਿਆਚਾਰਕ ਲੜੀ ਵਿਚ ਨਹੀਂ ਜੁੜਨ ਦੇ ਰਹੇ । ਗੁਰੂ ਜੀ ਨੇ ਇਹ ਕਦੇ ਵੀ ਕੋਸ਼ਿਸ਼ ਨਾ ਕੀਤੀ ਕਿ ਇਹਨਾਂ ਦੇ ਸਭਿਆਚਾਰਕ ਵੱਖਰੇਵਿਆਂ ਨੂੰ ਮਿਟਾ ਦਿੱਤਾ ਜਾਵੇ । ਕਿਉਂਕਿ ਇਹੀ ਕੰਮ ਤਾਂ ਬੜੇ ਮੋਟੇ ਤੇ ਭੱਦੇ ਜਿਹੇ ਰੂਪ ਵਿਚ ਔਰੰਗਜ਼ੇਬ ਕਰ ਰਿਹਾ ਸੀ । ਸਗੋਂ ਆਪ ਨੇ ਪੰਜਾਬੀਆਂ ਨੂੰ ਸਭਿਆਚਾਰ ਨਾਲ ਜੁੜੀਆਂ ਕੁਝ ਅੰਦਰੂਨੀ ਤਾਕਤਾਂ ਤੋਂ ਸੁਪਰਿਚਿਤ ਕਰਵਾਇਆ ਜਿਨ੍ਹਾਂ ਸਦਕਾ ਇਹ ਵਖਰੇਵੇਂ ਹੋਂਦ ਵਿਚ ਆਉਂਦੇ ਹਨ । ਆਪ ਨੇ ਇਕ ਕੁਸ਼ਲ ਸਮਾਜ-ਸ਼ਾਸਤਰੀ ਦੇ ਰੂਪ ਵਿਚ ਪੰਜਾਬੀਆਂ ਨੂੰ ਦਰਸਾਇਆ ਕਿ ਅਸਲ ਵਿਚ ਮਨੁੱਖ ਇਕ ਹੀ ਹੈ ਅਤੇ ਬਾਹਰਗਤ ਵਖਰੇਵੇਂ ਭੂਗੋਲਿਕ (Ecological) ਜ਼ਰੂਰਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਣ ਹੋਂਦ ਵਿਚ ਆਏ ਹਨ। ਉਸ ਸਮੇਂ ਦੇ ਸਮਾਜ ਲਈ ਗੁਰੂ ਜੀ ਦਾ ਇਹ ਸਿਧਾਂਤ ਅਤਿਅੰਤ ਇਨਕਲਾਬੀ ਸੀ। ਆਪਣੇ ਇਸ ਸਿਧਾਂਤ ਨੂੰ ਆਮ ਫਹਿਮ ਬਣਾਉਣ ਲਈ ਗੁਰੂ ਜੀ ਨੇ ਇਸ ਨੂੰ ਕਾਵਿ ਬੱਧ ਕਰ ਦਿੱਤਾ। ਆਪ ਅਨੁਸਾਰ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

ਪੰਜਾਬੀ ਸਭਿਆਚਾਰ ਨੂੰ ਗੁਰੂ ਜੀ ਦੀ ਇਕ ਹੋਰ ਦੇਣ ਪੰਜਾਬੀਆਂ ਦੇ ਦਿਲਾਂ ਵਿਚ ਪਹਿਲਾਂ ਤੋਂ ਹੀ ਵਸਦੀਆਂ ਗਣ-ਤੰਤਰੀ ਕੀਮਤਾਂ ਨੂੰ ਸੁਦ੍ਰਿੜ ਕਰਨ ਵਿਚ ਹੈ। ਸੰਨ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਪੰਜਾਬੀਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ 'ਸਿੰਘ' ਸਜਾ ਦਿੱਤਾ। ਅੰਮ੍ਰਿਤ ਪਾਨ ਕਰਵਾਉਣ ਵਾਲੇ ਦਿਨ ਸਭ ਤੋਂ ਪਹਿਲਾਂ ਪੰਜ ਸਿਰਲੱਥ ਯੋਧਿਆਂ ਦੀ ਚੋਣ ਕੀਤੀ। ਇਨ੍ਹਾਂ ਯੋਧਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਫਿਰ ਇਹਨਾਂ ਤੋਂ ਆਪ ਅੰਮ੍ਰਿਤ ਪਾਨ ਕੀਤਾ! ਇਸ ਦਿਨ ਉਪਰੰਤ ਸਿੰਘ ਨਾ ਕੇਵਲ ਰਾਜਨੀਤਿਕ ਖੇਤਰ ਵਿਚ ਸਗੋਂ ਅਧਿਆਤਮਕ ਖੇਤਰ ਵਿਚ ਵੀ ਪੂਰੀ ਤਰ੍ਹਾਂ ਗਣਤੰਤਰੀ ਮੁੱਲਾਂ ਦੀ ਪਾਲਨਾ ਕਰਨ ਲੱਗੇ। ਕਿਸੇ ਵੀ ਹੋਰ ਧਰਮ ਦੇ ਸੰਚਾਲਕ ਨੇ ਆਪਣੇ ਹੀ ਸ਼ਿਸ਼ਾਂ ਪਾਸੋਂ ਧਰਮ ਵਿਚ ਪਰਿਪੱਕ ਹੋਣ ਦੀ ਰਹਿਤ ਮਰਿਯਾਦਾ ਨਹੀਂ ਮੰਗੀ ਹੋਣੀ। ਇਸ ਦਿਨ ਤੋਂ ਬਾਅਦ ਗੁਰੂ ਜੀ ਨੇ ਸਦਾ ਪੰਚਾਇਤ ਦੇ ਫੈਸਲੇ ਨੂੰ ਹੀ ਸ਼ਿਰੋਮਣੀ ਮੰਨਿਆ। ਜਦੋਂ ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚ ਘਿਰ ਗਏ ਸਨ ਤਾਂ ਇਕ ਵਾਰ ਵਕਤ ਅਜਿਹਾ ਆਇਆ ਸੀ ਜਦੋਂ ਉਹਨਾਂ ਨੇ ਮੁਗਲ ਫੌਜਾਂ ਵਿਰੁੱਧ ਜੂਝਣ ਦਾ ਸੰਕਲਪ ਕਰ ਲਿਆ ਸੀ ਪਰ ਸਿੰਘਾਂ ਦੀ ਪੰਚਾਇਤ ਨੇ ਨਾ ਕੇਵਲ ਉਨ੍ਹਾਂ ਨੂੰ ਅਜਿਹਾ ਕਦਮ ਚੁੱਕਣੋਂ ਵਰਜਿਆ ਹੀ, ਸਗੋਂ ਚਮਕੌਰ ਦੀ ਗੜ੍ਹੀ ਛੱਡ ਕੇ ਨਿਕਲ ਜਾਣ ਦਾ ਹੁਕਮ ਵੀ ਸੁਣਾਇਆ ਸੀ ਅਤੇ ਗੁਰੂ ਜੀ ਨੇ ਉਨ੍ਹਾਂ ਦੇ ਇਸ ਹੁਕਮ ਅੱਗੇ ਸਿਰ ਝੁਕਾਇਆ ਸੀ। ਇਸੇ ਤਰ੍ਹਾਂ ਗੁਰੂ ਜੀ ਨੇ ਇਕ ਵਾਰ ਇਕ ਸੂਫੀ ਫਕੀਰ ਪੀਰ ਦਾਦੂ ਦੀ ਸਮਾਧੀ ਸਾਹਵੇਂ ਆਪਣੇ ਤੀਰ ਦੀ ਨੋਕ ਨਾਲ ਸਜਦਾ ਕੀਤਾ ਸੀ। ਅਸਲ ਵਿਚ ਗੁਰੂ ਜੀ ਆਪਣੇ ਸਿੰਘਾਂ ਦੀ ਪਰੀਖਿਆ ਲੈ ਰਹੇ ਸਨ। ਪਰ ਸਿੰਘਾਂ ਦੀ ਪੰਚਾਇਤ ਨੇ ਗੁਰੂ ਸਾਹਿਬ ਦੇ ਇਸ ਕਰਮ ਨੂੰ ਗੁਰਮਤਿ ਵਿਰੋਧੀ ਘੋਸ਼ਿਤ ਕਰ ਕੇ ਉਹਨਾਂ ਨੂੰ ਤਨਖਾਹ ਵੀ ਲਾਈ। ਇਸ ਤਰ੍ਹਾਂ ਗੁਰੂ ਜੀ ਨੇ ਪੰਜਾਬੀਆਂ ਦੇ ਗਣਤੰਤਰੀ ਜੀਵਨ-ਮੁੱਲਾਂ ਨੂੰ ਵਧੇਰੇ ਪਰਿਪੱਕਤਾ ਅਤੇ ਸੰਪੂਰਨਤਾ ਪ੍ਰਦਾਨ ਕੀਤੀ। ਖਾਲਸਾ ਪੰਥ ਪ੍ਰਤੀ ਆਪਣੇ ਸਨੇਹ ਨੂੰ ਪ੍ਰਗਟ ਕਰਦੇ ਹੋਏ ਗੁਰੂ ਜੀ ਲਿਖਦੇ ਹਨ :

ਯੁਧ ਜਿਤੇ ਇਨ ਹੀ ਕੇ ਪ੍ਰਸਾਦਿ
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਘ ਓਘ ਟਰੇ ਇਨ ਹੀ ਕੇ ਪ੍ਰਸਾਦਿ
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਵਿਦਿਆ ਲਈ
ਇਨਹੀ ਕੀ ਕ੍ਰਿਪਾ ਸਭ ਸੱਤ੍ਰੂ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀਂ ਮੋ ਸੋ ਗਰੀਬ ਕਰੋਰ ਪਰੇ ॥

(ਖਾਲਸਾ ਮਹਿਮਾ)

ਪੰਜਾਬੀਆਂ ਨੂੰ ਭਾਵੁਕ ਇਕਸੁਰਤਾ ਵਿਚ ਪਰੋਣ ਲਈ ਗੁਰੂ ਜੀ ਨੇ ਸਾਹਿਤ ਨੂੰ ਵੀ ਮਾਧਿਅਮ ਵਜੋਂ ਬੜੀ ਸਫਲਤਾ ਨਾਲ ਪ੍ਰਯੁਕਤ ਕੀਤਾ। ਸਿੱਖ ਇਤਿਹਾਸ ਵਿਚ ਇਹ ਗੱਲ ਪ੍ਰਸਿੱਧ ਹੈ ਕਿ ਗੁਰੂ ਜੀ ਦੇ ਦਰਬਾਰ ਵਿਚ 52 ਕਵੀ ਅਤੇ 36 ਲਿਖਾਰੀ ਲਗਾਤਾਰ ਸਾਹਿਤਕ ਕਾਰਜ ਵਿਚ ਜੁੱਟੇ ਰਹਿੰਦੇ ਸਨ। ਇਨ੍ਹਾਂ ਸਾਹਿਤਕਾਰਾਂ ਪਾਸੋਂ ਗੁਰੂ ਜੀ ਨੇ ਭਾਰਤ ਦੀਆਂ ਲਗਪਗ ਸਾਰੀਆਂ ਕਲਾਸੀਕਲ ਰਚਨਾਵਾਂ ਦੇ ਅਨੁਵਾਦ ਪੰਜਾਬੀ ਵਿਚ ਕਰਵਾਏ। ਪੰਡਿਤ ਹੰਸ ਰਾਜ ਨੇ ਮਹਾਂ ਭਾਰਤ ਦੇ ਕਰਣ-ਪਰਬ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਤਾਂ ਉਸ ਦੇ ਆਪਣੇ ਕਹਿਣ ਮੂਜਬ ਗੁਰੂ ਜੀ ਨੇ ਸੱਠ ਹਜ਼ਾਰ ਟਕੇ ਉਸ ਨੂੰ ਬਖਸ਼ੀਸ਼ ਕੀਤੇ :

ਪ੍ਰਿਥਮ ਕ੍ਰਿਪਾ ਰਾਖ ਕਰਿ ਗੁਰੂ ਗੋਬਿੰਦ ਉਦਾਰ ॥
ਟਕਾ ਕਰੇ ਬਖਸ਼ੀਸ਼ ਤਬ ਮੋਕੋ ਸਾਠ ਹਜ਼ਾਰ ॥
ਤਾ ਕੋ ਆਯਸੁ ਪਾਇਕੇ ਕਰਣ ਪਰਬ ਮੇ ਕੀਨ ॥
ਭਾਖਾ ਅਰਥ ਵਚਿਤ੍ਰ ਕਰ ਸੁਨੇ ਸੁਕਵਿ ਪਰਬੀਨ ॥

ਇਸ ਤਰ੍ਹਾਂ ਅਨੰਦਪੁਰ ਵਿਚ ਸਾਹਿਤ ਸਿਰਜਣਾ ਅਤੇ ਅਨੁਵਾਦ ਦਾ ਕੰਮ ਜੰਗੀ ਪੱਧਰ ਉਤੇ ਹੁੰਦਾ ਰਿਹਾ। ਦਰਬਾਰੀ ਕਵੀਆਂ ਅਤੇ ਲੇਖਕਾਂ ਨੇ ਜਿਤਨਾ ਸਾਹਿਤ ਰਚਿਆ, ਉਸ ਦਾ ਸੰਕਲਨ "ਵਿਦਿਆਧਾਰ" ਨਾਮੀ ਗ੍ਰੰਥ ਵਿਚ ਕੀਤਾ ਗਿਆ। ਭਾਈ ਸੰਤੋਖ ਸਿੰਘ ਅਨੁਸਾਰ ਇਸ ਗ੍ਰੰਥ ਦਾ ਵਜ਼ਨ ਨੌਂ ਮਣ ਸੀ :

ਤਿੰਨ ਕਵਿਯੁਨ ਬਾਣੀ ਰਚੀ ਲਿਖ ਕਾਗਦ ਤੁਲਵਾਇ ॥
ਨੌ ਮਣ ਹੋਏ ਤੋਲ ਮਹਿ ਸੂਖਮ ਲਿਖਤ ਲਿਖਾਇ ॥
ਵਿਦਿਆਧਾਰ ਤਿਹ ਗ੍ਰੰਥ ਕੋ ਨਾਮ ਧਰਿਓ ਕਰ ਪ੍ਰੀਤ ॥
ਨਾਨਾ ਵਿਧ ਕਵਿਤਾ ਰਚੀ ਰਖਿ ਨੌ ਰਸ ਰੀਤ ॥

ਗੁਰੂ ਗੋਬਿੰਦ ਸਿੰਘ ਨੇ ਪੰਜਾਬੀਆਂ ਨੂੰ ਸੰਤ-ਸਿਪਾਹੀ ਬਣਨ ਦੀ ਪ੍ਰੇਰਣਾ ਦਿੱਤੀ ਅਤੇ ਆਪ ਉਨ੍ਹਾਂ ਨੇ ਅਜਿਹੀ ਜ਼ਿੰਦਗੀ ਜੀਅ ਕੇ ਵਿਖਾਈ। ਉਸ ਤੋਂ ਪਹਿਲਾਂ ਸਾਡੇ ਸਭਿਆਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਸੰਤ ਅਤੇ ਸਿਪਾਹੀ ਦੋਵੇਂ ਇਕ ਵਿਅਕਤੀ ਦੀ ਸ਼ਖ਼ਸੀਅਤ ਦੇ ਦੋ ਅੰਤਿਮ ਪੱਖੀ ਧਰਾਤਲ ਸਨ ਅਤੇ ਆਮ ਆਦਮੀ ਦੋਹਾਂ ਵਿਚ ਸੰਤੁਲਨ ਸਿਰਜ ਸਕਣ ਬਾਰੇ ਸੋਚ ਵੀ ਨਹੀਂ ਸੀ ਸਕਦਾ। ਗੁਰੂ ਨਾਨਕ ਦੇਵ ਜੀ ਨੇ ਬ੍ਰਹਮਣਵਾਦ ਦਾ ਵਿਰੋਧ ਕਰ ਕੇ ਇਕ ਆਦਮੀ ਨੂੰ 'ਗ੍ਰਹਿਸਥ ਮਹਿ ਉਦਾਸ' ਰਹਿਣ ਦੀ ਜਾਚ ਸਿਖਲਾਈ ਸੀ ਪਰ ਗੁਰੂ ਗੋਬਿੰਦ ਸਿੰਘ ਨੇ ਇਕੋ ਵਿਅਕਤੀ ਨੂੰ ਸੰਤ ਅਤੇ ਸਿਪਾਹੀ ਦੇ ਰੂਪ ਵਿਚ ਪ੍ਰਤਿਸ਼ਠਿਤ ਹੋ ਸਕਣ ਦੀ ਸੰਭਾਵਨਾ ਤੋਂ ਰੂਸ਼ਨਾਸ ਕਰਵਾਇਆ! ਗੁਰੂ ਅਮਰਦਾਸ ਜੀ ਸਮੇਂ ਸ਼ੁਰੂ ਕੀਤੀ ਗਈ ਮਸੰਦ ਪਰੰਪਰਾ ਹੁਣ ਤਕ ਵਿਕਾਰ ਗ੍ਰਸਤ ਹੋ ਚੁੱਕੀ ਸੀ। ਇਕ ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਚਰਿਤਰਹੀਣ ਮਸੰਦਾਂ ਨੂੰ ਗਰਮ ਤੇਲ ਵਿਚ ਸੁੱਟਿਆ ਅਤੇ ਐਲਾਨ ਕਰ ਦਿੱਤਾ ਕਿ ਹੁਣ ਤੋਂ ਬਾਅਦ ਸਿੰਘ ਮਸੰਦਾਂ ਨਾਲ ਕੋਈ ਸਰੋਕਾਰ ਨਹੀਂ ਰੱਖਣਗੇ। ਪਰੋਹਿਤ ਸ਼੍ਰੇਣੀ ਵਲ ਇਤਨਾ ਸਖਤ ਰਵੱਈਆ ਅਪਨਾ ਕੇ ਗੁਰੂ ਜੀ ਨੇ ਇਹ ਸਿੱਧ ਕਰ ਦਿਤਾ ਕਿ ਉਹਨਾਂ ਨੇ ਸਿੰਘ ਲੌਕਿਕ (Sacred) ਅਤੇ ਅਲੌਕਿਕ (Profane) ਦੋਹਾਂ ਖੇਤਰਾਂ ਵਿਚ ਗਣਤੰਤਰੀ ਮੁੱਲਾਂ ਦਾ ਪਾਲਣ ਕਰਨਗੇ। ਆਪਣੇ ਇਸ ਕਰਮ ਦੁਆਰਾ ਉਨ੍ਹਾਂ ਨੇ ਹਰ ਪੰਜਾਬੀ ਨੂੰ ਜੀਵਨ ਵਿਚ ਇਕ ਸਮਾਨ ਅਧਿਕਾਰ ਅਤੇ ਅਖਤਿਆਰ ਪ੍ਰਦਾਨ ਕਰ ਦਿੱਤੇ।

ਗੁਰੂ ਜੀ ਨੇ ਨਾ ਕੇਵਲ ਖਾਲਸਾ ਪੰਥ ਦੀ ਸਿਰਜਣਾ ਹੀ ਕੀਤੀ ਸਗੋਂ ਇਸ ਦੇ ਰੂਪ-ਗਠਨ ਵਿਚ ਕੁਝ ਇਸ ਤਰ੍ਹਾਂ ਦਾ ਚਮਤਕਾਰ ਕੀਤਾ ਕਿ ਇਕ ਗਤੀਸ਼ੀਲ ਅਤੇ ਪ੍ਰਗਤੀ-ਵਾਦੀ ਧਰਮ ਦੇ ਰੂਪ ਵਿਚ ਇਹ ਅੱਜ ਵੀ ਜ਼ਿੰਦਾ-ਜਾਵੇਦ ਹੈ। ਉਹ ਜਾਣਦੇ ਸਨ ਕਿ ਹਿੰਦੂ ਧਰਮ ਵਿਚੋਂ ਅਨੇਕਾਂ ਧਰਮ ਉਠੇ ਤੇ ਮੁੜ ਇਸੇ ਵਿਚ ਜਜ਼ਬ ਹੋ ਗਏ। ਹਿੰਦੂ ਧਰਮ ਇਕ ਲਚਕਦਾਰ ਸਭਿਆਚਾਰ ਉਪਰ ਆਧਾਰਿਤ ਹੈ। ਇਕ ਰੱਬ ਦੀ ਪੂਜਾ ਕਰਨ ਵਾਲੇ ਬਹੁਦੇਵਵਾਦ ਵਿਚ ਵਿਸ਼ਵਾਸ ਕਰਨ ਵਾਲੇ, ਮਾਸਾਹਾਰੀ/ਸਾਕਾਹਾਰੀ, ਅਹਿੰਸਾਵਾਦੀ/ਹਿੰਸਾਵਾਦੀ, ਆਸਤਿਕ/ਨਾਸਤਿਕ ਹਰ ਤਰ੍ਹਾਂ ਦੇ ਲੋਕ ਇਸ ਧਰਮ ਵਿਚ ਵੇਖੇ ਜਾ ਸਕਦੇ ਹਨ। ਖਾਲਸਾ ਪੰਥ ਦੇ ਅਗ੍ਰਗਾਮੀ ਚਰਿੱਤਰ ਨੂੰ ਬਚਾਈ ਰੱਖਣ ਲਈ ਗੁਰੂ ਗਰੰਥ ਸਾਹਿਬ ਨੇ ਇਕ ਆਚਾਰ-ਸੰਹਿਤਾ ਦਾ ਨਿਰਮਾਣ ਵੀ ਕੀਤਾ ਜਿਸ ਅਨੁਸਾਰ ਆਪਣੇ ਰੋਮਾਂ ਦੀ ਬੇਅਦਬੀ ਕਰਨ ਵਾਲਾ, ਮੁਸਲਮਾਨੀ ਰੀਤੀ ਅਨੁਸਾਰ ਤਿਆਰ ਕੀਤਾ (ਕੁੱਠਾ) ਮਾਸ ਖਾਣ ਵਾਲਾ, ਪਰ-ਇਸਤਰੀ/ਪਰ-ਪੁਰਖ ਨੂੰ ਭੋਗਣ ਵਾਲਾ ਅਤੇ ਤਮਾਕੂ ਦਾ ਸੇਵਨ ਕਰਨ ਵਾਲਾ ਸਿੰਘ ਪਤਿਤ ਹੋ ਜਾਂਦਾ ਸੀ ਤੇ ਉਸ ਨੂੰ ਨਵੇਂ ਸਿਰੇ ਤੋਂ ਅੰਮ੍ਰਿਤਪਾਨ ਕਰ ਕੇ ਇਸ ਆਚਾਰ-ਸੰਹਿਤਾ ਦੀ ਪਾਲਨਾ ਕਰਨ ਦੀ ਪ੍ਰਤਿਗਿਆ ਲੈਣੀ ਪੈਂਦੀ ਸੀ। ਇਸ ਆਚਾਰ-ਸੰਹਿਤਾ ਵਿਚ ਪਰਿਪੱਕ ਰਹਿਣ ਕਾਰਣ ਜਿਥੇ ਸਿੰਘਾਂ ਦੀ ਇਕ ਵੱਖਰੀ ਸ਼ਨਾਖ਼ਤ ਬਣ ਗਈ, ਉਥੇ ਪਰ-ਇਸਤ੍ਰੀ ਜਾਂ ਪਰਪੁਰਖ ਦੇ ਭੋਗ ਨੂੰ ਵਿਵਰਜਿਤ ਕਰਾਰ ਦੇ ਕੇ ਗੁਰੂ ਸਾਹਿਬ ਨੇ ਸਿੰਘਾਂ ਨੂੰ ਹਿੰਦੂ ਜਾਂ ਕਿਸੇ ਹੋਰ ਧਰਮ ਵਿਚ ਜਜ਼ਬ ਹੋਣਾ ਤੋਂ ਵੀ ਬਚਾ ਲਿਆ।

ਖਾਲਸਾ ਪੰਥ ਦੀ ਸਿਰਜਣਾ ਉਪਰੰਤ ਗੁਰੂ ਸਾਹਿਬ ਨੇ ਇਸ ਨੂੰ ਇਕ ਜੀਵਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਦੇ ਰੂਪ ਵਿਚ ਇਕ ਵਿਲੱਖਣ ਪਹਿਚਾਣ ਪ੍ਰਦਾਨ ਕਰਨ ਲਈ ਸਭਿਆਚਾਰ ਦੇ ਹਰ ਨਿੱਕੇ-ਨੰਨ੍ਹੇ ਵੇਰਵੇ ਵੱਲ ਧਿਆਨ ਦਿਤਾ। ਉਹਨਾਂ ਨੇ ਆਪਣੇ ਸਿੰਘਾਂ ਲਈ ਬਿਲਕੁਲ ਉਹੋ ਜਿਹੇ ਪਹਿਰਾਵੇ ਦੀ ਸਿਫਾਰਸ਼ ਕੀਤੀ ਜੋ ਪਹਿਰਾਵਾ ਮੁਗਲ ਫੌਜੀ ਅਤੇ ਉਚ ਅਧਿ-ਕਾਰੀ ਪਹਿਨਿਆ ਕਰਦੇ ਸਨ। ਇਸ ਤਰ੍ਹਾਂ ਸਿੰਘਾਂ ਵਿਚ ਕਿਸੇ ਤਰ੍ਹਾਂ ਦਾ ਕੋਈ ਇਹਸਾਸਿ-ਕਮਤਰੀ ਨਾ ਰਿਹਾ। ਉਨ੍ਹਾਂ ਨੇ ਹਿੰਦੂ ਧਰਮ ਨਾਲ ਜੁੜੇ ਤਿਉਹਾਰਾਂ ਦਾ ਵੀ ਕਾਇਆ ਕਲਪ ਕਰ ਦਿੱਤਾ ਅਤੇ ਇਸ ਤਰ੍ਹਾਂ ਸਿੰਘਾਂ ਦੇ ਕੁਝ ਆਪਣੇ ਅਨੁਸ਼ਠਾਨ ਅਤੇ ਪਰਵ ਵੀ ਹੋਂਦ ਵਿਚ ਆ ਗਏ। 'ਹੋਲੀ' ਨੂੰ ਹੋਲਾ ਮਹੱਲਾ ਦੇ ਰੂਪ ਵਿਚ ਪਰਿਵਰਤਿਤ ਕਰ ਕੇ ਗੁਰੂ ਜੀ ਨੇ ਸਿੰਘਾਂ ਵਾਸਤੇ ਕੁਝ ਨਵੇਂ ਪਰਵ ਅਤੇ ਤਿਉਹਾਰ ਸਿਰਜ ਦਿੱਤੇ। ਆਪ ਨੇ ਸਿੱਖਾਂ ਵਾਸਤੇ ਮਨੋਰੰਜਨ ਦੇ ਕੁਝ ਨਵੇਂ ਸਾਧਨਾਂ ਦੀ ਵੀ ਪਰਿਕਲਪਨਾ ਕੀਤੀ। ਸਿੰਘਾਂ ਵਾਸਤੇ ਘੋੜ ਸਵਾਰੀ, ਸ਼ਸਤਰ ਵਿਦਿਆ ਅਤੇ ਸ਼ਿਕਾਰ ਆਮ ਗੱਲਾਂ ਹੋ ਗਈਆਂ। ਇਹਨਾਂ ਸਾਰੀਆਂ ਗੱਲਾਂ ਤੇ ਮਿਲ ਕੇ ਸਿੱਖ ਸਭਿਆਚਾਰ ਨੂੰ ਪੰਜਾਬ ਦੇ ਇਕ ਪ੍ਰਮੁੱਖ ਤੇ ਪ੍ਰਗਤੀਸ਼ੀਲ ਸਮਾਜ ਦੇ ਰੂਪ ਵਿਚ ਪ੍ਰਤਿਸਤਿਤ ਕਰ ਦਿੱਤਾ।

ਪੰਜਾਬੀ ਸਭਿਆਚਾਰ ਦੇ ਰੂਪਾਂਤਰਣ ਵਿਚ ਗੁਰੂ ਗੋਬਿੰਦ ਸਿੰਘ ਦੀ ਦੇਣ ਸਰਵ ਪੱਖੀ ਅਤੇ ਸੰਪੂਰਣ ਹੈ ਉਹਨਾਂ ਨੇ ਨਾ ਕੇਵਲ ਅਨੇਕਤਾ ਵਿਚ ਵਿਭਾਜਤ ਹੋ ਚੁੱਕੀ ਪੰਜਾਬੀ ਸਭਿਆਚਾਰ ਨੂੰ ਸੰਯੁਕਤ ਅਤੇ ਸੁਗਠਿਤ ਬਣਾਇਆ ਸਗੋਂ ਸਿੱਖ ਸਭਿਆਚਾਰ ਦੇ ਸਰੂਪ ਵਿਚ ਪੰਜਾਬੀ ਸਭਿਆਚਾਰ ਦਾ ਨਿਰੀਖਣ ਕਰ ਕੇ ਇਸ ਨੂੰ ਦੁਨੀਆ ਦੇ ਇਕ ਬੇਹੱਦ ਗਤੀਸ਼ੀਲ (Dynamic) ਅਤੇ ਰੈਡੀਕਲ (Radical) ਸਭਿਆਚਾਰ ਦਾ ਮਿਜ਼ਾਜ ਅਤੇ ਮੁਹਾਵਰਾ ਵੀ ਪ੍ਰਦਾਨ ਕੀਤਾ। ਇਹ ਗੁਰੂ ਸਾਹਿਬ ਦੀ ਹੀ ਦੇਣ ਸੀ ਕਿ ਉਹਨਾਂ ਦੇ ਜੋਤੀ ਜੋਤ ਸਮਾ ਜਾਣ ਦੇ ਦੋ ਚਾਰ ਵਰ੍ਹਿਆਂ ਦੇ ਅੰਦਰ ਹੀ ਬੰਦਾ ਬਹਾਦਰ ਨੇ ਪੰਜਾਬ ਵਿਚ ਰਾਜਨੈਤਿਕ ਸ਼ਕਤੀ ਦੇ ਗੜ੍ਹ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿਤੀ। ਭਾਵੇਂ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਦੁਰਾਨੀਆਂ ਅਤੇ ਅਬਦਾਲੀਆਂ ਦੀ ਸਹਾਇਤਾ ਨਾਲ ਮੁਗਲਾਂ ਨੇ ਸਿੱਖਾਂ ਉਪਰ ਆਪਣੇ ਦਮਨ ਚੱਕਰ ਨੂੰ ਸਿਖਰ ਉਤੇ ਪਹੁੰਚਾ ਦਿਤਾ ਪਰ ਗੁਰੂ ਗੋਬਿੰਦ ਸਿੰਘ ਦੁਆਰਾ ਵਰੋਸਾਏ ਹੋਏ ਸਿੱਖਾਂ ਨੇ ਛੇਤੀ ਹੀ ਬਾਰਾਂ ਮਿਸਲਾਂ ਦੇ ਰੂਪ ਵਿਚ ਆਪਣੇ ਆਪਣੇ ਗਣਰਾਜ ਸਿਰਜ ਲਏ। ਇਨ੍ਹਾਂ ਗਣਰਾਜਾਂ ਦੇ ਇਕੱਤਰੀਕਰਣ ਦੁਆਰਾ ਮਹਾਰਾਜਾ ਰਣਜੀਤ ਸਿੰਘ ਨੇ ਇਕ ਖਾਲਸਾ ਰਾਜ ਵੀ ਸਥਾਪਤ ਕੀਤਾ ਜਿਸ ਨੂੰ ਸ਼ਾਹ ਮੁਹੰਮਦ ਵਰਗੇ ਸੰਵੇਦਨਸ਼ੀਲ ਕਵੀਆ ਨੇ ਸਮੂਹ 'ਪੰਜਾਬੀਆਂ ਦੇ ਰਾਜ' ਦਾ ਨਾਮ ਦਿੱਤਾ।

ਪੰਜਾਬੀ ਸਭਿਆਚਾਰ ਅਸਲ ਵਿਚ ਸਿੱਖ ਗੁਰੂਆਂ ਦਾ ਸਭਿਆਚਾਰ ਹੀ ਹੈ, ਜਿਵੇਂ ਕਿ ਪੂਰਨ ਸਿੰਘ ਲਿਖਦਾ ਹੈ : ਪੰਜਾਬ ਨਾਂ ਹਿੰਦੂ ਨਾ ਮੁਸਲਮਾਨ ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ। ਇਸ ਸਭਿਆਚਾਰ ਨੂੰ ਜ਼ਮਾਨੇ ਦੀਆਂ ਬੜੀਆਂ-ਕਰੜੀਆਂ ਅਜਮਾਇਸ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚੋਂ ਗੁਜ਼ਰਨਾ ਪਿਆ ਹੈ। ਇਸ ਦੀ ਪਰੀਖਿਆ ਦੀ ਘੜੀ ਅਜੇ ਵੀ ਸਮਾਪਤ ਨਹੀਂ ਹੋਈ ਪਰ ਇਹ ਸਭਿਆਚਾਰ ਜਿਸ ਪ੍ਰਕਾਰ ਦੇ ਸਵਸਥ ਅਤੇ ਅਗ੍ਰਗਾਮੀ ਮੁੱਲਾਂ ਨਾਲ ਜੁੜਿਆ ਹੋਇਆ ਹੈ, ਉਸ ਕਾਰਣ ਹਰ ਵਾਰ ਦੀ ਤਰ੍ਹਾਂ ਇਹ ਸਭਿਆਚਾਰ ਹੁਣ ਵੀ ਉਜਲ ਮੁੱਖ ਜ਼ਮਾਨੇ ਦੇ ਸਾਹਮਣੇ ਆਵੇਗਾ। ਇਸ ਨੂੰ ਪਰਾਜਿਤ ਨਹੀਂ ਕੀਤਾ ਜਾ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਕ ਪੁਸਤਕਾਵਲੀ

ਪੰਜਾਬੀ

'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ', ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਅਸ਼ੋਕ, ਸ਼ਮਸ਼ੇਰ ਸਿੰਘ (ਸੰਪ.), 'ਮੁਕਬਲ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1961.

ਸੇਤਲ, ਜੀਤ ਸਿੰਘ (ਸੰਪ.), 'ਹੀਰ ਵਾਰਿਸ', ਨਵਯੁਗ ਪਬਲਿਸ਼ਰਜ਼, ਦਿੱਲੀ, 1963.

ਸ਼ਾਨ, ਹਰਨਾਮ ਸਿੰਘ (ਸੰਪ.), 'ਸੱਸੀ ਹਾਸ਼ਮ'. ਧਨਪਤ ਰਾਇ ਐਂਡ ਸਨਜ਼, ਜਲੰਧਰ ਤੇ ਦਿੱਲੀ, 1956.

ਕਾਨ੍ਹ ਸਿੰਘ (ਭਾਈ), 'ਗੁਰ ਸ਼ਬਦ ਰਤਨਾਕਾਰ ਮਹਾਨ ਕੋਸ਼', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960.

ਕੁਰੈਸ਼ੀ, ਅਬਦੁਲ ਗਫ਼ੂਰ, 'ਪੰਜਾਬੀ ਜ਼ਬਾਨ ਦਾ ਅਦਬ ਤੇ ਤਾਰੀਖ਼', ਲਾਹੌਰ, 1956.

ਕੋਹਲੀ, ਸੀਤਾ ਰਾਮ ਅਤੇ ਸੇਵਾ ਸਿੰਘ (ਗਿਆਨੀ), 'ਵਾਰ ਸ਼ਾਹ ਮੁਹੰਮਦ', ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, 1960.

ਗੁਰਚਰਨ ਸਿੰਘ (ਸੰਪ.), 'ਕਾਦਰ ਯਾਰ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1969.

ਜੱਗੀ, ਰਤਨ ਸਿੰਘ, 'ਦਸਮ ਗ੍ਰੰਥ ਦਾ ਕਰਤ੍ਰਿਤਵ', ਪੰਜਾਬੀ ਸਾਹਿੱਤ ਸਭਾ, ਦਿੱਲੀ, 1966.

ਤੇਜਾ ਸਿੰਘ, 'ਸਾਹਿੱਤ ਦਰਸ਼ਨ', ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ।

ਥਿੰਦ, ਕਰਨੈਲ ਸਿੰਘ, 'ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ', ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ, 1973.

'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ', ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1967.

ਪਦਮ, ਪਿਆਰਾ ਸਿੰਘ, 'ਪੰਜਾਬੀ ਵਾਰਾਂ', ਲਾਹੌਰ ਬੁਕ ਸ਼ਾਪ, ਲੁਧਿਆਣਾ, 1951.

ਬਨਾਰਸੀ ਦਾਸ, 'ਹੀਰ ਮੁਕਬਲ', ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ, 1931.

ਬੁੱਧ ਸਿੰਘ ਬਾਵਾ, 'ਬੰਬੀਹਾ ਬੋਲ', ਲਾਹੌਰ ਬੁਕ ਸ਼ਾਪ, ਲਾਹੌਰ, ਮਿਤੀਹੀਣ।

ਰਸ, ਨਿਹਾਲ ਸਿੰਘ, 'ਹੀਰ ਦਮੋਦਰ', ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਸਨਜ਼, ਅੰਮ੍ਰਿਤਸਰ, ਮਿਤੀਹੀਣ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੰਧਾਵਾ, ਮਹਿੰਦਰ ਸਿੰਘ, 'ਪੰਜਾਬ ਦੇ ਲੋਕ ਗੀਤ', ਨਵਯੁਗ ਪਬਲਿਸ਼ਰਜ਼ ਦਿੱਲੀ, 1964.

——, 'ਪੰਜਾਬ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960.

ਅੰਗ੍ਰੇਜ਼ੀ

Benedict, Ruth, *Patterns of Culture*, Boston, 1959.

Boas, Frang, *Race, Language and Culture*, New York, 1940.

Borev Yuri, *Aesthetics : A Text-Book*, Progress Publishers, Moscow, 1985.

Blatty, William Peter, *The Exorcist*, New Ycrk, 1971.

Carroll, John B., *Language and thought*, Prentice Hall, 1964,

Downs, James F., *Cultures in Crisis*, Beverly Hills : Glencoe Press, 1971.

Dundes Alan (Ed.), *Everyman His Way*, Prentice Hall, 1969.

Durkheim, Emile, *The Elementary Forms of Religions Life*, London, 1915.

——, *Incest : The Nature and Origin of Taboo*, New York, 1969.

Evan-Pritchard, E E., *Witchcraft, Oracles and Magic among the Azande*, Oxford, 1937.

Foster George M., *Traditional Societies and Technological Change*, New York, 1973.

Fox Rebin, *Kinship and Marriage*, Pelican Books, 1967.

Freud, Sigmund, *Totem and Taboo*, New York, 1918.

Frazer, Sir James G., *The Golden Bonugh*, New York, 1922.

Ganda Singh Dr., *The Punjab in 1839-40*, Patiala.

Grewal J, S. & Indu Banga, *Early Nineteenth Century* Punjab, GNDU, Amritsar, 1975.

Gill, Harjit Singh, *The Semiotics of Creative Process in Language and Literature*, P.U. Patiala, 1968.

Hymes Dell (Ed.), *Reinventing Anthropology*, New York, 1972.

——, *Language in Culture and Society*, Harper & Row, New York, 1964.

Hall, Edward T., *The Silent Language*, Greenwich, Conn, 1959.

Herskovits, Melville J., *Acculturation : The Study of Culture Contact*, New York, 1938.

Ibbetson, *Punjab Castes*, Language Deptt, Punjab, Patiala, 1960.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Kroeber, Alfred L. & Clyde Kluckohn, *Culture : A Critical Review*, Harvard University, Vol. 47, 1952.

LeClair, Edward E Jr., & others (Ed.), *Economic Anthropology*, New York, 1968.

LeVine, Robert A & Donald T. Campbell, *Ethnocentricism*, New York, 1972.

Levi-Strauss, Claude, *The Savage Mind*, Chicago, 1966.

——, *Structural Anthropology*, Penguin Books, 1963.

Malinowski Bronislaw, *Magic, Science and Religion*, Glencoe, 1948.

Mead, Margaret, *The Changing Culture of an Indian Tribe*, New York, 1932.

Mohan Singh Dr., *An Introduction to Punjabi Literature*, Amritsar, 1951.

Radcliffe-Brown, A.R , *Structure and Function in Primitive Society*, Glencoe, 1954.

Swartz, Marc J & Others (Ed.) *Political Anthropology*, Chicago 1966.

Toffler, Alvin, *Future Shock*, New York, Bantam Books, 1970.

Tylor, Sir Edward B., *Primitive Culture*, London, 1871.

White, Leslie A., *The Concept of Culture*, Minneapolis, 1973.

Weber Max, *The Protestant Ethic and Spirit of Capitalism*, New York, 1958.

Zis Avner, *Foundations of Marxist Aesthetics*, Progress Publishers, Moscow, 1977.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰਿਸ ਸ਼ਾਹ ਫਾਉਂਡੇਸ਼ਨ ਦੀਆਂ ਚੋਣਵੀਆਂ ਪੁਸਤਕਾਂ

ਸੁਖਨ ਦਾ ਵਾਰਿਸ [ਸੱਯਦ ਵਾਰਿਸਸ਼ਾਹ]	ਡਾ. ਕੁਲਬੀਰ ਸਿੰਘ ਕਾਂਗ	100-00
ਸਾਹਿਤ ਦੀ ਸੰਬਾਦਕਤਾ	ਡਾ. ਗੁਰਬਖ਼ਸ਼ ਸਿੰਘ ਫ਼ਰੈਂਕ	60-00
ਆਦਿ ਗ੍ਰੰਥ ਦੀਆਂ ਵਾਰਾਂ ਦਾ ਸੰਚਾਰ ਸਿਧਾਂਤ	ਡਾ. ਪ੍ਰੀਤਮ ਕੌਰ	65-00
ਪੰਜਾਬੀ ਸੂਫ਼ੀ ਕਾਵਿ	ਡਾ. ਬਿਕਰਮ ਸਿੰਘ ਘੁੰਮਣ	50-00
ਕਿੱਸਾ ਪਰੰਪਰਾ	ਡਾ. ਬਲਬੀਰ ਸਿੰਘ ਪੂਨੀ	70-00
ਪੰਜਾਬੀ ਸਭਿਆਚਾਰ ਤੇ ਹੀਰ ਕਾਵਿ ਪਰੰਪਰਾ	ਪ੍ਰੋ. ਤ੍ਰਲੋਚਨ ਸਿੰਘ ਰੰਧਾਵਾ	50-00
ਫਰੀਦ ਬਾਣੀ ਦਾ ਬਿੰਬ ਵਿਧਾਨ	ਪ੍ਰੋ. ਕਸ਼ਮੀਰ ਸਿੰਘ ਕਾਦਰ	15-00
ਗੁਰਮਤਿ ਕਾਵਿ ਬਿਬੇਕ	ਡਾ. ਬਿਕਰਮ ਸਿੰਘ ਘੁੰਮਣ	75-00
ਵਾਰਕਾਰ ਗੁਰੂ ਅਰਜਨ ਦੇਵ	ਅੰਮ੍ਰਿਤ ਲਾਲ ਪਾਲ	60-00
ਪੰਜਾਬੀ ਕਿੱਸਾ	ਡਾ. ਬਿਕਰਮ ਸਿੰਘ ਘੁੰਮਣ	60-00
ਆਸਾ ਦੀ ਵਾਰ : ਚਿੰਤਨ ਤੇ ਕਲਾ	ਡਾ. ਬਿਕਰਮ ਸਿੰਘ ਘੁੰਮਣ	40-00
ਪਾਸ਼ ਦਾ ਕਾਵਿ ਸੰਸਾਰ	ਗੁਰਵਿੰਦਰ ਕੌਰ	60-00
ਸਭਿਆਚਾਰਕ ਮਾਨਵ ਵਿਗਿਆਨ	ਪ੍ਰੋ. ਬ੍ਰਹਮਜਗਦੀਸ਼ ਸਿੰਘ	50-00

ਸਭਿਆਚਾਰ/ਲੋਕਧਾਰਾ ਬਾਰੇ 'ਪਰਕਸ' ਦੀਆਂ ਪੁਸਤਕਾਂ

ਲੋਕ ਗੀਤਾਂ ਵਿਚ ਪੰਜਾਬੀ ਰਿਸ਼ਤੇ	ਡਾ. ਇਕਬਾਲ ਸਿੰਘ ਭੋਮਾ	65-00
ਬੁਝਾਰਤਾਂ ਅਤੇ ਅਖਾਣ	ਡਾ. ਬਿਕਰਮ ਸਿੰਘ ਘੁੰਮਣ	40-00
ਪੰਜਾਬੀ ਲੋਕ ਕਾਵਿ	ਡਾ. ਬਿਕਰਮ ਸਿੰਘ ਘੁੰਮਣ	100-00
ਪੰਜਾਬੀ ਲੋਕ ਗੀਤ ਪਰੰਪਰਾ	ਡਾ. ਬਿਕਰਮ ਸਿੰਘ ਘੁੰਮਣ	70-00
ਸਭਿਆਚਾਰ ਅਤੇ ਪੰਜਾਬੀ ਸਭਿਆਚਾਰ	ਡਾ. ਗੁਰਬਖ਼ਸ਼ ਸਿੰਘ ਫ਼ਰੈਂਕ	50-00
ਪੰਜਾਬੀ ਲੋਕਯਾਨ ਅਤੇ ਸਭਿਆਚਾਰ	ਡਾ. ਬਲਬੀਰ ਸਿੰਘ ਪੂਨੀ	75-00
ਪੰਜਾਬੀ ਲੋਕਧਾਰਾ ਦੇ ਕੁਝ ਪੱਖ	ਡਾ. ਗੁਰਮੀਤ ਸਿੰਘ	45-00
ਪੰਜਾਬੀ ਸਭਿਆਚਾਰ ਬਾਰੇ	ਡਾ. ਜੀਤ ਸਿੰਘ ਜੋਸ਼ੀ	90-00
ਪੰਜਾਬੀ ਲੋਕਯਾਨ	ਡਾ. ਇਕਬਾਲ ਕੌਰ	40-00

8129

ਵਾਰਿਸ ਸ਼ਾਹ ਫਾਉਂਡੇਸ਼ਨ

42, ਗੁਰੂ ਤੇਗ ਬਹਾਦਰ ਨਗਰ, ਡਾਕਖਾਨਾ ਖਾਲਸਾ ਕਾਲਜ,

ਅੰਮ੍ਰਿਤਸਰ 143002 ਫੋਨ 8239

ਗੁਰੂਕੁਲ ਕਾਂਗੜੀ ਵਿਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accos on ५।९।७३
Class on
Cat on
Tag etc.
Checked
Any

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar